7-DEC-PAGE-1.qxd-------ADVT.qxd 12/6/2023 9:29 PM Page 1


ਵੀਰਵਾਰ, 7 ਦਸੰਬਰ, 2023

22 ਮੱਘਰ { ਨਾਨਕਸ਼ਾਹੀ 555 / ਬਿਕਰਮੀ 2080

ਜਿਲਦ/VOL. : 72

ਅੰਕ/NO. : 187

# ਨਵਾਂ ਜ਼ਮਾਨਾ

DAILY NAWAN ZAMANA • THURSDAY, 7 DECEMBER, 2023

ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12


# ਅਹਿਮ ਮਾਮਲਿਆਂ 'ਚ ਅਚਾਨਕ ਬੈਂਚ ਬਦਲਣ ਖਿਲਾਫ਼ ਚੀਫ ਜਸਟਿਸ ਕੋਲ ਪ੍ਰੋਟੈਸਟ

**ਨਵੀਂ ਦਿੱਲੀ** : ਸੀਨੀਅਰ ਵਕੀਲ ਤੇ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਦੁਸ਼ਯੰਤ ਦਵੇ ਨੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਨੂੰ ਖੁੱਲ੍ਹਾ ਪੱਤਰ ਲਿਖ ਕੇ ਸੁਪਰੀਮ ਕੋਰਟ ਦੀ ਰਜਿਸਟਰੀ ਵੱਲੋਂ ਮਾਮਲਿਆਂ ਨੂੰ ਸੂਚੀਬੱਧ ਕਰਨ ਬਾਰੇ ਕੁਝ ਘਟਨਾਵਾਂ 'ਤੇ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾ ਕਿਹਾ ਹੈ ਕਿ ਰਜਿਸਟਰੀ ਵੱਲੋਂ ਮੁੜ ਤੋਂ ਸੂਚੀਬੱਧ ਕੀਤੇ ਜਾ ਰਹੇ ਕੁਝ ਮਾਮਲੇ ਸੰਵੇਦਨਸ਼ੀਲ ਹਨ, ਜਿਨ੍ਹਾਂ ਵਿਚ ਮਨੁੱਖੀ ਅਧਿਕਾਰ, ਬੋਲਣ ਦੀ ਆਜ਼ਾਦੀ, ਜਮਹੂਰੀਅਤ ਅਤੇ ਵਿਧਾਨਕ ਤੇ ਸੰਵਿਧਾਨਕ ਅਦਾਰਿਆਂ ਦੇ ਕੰਮਕਾਜ ਸ਼ਾਮਲ ਹਨ। ਕਈ ਮਾਮਲਿਆਂ ਨੂੰ ਪਿਛਲੀਆਂ ਬੈਂਚਾਂ ਤੋਂ ਹੋਰਨਾਂ ਬੈਂਚਾਂ ਹਵਾਲੇ ਕਰ ਦਿੱਤਾ ਗਿਆ, ਜਿਨ੍ਹਾਂ ਉਨ੍ਹਾਂ ਦਾ ਨਿਪਟਾਰਾ ਕੀਤਾ ਸੀ ਤੇ ਸੀਨੀਅਰ ਜੱਜ ਦੀ ਉਪਲੱਬਧਤਾ ਦੇ ਬਾਵਜੂਦ ਮਾਮਲੇ ਹੋਰਨਾਂ ਬੈਂਚਾਂ ਨੂੰ ਸੌਂਪ ਦਿੱਤੇ ਗਏ। ਇਹ ਸੁਪਰੀਮ ਕੋਰਟ ਦੇ ਨਿਯਮਾਂ ਦੀ ਉਲੰਘਣਾ ਹੈ।

## ਮਜਬੂਰ ਹੋ ਕੇ ਖੁੱਲ੍ਹਾ ਪੱਤਰ ਲਿਖਣਾ ਪਿਆ : ਸੀਨੀਅਰ ਐਡਵੋਕੇਟ ਦੁਸ਼ਯੰਤ ਦਵੇ



ਦਵੇ ਨੇ ਆਪਣੇ ਪੱਤਰ ਵਿਚ ਕਿਹਾ—ਮੈਂ ਨਿਜੀ ਤੌਰ 'ਤੇ ਅਜਿਹੇ ਕਈ ਮਾਮਲੇ ਦੇਖੇ ਹਨ, ਜਿਨ੍ਹਾਂ ਵਿਚ ਨੋਟਿਸ ਜਾਰੀ ਹੋਣ ਤੋਂ ਬਾਅਦ ਉਨ੍ਹਾਂ ਨੂੰ ਦੂਜੀਆਂ ਬੈਂਚਾਂ ਹਵਾਲੇ ਕਰ ਦਿੱਤਾ ਗਿਆ। ਮਜ਼ੇ ਦੀ ਗੱਲ ਹੈ ਕਿ ਅਜਿਹਾ ਕਰਨ ਤੋਂ ਪਹਿਲਾਂ ਸੀਨੀਅਰ ਜੱਜਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਚੀਫ ਜਸਟਿਸ ਨੂੰ ਇਸ ਪਾਸੇ ਤੁਰੰਤ ਧਿਆਨ ਦੇਣਾ ਚਾਹੀਦਾ ਹੈ।

ਦਵੇ ਨੇ ਚੀਫ ਜਸਟਿਸ ਚੰਦਰਚੂੜ ਨੂੰ ਕਿਹਾ ਕਿ ਤੁਹਾਡੀ ਨਿਯੁਕਤੀ 'ਤੇ ਨਾਗਰਿਕਾਂ ਦੇ ਮਨ ਵਿਚ ਮਜ਼ਬੂਤ ਉਮੀਦਾਂ ਪੈਦਾ ਹੋਈਆਂ ਕਿ ਤੁਹਾਡੀ ਅਗਵਾਈ ਵਿਚ ਸੁਪਰੀਮ ਕੋਰਟ ਉਚਾਈਆਂ ਛੂਹੇਗੀ, ਜਿਸ ਵਿਚ ਮਾਰਚ ਤੋਂ ਪਹਿਲਾਂ ਰੁਕਾਵਟ ਪਈ ਹੋਈ ਸੀ। ਮੈਨੂੰ ਇਹ ਖੁੱਲ੍ਹਾ ਪੱਤਰ ਇਸ ਕਰਕੇ ਲਿਖਣਾ ਪਿਆ, ਕਿਉਂਕਿ ਤੁਹਾਨੂੰ ਮਿਲਣ ਦੇ ਜਤਨ ਨਾਕਾਮ ਰਹੇ।

ਪਿਛਲੇ ਹਫਤੇ ਤਾਮਿਲਨਾਡੂ ਵਿਜੀਲੈਂਸ ਦੇ ਵਕੀਲ ਨੇ ਸੁਪਰੀਮ ਕੋਰਟ ਰਜਿਸਟਰੀ ਨੂੰ ਪੱਤਰ ਲਿਖ ਕੇ ਮਾਮਲੇ ਦੂਜੀ ਬੈਂਚ ਹਵਾਲੇ ਕਰਨ 'ਤੇ ਇਤਰਾਜ਼ ਕੀਤਾ ਸੀ।

ਨੰਬਰ ਦੋ ਪੁਜ਼ੀਸ਼ਨ ਵਾਲੇ ਜਸਟਿਸ ਸੰਜੇ ਕਿਸ਼ਨ ਕੌਲ ਨੇ ● ਬਾਕੀ ਸਫ਼ਾ 2 'ਤੇ

# ਭਾਰਤ ਦੀ ਜਾਂਚ ਦਾ ਨਤੀਜਾ ਉਡੀਕਾਂਗੇ : ਅਮਰੀਕਾ

**ਵਾਸ਼ਿੰਗਟਨ** : ਅਮਰੀਕਾ ਨੇ ਕਿਹਾ ਹੈ ਕਿ ਉਹ ਵੱਖਵਾਦੀ (ਗੁਰਪਤਵੰਤ ਪਨੂੰ) ਦੀ ਹੱਤਿਆ ਦੀ ਸਾਜ਼ਿਸ਼ 'ਚ ਭਾਰਤੀ ਅਧਿਕਾਰੀ ਦੀ ਸ਼ਮੂਲੀਅਤ ਦੇ ਦੋਸ਼ਾਂ ਦੀ ਭਾਰਤ ਦੀ ਜਾਂਚ ਦੇ ਨਤੀਜਿਆਂ ਦੀ ਉਡੀਕ ਕਰੇਗਾ। ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਆਪਣੀ ਰੋਜ਼ਾਨਾ ਪ੍ਰੈੱਸ ਕਾਨਫਰੰਸ 'ਚ ਕਿਹਾ-ਵਿਦੇਸ਼ ਮੰਤਰੀ ਨੇ ਭਾਰਤੀ ਹਮਰੁਤਬਾ ਕੋਲ ਇਹ ਗੱਲ ਉਠਾਈ ਹੈ ਅਤੇ ਕਿਹਾ ਹੈ ਕਿ ਅਸੀਂ ਇਸ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੇ ਹਾਂ। ਭਾਰਤ ਨੇ ਕਿਹਾ ਹੈ ਕਿ ਉਹ ਜਾਂਚ ਕਰੇਗਾ। ਉਨ੍ਹਾ ਨੇ ਜਾਂਚ ਕਰਾਉਣ ਦਾ ਜਨਤਕ ਤੌਰ 'ਤੇ ਐਲਾਨ ਕੀਤਾ ਹੈ। ਹੁਣ ਅਸੀਂ ਜਾਂਚ ਦੇ ਨਤੀਜਿਆਂ ਦੀ ਉਡੀਕ ਕਰਾਂਗੇ। ਅਮਰੀਕਾ 'ਚ ਸੰਘੀ ਵਕੀਲਾਂ ਨੇ ਦੋਸ਼ ਲਾਇਆ ਹੈ ਕਿ ਭਾਰਤੀ ਨਾਗਰਿਕ ਨੇ ਅਮਰੀਕਾ 'ਚ ਗੁਰਪਤਵੰਤ ਸਿੰਘ ਪਨੂੰ ਦੀ ਹੱਤਿਆ ਦੀ ਸਾਜ਼ਿਸ਼ ਰਚੀ ਸੀ। ਸਰਕਾਰੀ ਵਕੀਲਾਂ ਨੇ ਇਹ ਵੀ ਦੋਸ਼ ਲਾਇਆ ਕਿ ਉਹ ਭਾਰਤੀ ਵਿਅਕਤੀ ਭਾਰਤੀ ਅਧਿਕਾਰੀ ਨਾਲ ਰਲਿਆ ਹੋਇਆ ਸੀ। ਇਸੇ ਦੌਰਾਨ ਗੁਰਪਤਵੰਤ ਸਿੰਘ ਪਨੂੰ ਵੱਲੋਂ 13 ਦਸੰਬਰ ਨੂੰ ਸੰਸਦ 'ਤੇ ਹੋਏ ਹਮਲੇ ਦੀ ਬਰਸੀ 'ਤੇ 'ਸੰਸਦ ਦੀ ਨੀਂਹ ਹਿਲਾ ਦੇਣ' ਦੀ ਧਮਕੀ ਵਾਲਾ ਵੀਡੀਓ ਸੰਦੇਸ਼ ਜਾਰੀ ਹੋਣ ਤੋਂ ਬਾਅਦ ਦਿੱਲੀ ਪੁਲਸ ਚੌਕਸ ਹੈ।

# ਪਾਵਰ ਸੈਕਟਰ ਨੂੰ ਪੂੰਜੀਪਤੀਆਂ ਹਵਾਲੇ ਕਰਨ ਵਿਰੁੱਧ ਤਿੱਖੇ ਸੰਘਰਸ਼ ਦਾ ਸੱਦਾ

## ਕਾਮਰੇਡ ਭਗਵਾਨ ਸਿੰਘ ਅਣਖੀ ਦੀ ਬਰਸੀ 'ਤੇ ਪੰਜਾਬ ਭਰ ਤੋਂ ਬਿਜਲੀ ਕਾਮੇ ਪਟਿਆਲਾ ਪੁੱਜੇ



**ਪਟਿਆਲਾ**. ਬਿਜਲੀ ਕਾਮਿਆਂ ਦੀ ਸੰਘਰਸ਼ਸ਼ੀਲ ਜਥੇਬੰਦੀ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਰਜਿ: ਨੰਬਰ 41 ਦੇ ਸਾਬਕਾ ਸੂਬਾ ਪ੍ਰਧਾਨ ਮਰਹੂਮ ਕਾਮਰੇਡ ਭਗਵਾਨ ਸਿੰਘ ਅਣਖੀ ਦੀ 32ਵੀਂ ਬਰਸੀ ਬੁੱਧਵਾਰ ਸਥਾਨਕ ਫੈਕਟਰੀ ਏਰੀਆ ਵਿਖੇ ਬਣੇ ਅਣਖੀ ਯਾਦਗਾਰੀ ਭਵਨ ਵਿੱਚ ਹਰੇਕ ਸਾਲ ਦੀ ਤਰ੍ਹਾਂ ਪੂਰੇ ਜੋਸ਼ੋ-ਖਰੋਸ਼ ਨਾਲ ਮਨਾਉਣ ਲਈ ਪੂਰੇ ਪੰਜਾਬ ਤੋਂ ਕਾਫਲੇ ਬੰਨ੍ਹ ਕੇ ਬਿਜਲੀ ਕਾਮੇ ਵਹੀਰਾਂ ਘੱਤ ਕੇ ਪਹੁੰਚੇ। ਇਸ ਸਮਾਗਮ ਦੇ ਸ਼ੁਰੂ ਵਿੱਚ ਜਥੇਬੰਦੀ ਦਾ ਲਾਲ ਝੰਡਾ ਲਹਿਰਾਉਣ ਦੀ ਰਸਮ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਨਿਭਾਈ ਅਤੇ ਸੂਬਾ ਜਨਰਲ ਸਕੱਤਰ ਸਰਿੰਦਰਪਾਲ ਸਿੰਘ ਲਹੌਰੀਆ ਨੇ ਜਥੇਬੰਦੀ ਦੇ ਸਾਬਕਾ ਸੂਬਾ ● ਬਾਕੀ ਸਫ਼ਾ 2 'ਤੇ

# ਸੁਖਦੇਵ ਗੁੱਗਾਮਾੜੀ ਨੂੰ ਮਾਰਨ ਵਾਲਿਆਂ 'ਚ ਇੱਕ ਫੌਜੀ



ਸੁਖਦੇਵ ਗੁੱਗਾਮਾੜੀ ਦੇ ਕਤਲ 'ਚ ਲੋੜੀਂਦੇ ਨਿਤਿਨ ਫੌਜੀ ਤੇ ਰੋਹਿਤ ਰਾਠੌਰ।

**ਜੈਪੁਰ** : ਰਾਜਸਥਾਨ ਪੁਲਸ ਨੇ ਸ੍ਰੀ ਰਾਸ਼ਟਰੀ ਕਰਣੀ ਸੈਨਾ ਦੇ ਮੁਖੀ ਸੁਖਦੇਵ ਸਿੰਘ ਗੁੱਗਾਮਾੜੀ ਦੇ ਕਤਲ ਕੇਸ 'ਚ ਦੋ ਸ਼ੂਟਰਾਂ ਦੀ ਪਛਾਣ ਕਰ ਲਈ ਹੈ। ਡੀ ਜੀ ਪੀ ਉਮੇਸ਼ ਮਿਸ਼ਰਾ ਨੇ ਦੱਸਿਆ ਕਿ ਦੋ ਹਮਲਾਵਰਾਂ ਦੀ ਪਛਾਣ ਰੋਹਿਤ ਰਾਠੌਰ ਮਕਰਾਨਾ ਅਤੇ ਨਿਤਿਨ ਫੌਜੀ ਵਜੋਂ ਹੋਈ ਹੈ। ਨਿਤਿਨ ਫੌਜੀ ਮਹਿੰਦਰਗੜ੍ਹ (ਹਰਿਆਣਾ) ਦਾ ਰਹਿਣ ਵਾਲਾ ਹੈ। ਤੀਜਾ ਅਪਰਾਧੀ ਨਵੀਨ ਸ਼ੇਖਾਵਤ ਮੰਗਲਵਾਰ ਗੋਲੀਬਾਰੀ ਦੌਰਾਨ ਗੁੱਗਾਮਾੜੀ ਦੇ ਨਿਵਾਸ 'ਤੇ ਮਾਰਿਆ ਗਿਆ ਸੀ। ਮਿਸ਼ਰਾ ਨੇ ਕੇਸ ਹੱਲ ਕਰਨ ਲਈ ਵਿਸ਼ੇਸ਼ ਜਾਂਚ ਟੀਮ ਬਣਾਉਣ ਦਾ ਵੀ ਐਲਾਨ ਕੀਤਾ। ਉਨ੍ਹਾ ਹਮਲਾਵਰਾਂ ਬਾਰੇ ਜਾਣਕਾਰੀ ਦੇਣ ਲਈ 5-5 ਲੱਖ ਰੁਪਏ ਇਨਾਮ ਦਾ ਵੀ ਐਲਾਨ ਕੀਤਾ। ਲਾਰੈਂਸ ਬਿਸ਼ਨੋਈ ਗੈਂਗ ਦੇ ਰੋਹਿਤ ਗੋਦਾਰਾ ਨੇ ਹੱਤਿਆ ਦੀ ਜ਼ਿੰਮੇਵਾਰੀ ਲਈ ਹੈ। ਇਸੇ ਦੌਰਾਨ ਨਿਤਿਨ ਫੌਜੀ ਦੇ ਪਿਤਾ ਨੇ ਦੱਸਿਆ ਕਿ ਉ_ ਸ ● ਬਾਕੀ ਸਫ਼ਾ 2 'ਤੇ

# ਆਸਟਰੇਲੀਆ 'ਚ ਨੌਜਵਾਨ ਦੀ ਹਾਦਸੇ 'ਚ ਮੌਤ

**ਮੈਲਬੋਰਨ** : ਆਸਟਰੇਲੀਆ ਦੇ ਦੱਖਣ-ਪੱਛਮੀ ਮੈਲਬੋਰਨ 'ਚ 26 ਸਾਲਾ ਭਾਰਤੀ ਨੌਜਵਾਨ ਦੀ ਕਾਰ ਹਾਦਸੇ 'ਚ ਮੌਤ ਹੋ ਗਈ। ਖੁਸ਼ਦੀਪ ਸਿੰਘ ਦੀ ਗੱਡੀ ਸੋਮਵਾਰ ਰਾਤ ਕਰੀਬ 11.15 ਵਜੇ ਪਾਮਰਸ ਰੋਡ 'ਤੇ ਕਈ ਉਲਟਬਾਜ਼ੀਆਂ ਖਾ ਗਈ। ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਹਾਦਸੇ ਨੇ ਉਸ ਦੀ ਪਤਨੀ ਜਪਨੀਤ ਕੌਰ, ਜੋ ਕਿ ਪਿਛਲੇ ਸਾਲ ਵਿਦਿਆਰਥੀ ਵਜੋਂ ਆਸਟਰੇਲੀਆ ਆਈ ਸੀ, ਨੂੰ ਵੱਡਾ ਝਟਕਾ ਲੱਗਿਆ ਹੈ। ਉਹ ਆਪਣੇ ਪਤੀ ਦੀ ਲਾਸ਼ ਨੂੰ ਘਰ ਵਾਪਸ ਭੇਜਣ ਲਈ ਫੰਡ ਜੁਟਾਉਣ ਵਾਸਤੇ ਸਹਾਇਤਾ ਦੀ ਮੰਗ ਕਰ ਰਹੀ ਹੈ।

# ਆਜ਼ਾਦੀ ਤੋਂ ਬਾਅਦ ਇਹ ਸੁਫਨਾ ਨਹੀਂ ਸੀ ਲਿਆ...

**ਲਖਨਊ** : ਬਸਪਾ ਪ੍ਰਧਾਨ ਮਾਇਆਵਤੀ ਨੇ ਕੇਂਦਰ ਸਰਕਾਰ ਦੀ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨਾ ਯੋਜਨਾ 'ਤੇ ਵਿਅੰਗ ਕਰਦਿਆਂ ਕਿਹਾ ਕਿ ਦੇਸ਼ ਦੇ 81 ਕਰੋੜ ਤੋਂ ਵੱਧ ਲੋਕਾਂ ਨੂੰ ਸਰਕਾਰੀ ਅਨਾਜ 'ਤੇ ਨਿਰਭਰ ਬਣਾਉਣਾ ਨਾ ਤਾਂ ਆਜ਼ਾਦੀ ਤੋਂ ਬਾਅਦ ਦਾ ਸੁਫਨਾ ਸੀ ਅਤੇ ਨਾ ਹੀ ਸੰਵਿਧਾਨ ਬਣਾਉਂਦੇ ਸਮੇਂ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਨੇ ਸੋਚਿਆ ਸੀ। ਮਾਇਆਵਤੀ ਨੇ ਡਾ. ਅੰਬੇਡਕਰ ਨੂੰ ਉਨ੍ਹਾ ਦੇ 67ਵੇਂ 'ਪ੍ਰੀ-ਨਿਰਵਾਣ ਦਿਵਸ' 'ਤੇ ਸ਼ਰਧਾਂਜਲੀ ਭੇਟ ਕੀਤੀ।

# ਅੱਠ ਵਿਦਿਆਰਥਣਾਂ ਜਪਾਨ ਜਾਣਗੀਆਂ : ਬੈਂਸ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੀਆਂ ਅੱਠ ਵਿਦਿਆਰਥਣਾਂ 7 ਦਿਨਾਂ ਲਈ ਜਪਾਨ ਫੇਰੀ 'ਤੇ ਜਾਣਗੀਆਂ। ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਬੁੱਧਵਾਰ ਦੱਸਿਆ ਕਿ ਜਪਾਨ ਏਸ਼ੀਆ ਯੂਥ ਐਕਸਚੇਂਜ ਪ੍ਰੋਗਰਾਮ ਇਨ ਸਾਇੰਸ, ਜਿਸ ਨੂੰ ਕਿ ਸਾਕੂਰਾ ਐਕਸਚੇਂਜ ਪ੍ਰੋਗਰਾਮ ਇਨ ਸਾਇੰਸ ਵਜੋਂ ਵੀ ਜਾਣਿਆ ਜਾਂਦਾ ਹੈ, ਵਿੱਚ ਭਾਗ ਲੈਣ ਲਈ ਸੂਬੇ ਦੇ ਸਰਕਾਰੀ ਸਕੂਲਾਂ ਦੀਆਂ ਅੱਠ ਵਿਦਿਆਰਥਣਾਂ ਚੁਣੀਆਂ ਗਈਆਂ ਹਨ। ਇਹ ਵਿਦਿਆਰਥਣਾਂ 7 ਦਿਨ 10 ਤੋਂ 16 ਦਸੰਬਰ ਤੱਕ ਜਪਾਨ ਵਿਖੇ ਰਹਿਣਗੀਆਂ।

ਉਨ੍ਹਾ ਦੱਸਿਆ ਕਿ ਚੁਣੀਆਂ ਗਈਆਂ ਵਿਦਿਆਰਥਣਾਂ ਵਿੱਚ ਸਕੂਲ ਆਫ਼ ਐਮੀਨੈਂਸ ਮਾਨਸਾ ਦੀ ਵਿਦਿਆਰਥਣ ਹਰਮਨਦੀਪ ਕੌਰ ਸਪੁੱਤਰੀ ਸੁਖਵਿੰਦਰ ਸਿੰਘ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਭਵਾਨੀਗੜ੍ਹ ਦੀ ਜਸਮੀਤ ਕੌਰ ਸਪੁੱਤਰੀ ਗੁਰਦੀਪ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਡਲ ਟਾਊਨ ਪਟਿਆਲਾ ਦੀ ਸੰਜਨਾ ਪੁੱਤਰੀ ਰਜਤ ਕੁਮਾਰ, ਮੈਰੀਟੋਰੀਅਸ ਸਕੂਲ ਬਠਿੰਡਾ ਦੀ ਵਿਦਿਆਰਥਣ ਸਪਨਾ ਪੁੱਤਰੀ ਸੰਤ ਰਾਮ, ਸਕੂਲ ਆਫ਼ ਐਮੀਨੈਂਸ ਕਪੂਰਥਲਾ ਦੀ ਵਿਦਿਆਰਥਣ ਨਿਸ਼ਾ ਰਾਣੀ ਪੁੱਤਰੀ ਜਸਵਿੰਦਰ ਸਿੰਘ, ਮੈਰੀਟੋਰੀਅਸ ਸਕੂਲ ਫਿਰੋਜ਼ਪੁਰ ਦੀ ਵਿਦਿਆਰਥਣ ਗੁਰਵਿੰਦਰ ਕੌਰ ਪੁੱਤਰੀ ਕੁਲਦੀਪ ਸਿੰਘ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮੌੜ ਮੰਡੀ ਦੀ ਵਿਦਿਆਰਥਣ ਦੀਪਿਕਾ ਪੁੱਤਰੀ ਹਰਵਿੰਦਰ ਕੁਮਾਰ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਰੰਧਾਵਾ ਮਸੰਦਾਂ ਜਲੰਧਰ ਦੀ ਖਵਾਹਿਸ਼ ਪੁੱਤਰੀ ਰਮਨ ਕੁਮਾਰ ਸ਼ਾਮਲ ਹਨ।

## ਅੱਜ-ਨਾਮਾ

ਫੈਸਲੇ ਵੱਡੇ ਪਈ ਨਿੱਤ ਸਰਕਾਰ ਕਰਦੀ,
ਮਸਲੇ ਹੁੰਦੇ ਨਹੀਂ ਫੇਰ ਕੁਝ ਹੱਲ ਮੀਆਂ।
ਕਹਿੰਦਾ ਕੋਈ ਸਰਕਾਰ ਦੀ ਨੀਤ ਨਹੀਉਂ,
ਕਹਿੰਦੇ ਕਈ ਕਿ ਸਿੱਖੇ ਨਹੀਂ ਵੱਲ ਮੀਆਂ।
ਧਿਰ ਵਿਰੋਧ ਦੇ ਲੀਡਰ ਤਾਂ ਨਿੱਤ ਕਹਿੰਦੇ,
ਇਹੀਓ ਆਪਣੇ ਵੀ ਕਹਿੰਦੇ ਗੱਲ ਮੀਆਂ।
ਦੂਸਰੇ ਕਹਿੰਦੇ ਤਾਂ ਕਹਿਣ ਜੀ ਲੱਖ ਵਾਰੀ,
ਆਪਣਾ ਆਖੇ ਤਾਂ ਹੋਏ ਨਹੀਂ ਝੱਲ ਮੀਆਂ।
ਹਰ ਇੱਕ ਜੀਭ ਨੂੰ ਬੋਲਣ ਦੀ ਖੁੱਲ੍ਹ ਮੀਆਂ,
ਬੇਸ਼ੱਕ ਜਿਹੋ ਜਿਹੇ ਮਾਰੇ ਪਈ ਟੁੱਲ ਮੀਆਂ।
ਕੀਤਾ ਗਿਆ ਕੰਮ ਤੇ ਰੁਕੇਗੀ ਫੇਰ ਚਰਚਾ,
ਕਾਰ-ਗੁਜ਼ਾਰੀਆਂ ਦਾ ਪਊਗਾ ਮੁੱਲ ਮੀਆਂ।

-ਤੀਸ ਮਾਰ ਖਾਂ





| | ਪ੍ਰੋਗਰਾਮ | ਮਿਤੀ | ਆਯੋਜਨ ਸਥਾਨ |
|---|---|---|---|
| 1 | ਸ਼ਿਲਪ ਮੇਲਾ | 07 - 24 ਦਸੰਬਰ | ਬ੍ਰਹਮ ਸਰੋਵਰ |
| 2 | ਗੀਤਾ ਮਹਾਂ ਆਰਤੀ | 07 - 24 ਦਸੰਬਰ | ਪੁਰਸ਼ੋਤਮਪੁਰਾ ਬਾਗ, ਬ੍ਰਹਮ ਸਰੋਵਰ |
| 3 | 48 ਕੋਸ ਤੀਰਥ ਸਥਾਨਾਂ 'ਤੇ ਸੱਭਿਆਚਾਰਕ ਪ੍ਰੋਗਰਾਮ | 07 - 24 ਦਸੰਬਰ | 48 ਕੋਸ ਕੁਰੂਕਸ਼ੇਤਰ ਭੂਮੀ |
| 4 | ਭਜਨ ਸੰਧਿਆ | 07 - 24 ਦਸੰਬਰ | ਪੁਰਸ਼ੋਤਮਪੁਰਾ ਬਾਗ, ਬ੍ਰਹਮ ਸਰੋਵਰ |
| 5 | ਖੇਤਰੀ ਪਕਵਾਨ | 07 - 24 ਦਸੰਬਰ | ਬ੍ਰਹਮ ਸਰੋਵਰ |
| 6 | ਅੰਤਰਰਾਸ਼ਟਰੀ ਗੀਤਾ ਸੈਮੀਨਾਰ | 07 - 19 ਦਸੰਬਰ | ਕੁਰੂਕਸ਼ੇਤਰ ਯੂਨੀਵਰਸਿਟੀ |
| 7 | ਗੀਤਾ ਪੁਸਤਕ ਮੇਲਾ | 07 - 24 ਦਸੰਬਰ | ਬ੍ਰਹਮ ਸਰੋਵਰ |
| 8 | ਗੀਤਾ ਯੱਗ ਅਤੇ ਗੀਤਾ ਪਾਠ | 07 - 24 ਦਸੰਬਰ | ਗੀਤਾ ਜਨਮ ਸਥਾਨ-ਜੋਤੀਸਰ |
| 9 | ਵਿਦਿਅਕ ਮੁਕਾਬਲੇ | 07 - 24 ਦਸੰਬਰ | ਗੀਤਾ ਜਨਮ ਸਥਾਨ-ਜੋਤੀਸਰ |
| 10 | ਹਰਿਆਣਾ ਪਵੇਲੀਅਨ | 07 - 24 ਦਸੰਬਰ | ਪੁਰਸ਼ੋਤਮਪੁਰਾ ਬਾਗ, ਬ੍ਰਹਮ ਸਰੋਵਰ |
| 11 | ਪਾਰਟਨਰ ਸਟੇਟ ਅਸਾਮ ਪਵੇਲੀਅਨ | 07 - 24 ਦਸੰਬਰ | ਪੁਰਸ਼ੋਤਮਪੁਰਾ ਬਾਗ, ਬ੍ਰਹਮ ਸਰੋਵਰ |
| 12 | ਵਿਸ਼ਾਲ ਸੱਭਿਆਚਾਰਕ ਪ੍ਰੋਗਰਾਮ | 07 - 24 ਦਸੰਬਰ | ਪੁਰਸ਼ੋਤਮਪੁਰਾ ਬਾਗ, ਬ੍ਰਹਮ ਸਰੋਵਰ |
| 13 | ਪ੍ਰਦਰਸ਼ਨੀਆਂ | 07 - 24 ਦਸੰਬਰ | ਪੁਰਸ਼ੋਤਮਪੁਰਾ ਬਾਗ, ਬ੍ਰਹਮ ਸਰੋਵਰ |
| 14 | ਸੰਤ ਸੰਮੇਲਨ | 22 ਦਸੰਬਰ | ਪੁਰਸ਼ੋਤਮਪੁਰਾ ਬਾਗ, ਬ੍ਰਹਮ ਸਰੋਵਰ |
| 15 | ਵਿਸ਼ਵੀ ਗੀਤਾ ਪਾਠ | 23 ਦਸੰਬਰ | ਥੀਮ ਪਾਰਕ, ਕੁਰੂਕਸ਼ੇਤਰ |
| 16 | 48 ਕੋਸ ਤੀਰਥ ਸੰਮੇਲਨ | 23 ਦਸੰਬਰ | 48 ਕੋਸ ਤੀਰਥ |
| 17 | ਦੀਪ ਉਤਸਵ | 23 ਦਸੰਬਰ | ਸਨਹਿਤ ਸਰੋਵਰ ਅਤੇ ਬ੍ਰਹਮ ਸਰੋਵਰ |

ਪ੍ਰੋਗਰਾਮ ਦੀ ਜਾਣਕਾਰੀ ਲਈ
ਪੋਰਟਲ 'ਤੇ ਜਾਓ ਜਾਂ ਕੋਡ ਨੂੰ ਸਕੈਨ ਕਰੋ
www.internationalgitamahotsav.in
www.48koskurukshetra.com

"सभी देशवासियों को गीता जयंती की अनंत शुभकामनाएं।
श्रीमद्भगवद्गीता सदियों से मानवता का मार्गदर्शन करती आई है।
अध्यात्म और जीवन-दर्शन से जुड़ा यह महान ग्रंथ हर युग में पथ प्रदर्शक बना रहेगा।"
- नरेन्द्र मोदी

ਸੂਚਨਾ, ਲੋਕ ਸੰਪਰਕ, ਭਾਸ਼ਾ ਅਤੇ ਸੰਸਕ੍ਰਿਤੀ ਵਿਭਾਗ, ਹਰਿਆਣਾ
www.prharyana.gov.in | Follow us on @diprharyana

# ਮਜ਼ਦੂਰਾਂ ਦਾ ਦਿੱਲੀ 'ਚ ਧਰਨਾ, ਮੰਗਾਂ ਨੂੰ ਅਣਗੌਲਣਾ ਭਾਜਪਾ ਨੂੰ ਮਹਿੰਗਾ ਪਵੇਗਾ




ਰੈਲੀ ਨੂੰ ਸੰਬੋਧਨ ਕਰਦੇ ਹੋਏ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ, ਮੰਚ 'ਤੇ ਬੈਠੇ ਆਗੂ ।

**ਸ਼ਾਹਕੋਟ. (ਗਿਆਨ ਸੈਦਪੁਰੀ)** ਮਜ਼ਦੂਰ ਅਤੇ ਦਲਿਤ ਵਰਗ ਦੇ ਸਮਾਜਿਕ ਰੁਤਬੇ ਨੂੰ ਮਨੂੰਵਾਦੀਆਂ ਵੱਲੋਂ ਪਹੁੰਚਾਈ ਗਈ ਠੇਸ ਦੀ ਭਰਪਾਈ ਲਈ ਅਤੇ ਇਨ੍ਹਾਂ ਦੇ ਆਰਥਿਕ ਵਸੀਲਿਆਂ ਦਾ ਪੱਕਾ ਪ੍ਰਬੰਧ ਕਰਨ ਲਈ ਉਪਰਾਲਿਆਂ ਦੇ ਮੱਦੇਨਜ਼ਰ ਸੰਘਰਸ਼ ਦੇ ਮੈਦਾਨ ਵਿੱਚ ਨਿੱਤਰੀਆਂ ਵੱਖ-ਵੱਖ ਜਥੇਬੰਦੀਆਂ ਵੱਖ-ਵੱਖ ਪੱਧਰਾਂ 'ਤੇ ਲੜਾਈ ਲੜ ਰਹੀਆਂ ਹਨ। ਇਸੇ ਲੜੀ ਤਹਿਤ ਭਾਰਤੀ ਖੇਤ ਮਜ਼ਦੂਰ ਯੂਨੀਅਨ, ਆਲ ਇੰਡੀਆ ਦਲਿਤ ਅਧਿਕਾਰ ਮੂਵਮੈਂਟ, ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ, ਆਲ ਇੰਡੀਆ ਰੂਰਲ ਲੇਬਰ ਐਸੋਸੀਏਸ਼ਨ, ਦਲਿਤ ਅਧਿਕਾਰ ਸੋਸ਼ਲ ਮੰਚ ਅਤੇ ਏ.ਆਈ.ਐੱਸ.ਕੇ.ਐੱਸ ਆਦਿ ਵੱਲੋਂ ਦਲਿਤਾਂ ਦੀ ਹਰ ਵਾਜਬ ਮੰਗ ਨੂੰ ਵੀ ਵਿਸਾਰ ਕੇ ਹੰਕਾਰ ਦੇ ਘੋੜੇ 'ਤੇ ਸਵਾਰ ਕੇਂਦਰ ਸਰਕਾਰ ਨੂੰ ਆਪਣੀ ਗੱਲ ਦੱਸਣ ਲਈ ਰੋਸ ਮਾਰਚ ਦਾ ਪ੍ਰੋਗਰਾਮ ਤੈਅ ਕੀਤਾ ਗਿਆ ਸੀ। ਲੱਗਭੱਗ 18 ਰਾਜਾਂ ਵਿੱਚੋਂ ਹਰ ਜਥੇਬੰਦੀ ਵੱਲੋਂ ਸਮਰੱਥਾ ਅਨੁਸਾਰ ਕਾਮੇ ਦਿੱਲੀ ਪਹੁੰਚ ਕੇ ਰੋਸ ਮਾਰਚ ਲਈ ਜੰਤਰ ਮੰਤਰ ਲਈ ਤੁਰੇ ਤਾਂ ਡਰੀ ਹੋਈ ਸਰਕਾਰ ਨੇ ਭਾਰੀ ਰੋਕਾਂ ਲਾ ਕੇ ਮਜ਼ਦੂਰ ਕਾਫਲੇ ਰੋਕ ਲਏ। ਮਜ਼ਦੂਰ ਆਗੂਆਂ ਨੇ ਆਪਣੇ ਹਜ਼ਾਰਾਂ ਵਰਕਰਾਂ ਨਾਲ ਰੋਕਣ ਵਾਲੀ ਥਾਂ 'ਤੇ ਹੀ ਰੋਸ ਧਰਨਾ ਦੇਣ ਦਾ ਫੈਸਲਾ ਕਰ ਲਿਆ। ਕਾਮਰੇਡ ਐੱਨ ਪੇਰੀਆਸਾਮੀ. ਏ. ਵਿਜੇ ਰਾਘਵਨ, ਐੱਮ ਲਕਸਮਈਆ, ਸੁਭਾਸਨੀ ਅਲੀ, ਏ ਰਾਮਾ ਮੂਰਤੀ ਅਤੇ ਸ੍ਰੀ ਰਾਮ ਚੌਧਰੀ ਆਦਿ ਦੀ ਪ੍ਰਧਾਨਗੀ ਹੇਠ ਆਗੂਆਂ ਨੇ ਰੋਹ ਭਰਪੂਰ ਤਕਰੀਰਾਂ ਰਾਹੀਂ ਸਰਕਾਰ ਨੂੰ ਮਜ਼ਦੂਰਾਂ ਪ੍ਰਤੀ ਵਿਖਾਈ ਜਾ ਰਹੀ ਬੇ-ਰੁਖੀ, ਲਾਰਿਆਂ ਦੀ ਸਿਆਸਤ ਦਾ ਪਰਦਾ ਫਾਸ਼ ਕਰਦਿਆਂ ਸਮਾਜ ਦੇ ਸਭ ਤੋਂ ਹੇਠਲੇ ਵਰਗ ਦੇ ਦੁੱਖੜੇ ਸੁਣਾਏ। ਬੁਲਾਰਿਆਂ ਨੇ ਮੰਗ ਕੀਤੀ ਕਿ ਦਲਿਤਾਂ ਉੱਪਰ ਹਮਲੇ ਬੰਦ ਕੀਤੇ ਜਾਣ, ਇਨ੍ਹਾਂ ਦੀ ਰੋਜ਼ੀ-ਰੋਟੀ ਲਈ ਜ਼ਮੀਨੀ ਸੁਧਾਰ ਲਾਗੂ ਕੀਤੇ ਜਾਣ, ਨਰੇਗਾ ਦਾ ਬੱਜਟ ਵਧਾਇਆ ਜਾਵੇ, 200 ਦਿਨ ਕੰਮ ਅਤੇ 700 ਰੁਪਏ ਦਿਹਾੜੀ ਕੀਤੀ ਜਾਵੇ, ਪਿੰਡਾਂ ਦੇ ਖੇਤੀ ਕਿਰਤੀਆਂ ਲਈ ਕੰਮ ਦਾ ਬਦਲਵਾਂ ਪ੍ਰਬੰਧ ਕੀਤਾ ਜਾਵੇ, ਔਰਤਾਂ ਅਤੇ ਬੇਟੀਆਂ 'ਤੇ ਹੋ ਰਹੇ ਜ਼ੁਲਮਾਂ ਨੂੰ ਸਖਤੀ ਨਾਲ ਰੋਕਿਆ ਜਾਵੇ।

ਰੈਲੀ ਨੂੰ ਕਾਮਰੇਡ ਬਿਨੋਏ ਵਿਸ਼ਵਮ ਅਤੇ ਐੱਮ ਸਿਲਵਰਾਜ ਮੈਂਬਰ ਪਾਰਲੀਮੈਂਟ (ਸੀ.ਪੀ.ਆਈ), ਜੌਨ ਬਰੀਟਾਸ ਅਤੇ ਸ਼ਿਵ ਦਾਸਨ ਮੈਂਬਰ ਪਾਰਲੀਮੈਂਟ (ਸੀ.ਪੀ.ਆਈ.ਐੱਮ), ਮਨੋਜ ਝਾਅ ਮੁੱਖ ਬੁਲਾਰਾ ਆਰ.ਜੇ. ਡੀ. ਅਤੇ ਹੋਰ ਆਗੂਆਂ ਨੇ ਵੀ ਸੰਬੋਧਨ ਕੀਤਾ। ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਨੇ ਕਿਹਾ ਕਿ ਮਨਰੇਗਾ ਸਕੀਮ ਮਜ਼ਦੂਰ ਵਰਗ ਲਈ ਰਾਹਤ ਦੇਣ ਵਾਲੀ ਹੈ। ਇਸ ਉੱਪਰ ਵੀ ਹਮਲੇ ਕੀਤੇ ਜਾ ਰਹੇ ਹਨ। ਉਨ੍ਹਾਂ ਸਵਾਲ ਉਠਾਇਆ ਕਿ ਗਰੀਬਾਂ ਦੇ ਉਥਾਨ ਲਈ ਸਕੀਮਾਂ ਨੂੰ ਲਾਗੂ ਕਰਨ ਤੋਂ ਕੌਣ ਰੋਕ ਰਿਹਾ ਹੈ। ਕਾਮਰੇਡ ਗੋਰੀਆ ਨੇ ਮਜ਼ਦੂਰ ਵਰਗ ਨਾਲ ਹਰ ਪੱਖੋਂ ਹੋ ਰਹੇ ਵਿਤਕਰੇ ਦਾ ਵਿਸਥਾਰ ਨਾਲ ਵਰਨਣ ਕੀਤਾ। ਉਨ੍ਹਾ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਦੇਸ਼ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਇੱਕ ਮੰਚ 'ਤੇ ਲਿਆਂਦਾ ਜਾਵੇਗਾ। ਮੰਗਾਂ ਸੰਬੰਧੀ ਇੱਕ ਕਰੋੜ ਲੋਕਾਂ ਦੇ ਦਸਤਖਤ ਕਰਕੇ ਰਾਸ਼ਟਰਪਤੀ ਨੂੰ ਮੰਗ ਪੱਤਰ ਸੌਂਪਿਆ ਜਾਵੇਗਾ। ਉਨ੍ਹਾ ਕਿਹਾ ਕਿ ਆਉਣ ਵਾਲੀਆਂ ਪਾਰਲੀਮੈਂਟ ਚੋਣਾਂ ਵਿੱਚ ਮਜ਼ਦੂਰ ਵਰਗ ਦਾ ਮੁੱਦਾ ਪਹਿਲ ਦੇ ਅਧਾਰ 'ਤੇ ਉਠਾਇਆ ਜਾਵੇਗਾ।

ਰੈਲੀ ਨੂੰ ਹੋਰਨਾਂ ਤੋਂ ਇਲਾਵਾ ਕਾਮਰੇਡ ਬੀ. ਬੈਂਕਟ, ਕਾਮਰੇਡ ਵੀ. ਐੱਸ ਨਿਰਮਲ, ਕਾਮਰੇਡ ਰਾਮ ਚੰਦਰ ਡੋਮ, ਪਾਲ ਦਿਵਾਲਕਰ, ਦੇਵੀ ਕੁਮਾਰੀ ਸਰਾਹਲੀ ਕਲਾਂ, ਹਨੱਨ ਮੁੱਲਾ, ਸ਼ਿਵ ਕੁਮਾਰ ਦਾਮਲੇ, ਕਾਮਰੇਡ ਵਿਕਰਮ ਸਿੰਘ ਅਤੇ ਕਾਮਰੇਡ ਦਰਿਓ ਸਿੰਘ ਕਸਅਪ ਨੇ ਵੀ ਸੰਬੋਧਨ ਕੀਤਾ।

## ਰਿਸ਼ਵਤਖੋਰ ਮਿਲਕ ਪਲਾਂਟ ਮੈਨੇਜਰ ਦਾ ਦੋ ਦਿਨਾ ਪੁਲਸ ਰਿਮਾਂਡ



**ਚੰਡੀਗੜ੍ਹ (ਗੁਰਜੀਤ ਬਿੱਲਾ)** - ਪੰਜਾਬ ਵਿਜੀਲੈਂਸ ਬਿਊਰੋ ਨੇ ਮਿਲਕ ਪਲਾਂਟ ਮੋਹਾਲੀ ਵਿਖੇ ਤਾਇਨਾਤ ਮੈਨੇਜਰ (ਦੁੱਧ ਇਕੱਤਰਨ) ਮਨੋਜ ਕੁਮਾਰ ਸ੍ਰੀਵਾਸਤਵਾ ਦੇ ਘਰੋਂ ਲੱਖਾਂ ਦੀ ਨਗਦੀ ਸਮੇਤ ਕਈ ਕੀਮਤੀ ਜਾਇਦਾਦਾਂ ਅਤੇ ਮਹਿੰਗਾ ਸਮਾਨ ਬਰਾਮਦ ਕੀਤਾ ਹੈ, ਜਿਸ ਨੂੰ ਮੰਗਲਵਾਰ ਨੂੰ 50,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਸੀ। ਮੋਹਾਲੀ ਦੀ ਅਦਾਲਤ ਨੇ ਅਗਲੇਰੀ ਜਾਂਚ ਲਈ ਵਿਜੀਲੈਂਸ ਬਿਊਰੋ ਨੂੰ ਉਕਤ ਮੁਲਜ਼ਮ ਦਾ ਦੋ ਦਿਨ ਦਾ ਪੁਲਸ ਰਿਮਾਂਡ ਵੀ ਦੇ ਦਿੱਤਾ ਹੈ। ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਦੇ ਘਰ ਦੀ ਤਲਾਸ਼ੀ ਦੌਰਾਨ ਉਸ ਦੇ ਕਬਜੇ ਵਿਚੋਂ 7 ਲੱਖ ਰੁਪਏ ਨਕਦ, 8 ਸੋਨੇ ਦੀਆਂ ਮੁੰਦਰੀਆਂ, ਇਕ ਸੋਨੇ ਦਾ 'ਕੜਾ', ਕੁਝ ਗਹਿਣੇ ਅਤੇ 14 ਮਹਿੰਗੀਆਂ ਘੜੀਆਂ ਬਰਾਮਦ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਇਕ ਘੜੀ, ਜਿਸ ਦੀ ਕੀਮਤ 45,000 ਰੁਪਏ ਹੈ, ਵੀ ਜਬਤ ਕੀਤੀ ਹੈ ਜੋ ਕਿ ਸ਼ਿਕਾਇਤਕਰਤਾ ਨੇ ਚੰਡੀਗੜ੍ਹ ਦੇ ਬਾਜ਼ਾਰ ਤੋਂ ਖ਼ਰੀਦ ਕੇ ਇਸ ਮੈਨੇਜਰ ਨੂੰ ਦਿੱਤੀ ਸੀ।

# ਫਿਰਕੂ ਫਾਸ਼ੀਵਾਦੀ ਤਾਕਤਾਂ ਤੋਂ ਸੰਵਿਧਾਨਕ ਸੰਸਥਾਵਾਂ ਨੂੰ ਵੱਡਾ ਖਤਰਾ : ਅਰਸ਼ੀ



**ਮਾਨਸਾ, (ਆਤਮਾ ਸਿੰਘ ਪਮਾਰ)**-ਪੰਜਾਬ ਖੇਤ ਮਜ਼ਦੂਰ ਸਭਾ ਜ਼ਿਲ੍ਹਾ ਮਾਨਸਾ ਵੱਲੋਂ ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ 67ਵੇਂ ਪ੍ਰੀਨਿਰਵਾਣ ਦਿਵਸ ਨੂੰ ਸਮਰਪਿਤ 'ਸੰਵਿਧਾਨ ਬਚਾਓ, ਦੇਸ਼ ਬਚਾਓ' ਕਨਵੈਨਸ਼ਨ ਦਾ ਆਯੋਜਨ ਕੀਤਾ ਗਿਆ।

ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਅਰਸ਼ੀ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਦੇਸ਼ ਆਜ਼ਾਦੀ ਤੋਂ ਬਾਅਦ ਸਭ ਤੋਂ ਮਾੜੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਕਿਉਂਕਿ ਫਾਸ਼ੀਵਾਦੀ ਮੋਦੀ ਹਕੂਮਤ ਨੇ ਦੇਸ਼ ਦੀ ਲੋਕਤੰਤਰੀ ਪ੍ਰਣਾਲੀ ਨੂੰ ਕਮਜ਼ੋਰ ਕਰਕੇ ਸੰਵਿਧਾਨ ਤੇ ਸੰਵਿਧਾਨਿਕ ਸੰਸਥਾਵਾਂ ਨੂੰ ਤੋੜਨਾ ਸ਼ੁਰੂ ਕਰ ਦਿੱਤਾ ਹੈ।

ਮੋਦੀ ਹਕੂਮਤ ਫਿਰਕੂ ਫਾਸ਼ੀਵਾਦੀ ਸੰਗਠਨ ਆਰ ਐੱਸ ਐੱਸ ਦੇ ਘਾਤਕ ਫਿਰਕੂ ਏਜੰਡੇ ਨੂੰ ਦੇਸ਼ ਵਿੱਚ ਧੜੱਲੇ ਨਾਲ ਲਾਗੂ ਕਰ ਰਹੀ ਹੈ। ਅਰਸ਼ੀ ਨੇ ਕਿਹਾ ਕਿ ਮੋਦੀ ਹਕੂਮਤ ਨੂੰ ਸੱਤਾ ਤੋ ਲਾਂਭੇ ਕਰਨਾ ਹੀ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂ ਕ੍ਰਿਸ਼ਨ ਚੌਹਾਨ ਤੇ ਏਟਕ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਦਲਿਤ ਵਰਗ ਦੀਆਂ ਵੋਟਾਂ ਬਟੋਰਨ ਲਈ ਡਾ. ਭੀਮ ਰਾਓ ਅੰਬੇਡਕਰ ਦੀ ਫੋਟੋ ਦੀ ਖੂਬ ਵਰਤੋਂ ਕਰਕੇ ਦਫਤਰਾਂ ਦਾ ਸ਼ਿੰਗਾਰ ਬਣਾਇਆ ਹੋਇਆ ਹੈ, ਜਦੋਂ ਕਿ ਅਮਲੀ ਰੂਪ ਵਿੱਚ ਦਲਿਤ ਵਰਗ ਸਰਕਾਰ ਦੇ ਏਜੰਡੇ 'ਤੇ ਹੀ ਨਹੀਂ। ਸੱਤਾ ਹਥਿਆਉਣ ਉਪਰੰਤ ਬਾਬਾ ਸਾਹਿਬ ਦੀ ਸੋਚ ਨੂੰ ਲੱਗਭੱਗ ਤਿਲਾਂਜਲੀ ਹੀ ਦੇ ਦਿੱਤੀ ਗਈ ਹੈ।

ਹੋਰਨਾਂ ਤੋਂ ਇਲਾਵਾ ਰੂਪ ਸਿੰਘ ਢਿੱਲੋਂ, ਕਰਨੈਲ ਸਿੰਘ ਭੀਖੀ, ਕੇਵਲ ਸਿੰਘ ਸਮਾਓ, ਗੁਰਪਿਆਰ ਸਿੰਘ ਫੱਤਾ, ਸ਼ੰਕਰ ਜਟਾਣਾ, ਦੇਸ ਰਾਜ ਕੋਟ ਧਰਮੂ, ਹਰਮੀਤ ਸਿੰਘ ਬੋੜਾਵਾਲ, ਕਪੂਰ ਸਿੰਘ ਲੱਲੂਆਣਾ, ਆਤਮਾ ਸਿੰਘ ਪਮਾਰ, ਚਰਨਜੀਤ ਕੌਰ ਮਾਨਸਾ, ਅਵਿਨਾਸ਼ ਕੌਰ ਮਾਨਸਾ, ਅਮਨਜੀਤ ਕੌਰ ਮਾਨਸਾ, ਨਰਿੰਦਰ ਕੌਰ ਮਾਨਸਾ, ਕੇਵਲ ਸਿੰਘ ਪੈਰਾ-ਮੈਡੀਕਲ, ਅਰਵਿੰਦਰ ਕੌਰ ਮਾਨਸਾ, ਕਿਰਨਾ ਰਾਣੀ, ਸੁਖਦੇਵ ਸਿੰਘ ਮਾਨਸਾ, ਗੁਰਦੇਵ ਸਿੰਘ ਦਲੇਲ ਸਿੰਘ ਵਾਲਾ, ਪਤਲਾ ਸਿੰਘ ਦਲੇਲ ਵਾਲਾ ਆਦਿ ਨੇ ਵੀ ਵਿਚਾਰ ਸਾਂਝੇ ਕੀਤੇ। ਸਟੇਜ ਸਕੱਤਰ ਦੀ ਭੂਮਿਕਾ ਸੀਤਾ ਰਾਮ ਗੋਬਿੰਦਪੁਰਾ ਨੇ ਬਾਖੂਬੀ ਨਿਭਾਈ।

## ਸਰਕਾਰ ਦੀਆਂ ਸਕੀਮਾਂ ਦਾ ਲਾਭ ਹਰੇਕ ਯੋਗ ਲਾਭਪਾਤਰੀ ਤੱਕ ਪਹੁੰਚਾਇਆ ਜਾਵੇ : ਭਗਵੰਤ ਮਾਨ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਧਿਕਾਰੀਆਂ ਨੂੰ ਸੂਬਾ ਸਰਕਾਰ ਦੀਆਂ ਲੋਕ ਪੱਖੀ ਤੇ ਵਿਕਾਸ ਮੁਖੀ ਸਕੀਮਾਂ ਦਾ ਲਾਭ ਹਰੇਕ ਯੋਗ ਲਾਭਪਾਤਰੀ ਤੱਕ ਪਹੁੰਚਾਏ ਜਾਣ ਨੂੰ ਯਕੀਨੀ ਬਣਾਉਣ ਲਈ ਆਖਿਆ। ਇੱਥੇ ਵੱਖ-ਵੱਖ ਵਿਭਾਗਾਂ ਦੇ ਪ੍ਰਬੰਧਕੀ ਸਕੱਤਰਾਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੇ ਵਿਕਾਸ ਅਤੇ ਲੋਕਾਂ ਦੀ ਖ਼ੁਸ਼ਹਾਲੀ ਲਈ ਪੂਰਨ ਤੌਰ 'ਤੇ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਿਹਤ, ਸਿੱਖਿਆ, ਰੋਜ਼ਗਾਰ ਵਰਗੇ ਖੇਤਰ ਸੂਬਾ ਸਰਕਾਰ ਦੇ ਤਰਜੀਹੀ ਖੇਤਰ ਹਨ ਅਤੇ ਲੋਕਾਂ ਦੀ ਸਹੂਲਤ ਲਈ ਇਨ੍ਹਾਂ ਖੇਤਰਾਂ ਉਤੇ ਵੱਧ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਭਰ ਵਿੱਚ ਚੱਲ ਰਹੇ ਪ੍ਰਾਜੈਕਟਾਂ ਨੂੰ ਤੈਅ ਸਮੇਂ ਵਿੱਚ ਮੁਕੰਮਲ ਕੀਤਾ ਜਾਣਾ ਚਾਹੀਦਾ ਹੈ ਅਤੇ ਲੋਕਾਂ ਦੀ ਭਲਾਈ ਲਈ ਨਵੀਆਂ ਸਕੀਮਾਂ ਦੀ ਰੂਪ-ਰੇਖਾ ਉਲੀਕਣੀ ਚਾਹੀਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਵਿਕਾਸ ਅਤੇ ਲੋਕਾਂ ਦੀ ਭਲਾਈ ਲਈ ਸਰਕਾਰ ਕੋਲ ਫੰਡਾਂ ਦੀ ਕੋਈ ਘਾਟ ਨਹੀਂ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਾਫ-ਸੁਥਰਾ ਸ਼ਾਸਨ ਅਤੇ ਪਾਰਦਰਸ਼ੀ ਪ੍ਰਸ਼ਾਸਕੀ ਕੰਮਕਾਜ ਮੁਹੱਈਆ ਕਰਵਾਉਣਾ ਸੂਬੇ ਦੀ ਪ੍ਰਮੁੱਖ ਤਰਜੀਹ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਮੀਟਿੰਗ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਹੇਠਲੇ ਪੱਧਰ ਉਤੇ ਹਰੇਕ ਯੋਗ ਲਾਭਪਾਤਰੀ ਤੱਕ ਇਨ੍ਹਾਂ ਭਲਾਈ ਸਕੀਮ ਲਾਭ ਪਹੁੰਚਾਇਆ ਜਾਵੇ। ਮੁੱਖ ਮੰਤਰੀ ਨੇ ਕਿਹਾ ਕਿ ਸਮਾਜ ਭਲਾਈ ਸਕੀਮਾਂ ਨੂੰ ਲਾਗੂ ਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਢਿਲਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸੂਬਾ ਸਰਕਾਰ ਹਰ ਹਾਲ ਵਿੱਚ ਇਹ ਯਕੀਨੀ ਬਣਾਏਗੀ ਕਿ ਇਨ੍ਹਾਂ ਸਕੀਮਾਂ ਦਾ ਫਾਇਦਾ ਸਿਰਫ ਯੋਗ ਲੋਕਾਂ ਨੂੰ ਹੀ ਮਿਲੇ। ਉਨ੍ਹਾਂ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿ ਸੂਬੇ ਨੂੰ ਸਹੀ ਮਾਅਨਿਆਂ ਵਿੱਚ 'ਰੰਗਲਾ ਪੰਜਾਬ' ਬਣਾਇਆ ਜਾਵੇ ਜਿੱਥੇ ਹਰੇਕ ਨਾਗਰਿਕ ਸਵੈ-ਮਾਣ ਨਾਲ ਆਪਣਾ ਜੀਵਨ ਬਸਰ ਕਰ ਸਕੇ।

## ਜੌੜਾਮਾਜਰਾ ਵੱਲੋਂ ਕਰੱਸ਼ਰ ਮਾਲਕਾਂ, ਮਾਈਨਿੰਗ ਠੇਕੇਦਾਰਾਂ ਤੇ ਭੱਠਾ ਮਾਲਕਾਂ ਨਾਲ ਹੰਗਾਮੀ ਮੀਟਿੰਗਾਂ



**ਚੰਡੀਗੜ੍ਹ** : ਪੰਜਾਬ ਦੇ ਖਣਨ ਅਤੇ ਭੂ-ਵਿਗਿਆਨ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਸੂਬਾ ਵਾਸੀਆਂ ਨੂੰ ਸਸਤੀਆਂ ਦਰਾਂ 'ਤੇ ਰੇਤਾ-ਬਜਰੀ ਮਿਲਣਾ ਯਕੀਨੀ ਬਣਾਉਣ, ਗੈਰ-ਕਾਨੂੰਨੀ ਮਾਈਨਿੰਗ ਨੂੰ ਠੱਲ੍ਹ ਪਾਉਣ ਅਤੇ ਸੂਬੇ ਨੂੰ ਪ੍ਰਦੂਸ਼ਣ-ਮੁਕਤ ਕਰਨ ਲਈ ਪਰਾਲੀ ਦਾ ਨਿਪਟਾਰਾ ਯਕੀਨੀ ਬਣਾਉਣ ਲਈ ਕਰੱਸ਼ਰ ਮਾਲਕਾਂ, ਮਾਈਨਿੰਗ ਠੇਕੇਦਾਰਾਂ ਅਤੇ ਭੱਠਾ ਮਾਲਕਾਂ ਨਾਲ ਪੰਜਾਬ ਭਵਨ ਵਿਖੇ ਵੱਖੋ-ਵੱਖ ਹੰਗਾਮੀ ਮੀਟਿੰਗਾਂ ਕੀਤੀਆਂ ਗਈਆਂ। ਉਨ੍ਹਾਂ ਭੱਠਾ ਮਾਲਕਾਂ ਨੂੰ ਅਪੀਲ ਕੀਤੀ ਕਿ ਸੂਬੇ ਵਿੱਚ ਪਰਾਲੀ ਦਾ ਨਿਪਟਾਰਾ ਕਰਨਾ ਵੱਡਾ ਮੁੱਦਾ ਹੈ। ਇਸ ਲਈ ਸੂਬੇ ਨੂੰ ਪ੍ਰਦੂਸ਼ਣ-ਮੁਕਤ ਕਰਨ ਦੇ ਉਦਮਾਂ ਤਹਿਤ ਭੱਠਾ ਮਾਲਕ ਘੱਟੋ-ਘੱਟ 20 ਫੀਸਦੀ ਪਰਾਲੀ ਆਪਣੇ ਭੱਠਿਆਂ ਵਿੱਚ ਵਰਤਣ। ਉਨ੍ਹਾਂ ਨੇ ਭੱਠਾ ਮਾਲਕਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਵੱਲੋਂ 2 ਹੈਕਟੇਅਰ ਤੱਕ ਮਿੱਟੀ ਪੁੱਟਣ ਦੀ ਇਜਾਜ਼ਤ ਦੇਣ ਦੀ ਰੱਖੀ ਗਈ ਮੁੱਖ ਮੰਗ ਨੂੰ ਹਮਦਰਦੀ ਨਾਲ ਵਿਚਾਰਿਆ ਜਾਵੇਗਾ। ਜੌੜਾਮਾਜਰਾ ਨੇ ਮਾਈਨਿੰਗ ਠੇਕੇਦਾਰਾਂ ਨਾਲ ਮੀਟਿੰਗ ਦੌਰਾਨ ਪਾਰਦਰਸ਼ੀ ਅਤੇ ਸਾਫ-ਸੁਥਰੇ ਢੰਗ ਨਾਲ ਕੰਮ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਮਾਈਨਿੰਗ ਠੇਕੇਦਾਰ ਕਾਨੂੰਨੀ ਤਰੀਕੇ ਨਾਲ ਖਣਨ ਗਤੀਵਿਧੀਆਂ ਕਰ ਰਹੇ ਹਨ, ਇਸ ਲਈ ਪ੍ਰਸ਼ਾਸਨਿਕ ਅਮਲੇ ਰਾਹੀਂ ਉਨ੍ਹਾਂ ਨੂੰ ਪੂਰੀ ਮਦਦ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਗੈਰ-ਕਾਨੂੰਨੀ ਮਾਈਨਿੰਗ ਵਿਰੁੱਧ ਮੁਹਿੰਮ ਵਿੱਢੀ ਹੋਈ ਹੈ ਜਿਸ ਨਾਲ ਕਾਨੂੰਨੀ ਢੰਗ ਨਾਲ ਮਾਈਨਿੰਗ ਕਰ ਰਹੇ ਠੇਕੇਦਾਰਾਂ ਨੂੰ ਨਿਰੰਤਰ ਫਾਇਦਾ ਹੋਣਾ ਤੈਅ ਹੈ। ਇਸ ਦੌਰਾਨ ਮਾਈਨਿੰਗ ਠੇਕੇਦਾਰਾਂ ਵੱਲੋਂ ਖਣਨ ਲਈ ਪੌਕਲੇਨ ਮਸ਼ੀਨਾਂ ਵਰਤਣ ਦੀ ਮੰਗ 'ਤੇ ਮੰਤਰੀ ਨੇ ਕਿਹਾ ਕਿ ਇਸ ਮੰਗ ਸਬੰਧੀ ਹਮਦਰਦੀ ਨਾਲ ਵਿਚਾਰ ਕੀਤਾ ਜਾਵੇਗਾ। ਇਸੇ ਤਰ੍ਹਾਂ ਕਰੱਸ਼ਰ ਮਾਲਕਾਂ ਨਾਲ ਮੀਟਿੰਗ ਦੌਰਾਨ ਕੈਬਨਿਟ ਮੰਤਰੀ ਨੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਨੂੰ ਕਿਫਾਇਤੀ ਦਰਾਂ 'ਤੇ ਰੇਤ-ਬਜਰੀ ਮੁਹੱਈਆ ਕਰਾਉਣ ਲਈ ਅਤੇ ਕਰੱਸ਼ਰ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਸੂਬਿਆਂ ਦੀਆਂ ਨੀਤੀਆਂ ਨੂੰ ਘੋਖੇਗੀ। ਕਰੱਸ਼ਰ ਮਾਲਕਾਂ ਵੱਲੋਂ ਮਾਈਨਿੰਗ ਵਾਲੀਆਂ ਥਾਵਾਂ ਲੀਜ਼ 'ਤੇ ਦੇਣ ਦੀ ਮੰਗ ਬਾਰੇ ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਸਬੰਧੀ ਵਿਚਾਰ ਕੀਤਾ ਜਾਵੇਗਾ ਅਤੇ ਛੇਤੀ ਹੀ ਕੋਈ ਢੁਕਵਾਂ ਫੈਸਲਾ ਲਿਆ ਜਾਵੇਗਾ।

# ਹਾਈਵੇ ਲਈ 1.20 ਕਰੋੜ ਰੁਪਏ ਕਿੱਲਾ ਦੇਣ 'ਤੇ ਅੜੇ ਕਿਸਾਨ



**ਲੋਹੀਆਂ ਖਾਸ, (ਰੀਨਾ ਸ਼ਰਮਾ/ ਯੋਗੇਸ਼ਵਰ)** ਬੁੱਧਵਾਰ ਸਥਿਤੀ ਨਾਜ਼ੁਕ ਹੋ ਗਈ, ਜਦ ਕਿਸਾਨਾਂ ਨੇ ਨਿਰਮਾਣ ਅਧੀਨ ਅੰਮ੍ਰਿਤਸਰ-ਜਾਮਨਗਰ ਹਾਈਵੇ ਲਈ ਜ਼ਮੀਨਾਂ ਦੇ ਕਬਜ਼ੇ ਦੇਣ ਤੋਂ ਕੋਰੀ ਨਾਂਹ ਕਰਦਿਆਂ ਮੰਗ ਕੀਤੀ ਕਿ ਜਦ ਤੱਕ ਉਨ੍ਹਾਂ ਨੂੰ ਪ੍ਰਤੀ ਕਿੱਲਾ 1.20 ਕਰੋੜ ਰੁਪਏ ਨਹੀਂ ਮਿਲਦਾ, ਉਹ ਆਪਣੀਆਂ ਜ਼ਮੀਨਾਂ ਪ੍ਰਸ਼ਾਸਨ ਦੇ ਹਵਾਲੇ ਨਹੀਂ ਕਰਨਗੇ।

ਇਸ ਤੋਂ ਪਹਿਲਾਂ ਤੜਕੇ ਇੱਥੋਂ ਨੇੜਲੇ ਪਿੰਡ ਘੁੱਦੂਵਾਲ 'ਚ ਭਾਰੀ ਪੁਲਸ ਫੋਰਸ ਪਹੁੰਚਣ ਕਾਰਨ ਅਫਵਾਹ ਫੈਲ ਗਈ ਕਿ ਪ੍ਰਸ਼ਾਸਨ ਜ਼ਬਰਦਸਤੀ ਜ਼ਮੀਨਾਂ ਨੂੰ ਆਪਣੇ ਕਬਜ਼ੇ 'ਚ ਲੈ ਲਵੇਗਾ, ਪਰ ਕਿਸਾਨਾਂ ਦੇ ਇਕੱਠ ਤੋਂ ਬਾਅਦ ਇਹ ਕਾਰਵਾਈ ਪ੍ਰਸ਼ਾਸਨ ਨੇ ਰੋਕ ਦਿੱਤੀ। ਇਸ ਉਪਰੰਤ ਥਾਣਾ ਲੋਹੀਆਂ ਦੇ ਐੱਸ ਐੱਚ ਓ ਹਰਦੇਵਪ੍ਰੀਤ ਸਿੰਘ ਨੇ ਅਵਤਾਰ ਸਿੰਘ ਚੰਦੀ ਪ੍ਰਧਾਨ ਵਪਾਰ ਮੰਡਲ ਲੋਹੀਆਂ, ਹਰਬੀਰ ਸਿੰਘ ਕੰਗ ਕੌਂਸਲਰ ਤੇ ਹੋਰਨਾਂ ਕਿਸਾਨਾਂ ਨੂੰ ਸਬ-ਤਹਿਸੀਲ ਲੋਹੀਆਂ ਖਾਸ ਪੁੱਜਣ ਦਾ ਸੱਦਾ ਦਿੱਤਾ, ਤਾਂ ਕਿ ਉਨਾਂ ਦੀ ਮੁਲਾਕਾਤ ਜ਼ਿਲ੍ਹਾ ਰੈਵੇਨਿਊ ਅਫਸਰ ਅਰਵਿੰਦ ਨਾਲ ਕਰਵਾ ਕੇ ਇਸ ਮਸਲੇ ਦਾ ਹੱਲ ਗੱਲਬਾਤ ਰਾਹੀਂ ਕੀਤਾ ਜਾ ਸਕੇ। ਉਪਰੰਤ ਸਬ-ਤਹਿਸੀਲ ਲੋਹੀਆਂ 'ਚ ਵੱਡੀ ਗਿਣਤੀ 'ਚ ਪੁੱਜੇ ਕਿਸਾਨਾਂ ਨੇ ਜ਼ਿਲ੍ਹਾ ਰੈਵੇਨਿਊ ਅਫਸਰ ਨੂੰ ਸਾਫ ਲਫਜ਼ਾਂ 'ਚ ਦੱਸਿਆ ਕਿ ਜਦ ਤੱਕ ਸਰਕਾਰ ਉਨ੍ਹਾਂ ਦੀ ਜ਼ਮੀਨ ਦੀ ਕੀਮਤ 1.20 ਕਰੋੜ ਪ੍ਰਤੀ ਕਿੱਲਾ ਨਹੀਂ ਦਿੰਦੀ, ਤਦ ਤੱਕ ਉਹ ਆਪਣੀਆਂ ਜ਼ਮੀਨਾਂ ਸਰਕਾਰ ਨੂੰ ਨਹੀਂ ਸੌਂਪਣਗੇ। ਇਸ ਮੌਕੇ ਗੁਰਬੀਰ ਸਿੰਘ ਨੇ ਕਿਹਾ ਕਿ ਪਿਛਲੇ 3-4 ਸਾਲਾਂ ਤੋਂ ਕਿਸਾਨਾਂ ਨੂੰ ਇਸ ਸੰਬੰਧੀ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਤੇ ਸਾਡੇ ਨਾਲ ਅਫਸਰ ਵਾਅਦਾ ਕਰ ਕੇ ਮੁੱਕਰ ਜਾਂਦੇ ਹਨ। ਕਿਸਾਨਾਂ ਦੇ ਰੋਸ ਨੂੰ ਦੇਖਦੇ ਹੋਏ 5 ਮੈਂਬਰੀ ਕਮੇਟੀ ਵੀ ਮੌਕੇ 'ਤੇ ਬਣਾਈ ਗਈ, ਜਿਸ ਦੀ ਮੀਟਿੰਗ ਵੀਰਵਾਰ ਡਿਪਟੀ ਕਮਿਸ਼ਨਰ ਨਾਲ ਕਰਵਾਉਣ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਡੀ ਐੱਸ ਪੀ ਸ਼ਾਹਕੋਟ, ਤਹਿਸੀਲਦਾਰ ਸ਼ਾਹਕੋਟ, ਨਾਇਬ ਤਹਿਸੀਲਦਾਰ ਲੋਹੀਆਂ, ਐੱਸ ਐੱਚ ਓ ਲੋਹੀਆਂ ਹਰਦੇਵਪ੍ਰੀਤ ਸਿੰਘ ਤੋਂ ਇਲਾਵਾ ਹੋਰ ਵੀ ਉੱਚ ਅਧਿਕਾਰੀ ਹਾਜ਼ਰ ਸਨ। ਹਰ ਪਾਸੇ ਪੁਲਸ ਹੀ ਪੁਲਸ ਨਜ਼ਰ ਆ ਰਹੀ ਸੀ। ਇੱਥੋਂ ਤੱਕ ਕਿ ਦੰਗਾ ਰੋਕੂ ਪੁਲਸ ਵੀ ਲੋਹੀਆਂ 'ਚ ਹਾਜ਼ਰ ਸੀ। ਪੁਲਸ ਦੀ ਵੱਡੀ ਗਸ਼ਤ ਦੇਖ ਕੇ ਇੰਝ ਜਾਪ ਰਿਹਾ ਸੀ, ਜਿਵੇਂ ਪੁਲਸ ਕੋਈ ਵੱਡੀ ਕਾਰਵਾਈ ਕਰਨ ਜਾ ਰਹੀ ਹੋਵੇ, ਪਰ ਸ਼ਾਮ ਤੱਕ ਕੋਈ ਵੀ ਹਲਚਲ ਨਹੀਂ ਹੋਈ।

## ...ਸਫ਼ਾ 1 ਦੇ ਬਾਕੀ

### ਪਾਵਰ ਸੈਕਟਰ ਨੂੰ...

ਪ੍ਰਧਾਨ ਕਾਮਰੇਡ ਭਗਵਾਨ ਸਿੰਘ ਅਣਖੀ, ਸਤਨਾਮ ਸਿੰਘ ਛਲੇੜੀ, ਐੱਚ ਐੱਸ ਪ੍ਰਮਾਰ, ਮਹਿੰਦਰ ਸਿੰਘ ਬਟਾਲਾ, ਦਰਸ਼ਨ ਸਿੰਘ ਢਿੱਲੋਂ, ਦਿਲਬਾਗ ਸਿੰਘ ਅਟਵਾਲ, ਬਸੰਤ ਰਾਮ ਵੇਰਕਾ, ਰਣਜੀਤ ਸਿੰਘ ਬਿੰਝੋਕੀ, ਗੁਰਬਖ਼ਸ਼ ਸਿੰਘ, ਤੇਜਿੰਦਰ ਸਿੰਘ ਮੋਹੀ, ਪਦਮ ਸਿੰਘ ਠਾਕੁਰ, ਰਾਜਿੰਦਰ ਸਿੰਘ ਭੱਠਲ, ਮੁਸਤਾਕ ਮਸੀਹ ਆਦਿ ਵਿੱਛੜ ਚੁੱਕੇ ਆਗੂਆਂ ਅਤੇ ਨਾਮਵਰ ਸ਼ਖ਼ਸੀਅਤਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕਰਨ ਉਪਰੰਤ ਬਕਾਇਦਾ ਤੌਰ 'ਤੇ ਸਮਾਗਮ ਦੀ ਸ਼ੁਰੂਆਤ ਕੀਤੀ।

ਇਸ ਸਮਾਗਮ ਦੀ ਪ੍ਰਧਾਨਗੀ ਸਾਂਝੇ ਤੌਰ 'ਤੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ, ਵਰਕਿੰਗ ਪ੍ਰਧਾਨ ਗੁਰਵਿੰਦਰ ਸਿੰਘ, ਪ੍ਰਦਿਊਮਨ ਗੌਤਮ, ਬਲਵਿੰਦਰ ਸਿੰਘ ਉਦੀਪੁਰ, ਮਨਜੀਤ ਸਿੰਘ ਬਾਸਰਕੇ, ਕਰਤਾਰ ਸਿੰਘ ਦੇ ਅਧਾਰਤ ਸਾਂਝੇ ਪ੍ਰਧਾਨਗੀ ਮੰਡਲ ਨੇ ਕੀਤੀ । ਇਸ ਸਮਾਗਮ ਦਾ ਉਦਘਾਟਨੀ ਭਾਸ਼ਣ ਸਾਬਕਾ ਸੂਬਾ ਪ੍ਰਧਾਨ ਅਤੇ (ਐੱਫ ਈ) ਆਗੂ ਹਰਭਜਨ ਸਿੰਘ ਪਿਲਖਣੀ ਨੇ ਕਰਦਿਆਂ ਕਿਹਾ ਕਿ ਕਾਮਰੇਡ ਭਗਵਾਨ ਸਿੰਘ ਅਣਖੀ ਅਤੇ ਮਹਿੰਦਰ ਸਿੰਘ ਬਟਾਲਾ ਦੀ ਸੁਚੱਜੀ ਅਗਵਾਈ ਹੇਠ 1986 ਦੇ ਪੇ ਸਕੇਲਾਂ ਦੀ ਸੁਧਾਈ ਸਮੇਂ ਬਿਜਲੀ ਕਾਮਿਆਂ ਨੂੰ 9/16/23 ਸਾਲਾ ਸਕੇਲ ਦਿਵਾਉਣ ਦਾ ਮਿਸਾਲੀ ਕੰਮ ਨੇਪਰੇ ਚੜ੍ਹਿਆ ਸੀ, ਜਿਸ ਦਾ ਅਣਖੀ ਦੇ ਵਾਰਿਸਾਂ ਨੂੰ ਹਮੇਸ਼ਾ ਮਾਣ ਰਹੇਗਾ। ਉਨ੍ਹਾਂ ਕਿਹਾ ਕਿ ਵਿੱਛੜ ਗਏ ਹੋਰ ਆਗੂਆਂ ਵੱਲੋਂ ਜਥੇਬੰਦੀ ਦੇ ਆਗੂ ਹੁੰਦਿਆਂ ਮੁਲਾਜ਼ਮ ਲਹਿਰ ਲਈ ਪਾਏ ਵਡਮੁੱਲੇ ਯੋਗਦਾਨ ਨੂੰ ਯਾਦ ਰੱਖਦਿਆਂ ਬਿਜਲੀ ਕਾਮਿਆਂ ਨੂੰ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੇ ਮੁਲਾਜ਼ਮ ਵਿਰੋਧੀ ਰਵੱਈਏ ਖਿਲਾਫ ਰਹਿੰਦੀਆਂ ਪੈਂਡਿੰਗ ਮੰਗਾਂ ਦੀ ਪ੍ਰਾਪਤੀ ਲਈ ਹੋਰ ਲਾਮਬੰਦੀ ਕਰਕੇ ਤਿੱਖੇ ਸੰਘਰਸ਼ਾਂ ਲਈ ਕਮਰਕੱਸੇ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਹੋਏ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਏਟਕ ਦੇ ਜਨਰਲ ਸਕੱਤਰ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਨੇ ਕਾਮਰੇਡ ਭਗਵਾਨ ਸਿੰਘ ਅਣਖੀ ਸਮੇਤ ਵਿੱਛੜੇ ਆਗੂਆਂ ਵੱਲੋਂ ਮਜ਼ਦੂਰ ਜਮਾਤ ਦੀ ਬੰਦਖਿਲਾਸੀ ਲਈ ਕੀਤੇ ਸਿਰਤੋੜ ਯਤਨਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਪੰਜਾਬ ਦੀ ਪਹਿਲਾਂ ਅਮਰਿੰਦਰ ਸਿੰਘ, ਚਰਨਜੀਤ ਸਿੰਘ ਚੰਨੀ ਅਤੇ ਹੁਣ ਭਗਵੰਤ ਸਿੰਘ ਮਾਨ ਦੀ ਸਰਕਾਰ ਵੀ ਮੁਲਾਜ਼ਮਾਂ/ਮਜ਼ਦੂਰਾਂ ਸਮੇਤ ਸਮੁੱਚੇ ਮਿਹਨਤਕਸ਼ ਲੋਕਾਂ ਦੇ ਮਸਲਿਆਂ ਨੂੰ ਸੁਲਝਾਉਣ ਦੀ ਬਜਾਏ ਉਲਝਾਉਣ ਦੀ ਘਟੀਆ ਨੀਤੀ ਦੇ ਰਾਹ ਚੱਲ ਕੇ ਮਿਹਨਤਕਸ਼ ਜਮਾਤ ਨਾਲ ਧੋਖਾ ਕਰ ਰਹੀ ਹੈ । ਪੰਜਾਬ ਏਟਕ ਦੇ ਪ੍ਰਧਾਨ ਕਾਮਰੇਡ ਬੰਤ ਸਿੰਘ ਬਰਾੜ ਨੇ ਬੋਲਦਿਆਂ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਦੇਸ਼ ਦੇ ਸਮੁੱਚੇ ਪਾਵਰ ਸੈਕਟਰ ਨੂੰ ਪੂੰਜੀਪਤੀਆਂ ਦੇ ਹਵਾਲੇ ਕਰਨ ਵਾਲੇ ਬਿਜਲੀ ਬਿੱਲ 2022 ਤੁਰੰਤ ਵਾਪਸ ਲੈਣ ਦੀ ਮੰਗ ਕਰਦਿਆਂ ਮੋਦੀ ਸਰਕਾਰ ਦੇ ਹਿਟਲਰਸ਼ਾਹੀ ਰਵੱਈਏ ਵਿਰੁੱਧ ਵੱਡੀ ਲਾਮਬੰਦੀ ਕਰਨ ਦਾ ਹਾਜ਼ਰੀਨ ਨੂੰ ਸੱਦਾ ਦਿੱਤਾ। ਸਮਾਗਮ ਨੂੰ ਪਾਵਰਕਾਮ ਅਤੇ ਟ੍ਰਾਸਕੋ ਪੈਨਸ਼ਨਰ ਯੂਨੀਅਨ ਦੇ ਸੂਬਾ ਪ੍ਰਧਾਨ ਕਾਮਰੇਡ ਰਾਧੇਸ਼ਿਆਮ ਨੇ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ਸ਼ੀਲ ਲੋਕਾਂ ਦੀ ਏਕਤਾ ਉਸਾਰ ਕੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਸਾਂਝੇ ਘੋਲ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਸਲਾਹਕਾਰ ਉੱਘੇ ਟਰੇਡ ਯੂਨੀਅਨ ਆਗੂ ਕਾਮਰੇਡ ਜਗਰੂਪ ਸਿੰਘ ਨੇ ਕਾਮਰੇਡ ਅਣਖੀ ਸਮੇਤ ਵਿੱਛੜੇ ਆਗੂਆਂ ਨੂੰ ਸ਼ਰਧਾਂਜਲੀ ਭੇਟ ਕਰਦਿਆ ਹਾਜ਼ਰੀਨ ਨੂੰ ਪੂੰਜੀਪਤੀਆਂ ਦੀ ਦਲਾਲ ਮੋਦੀ ਸਰਕਾਰ ਦੇ ਸਮੇਂ ਅਡਾਨੀਆਂ/ਅੰਬਾਨੀਆਂ ਦੀਆਂ ਦੌਲਤਾਂ ਦੇ ਅੰਬਾਰ ਵੱਡੇ ਹੋਣ ਦੇ ਮੁਕਾਬਲਤਨ ਮਿਹਨਤਕਸ਼ ਜਮਾਤ ਦੇ ਹਿੱਸੇ ਆ ਰਹੀ ਦੁਰਗਤ ਦੀ ਲੋਕ ਵਿਰੋਧੀ ਨੀਤੀ ਨੂੰ ਸਮਝ ਕੇ ਸਿਧਾਂਤਕ ਸੰਘਰਸ਼ ਜਾਰੀ ਰੱਖਣ 'ਤੇ ਜ਼ੋਰ ਦਿੱਤਾ। ਉਨ੍ਹਾ ਕਿਹਾ ਕਿ ਦੇਸ਼ ਦੇ ਹਾਕਮ ਅੱਜ ਸੋਚੀ-ਸਮਝੀ ਸਾਜ਼ਿਸ਼ ਤਹਿਤ ਕੰਮ-ਦਿਹਾੜੀ ਵੱਡੀ ਕਰਨ ਦੀਆਂ ਵਿਉਂਤਬੰਦੀਆਂ ਕਰ ਰਹੇ ਹਨ, ਜਿਸ ਦਾ ਸੰਘਰਸ਼ਾਂ ਰਾਹੀਂ ਮੂੰਹ ਤੋੜ ਜਵਾਬ ਦੇਣਾ ਚਾਹੀਦਾ ਹੈ। ਇਸ ਮੌਕੇ ਸੰਬੋਧਨ ਕਰਦਿਆਂ ਕੁੱਲ ਹਿੰਦ ਬਿਜਲੀ ਫੈਡਰੇਸ਼ਨ ਦੇ ਆਗੂ ਨਰਿੰਦਰ ਸੈਣੀ ਨੇ ਪਾਵਰ ਮੈਨੇਜਮੈਂਟ ਕੋਲੋਂ ਮੰਗ ਕੀਤੀ ਕਿ ਬਿਜਲੀ ਮੁਲਾਜ਼ਮ ਏਕਤਾ ਮੰਚ ਨਾਲ ਹੋਈਆਂ ਮੀਟਿੰਗਾਂ ਸਮੇਂ ਜਿਨ੍ਹਾਂ ਮੰਗਾਂ 'ਤੇ ਸਹਿਮਤੀਆਂ ਬਣੀਆਂ ਹਨ, ਉਨ੍ਹਾਂ ਨੂੰ ਤੁਰੰਤ ਲਾਗੂ ਕੀਤਾ ਜਾਵੇ।

ਇਸ ਮੌਕੇ ਬੋਲਦਿਆਂ ਜਥੇਬੰਦੀ ਦੇ ਸੂਬਾ ਆਗੂਆਂ ਬਲਜੀਤ ਕੁਮਾਰ, ਗੁਰਧਿਆਨ ਸਿੰਘ, ਦਰਸ਼ਨ ਲਾਲ, ਰਛਪਾਲ ਸਿੰਘ ਪਾਲੀ, ਦਵਿੰਦਰ ਸਿੰਘ, ਬਲਜੀਤ ਕੁਮਾਰ, ਬਲਜਿੰਦਰ ਕੌਰ ਤੋਂ ਇਲਾਵਾ ਐੱਫ ਈ ਆਗੂ ਜਸਬੀਰ ਸਿੰਘ, ਜਗਦੀਸ਼ ਕੁਮਾਰ, ਨਰਿੰਦਰ ਬੱਲ ਨੇ ਸੀ ਆਰ ਏ 295/19 ਰਾਹੀਂ ਭਰਤੀ ਕੀਤੇ ਸਹਾਇਕ ਲਾਈਨਮੈਨਾਂ ਨੂੰ ਤੁਰੰਤ ਰੈਗੂਲਰ ਕਰਨ ਦੀ ਮੰਗ ਕਰਦੇ ਹੋਏ ਕਾਮਰੇਡ ਭਗਵਾਨ ਸਿੰਘ ਅਣਖੀ ਅਤੇ ਵਿੱਛੜੇ ਆਗੂਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸਿਧਾਂਤਕ ਅਤੇ ਸਿਰੜੀ ਆਗੂਆਂ ਦੇ ਪਾਏ ਪੂਰਨਿਆਂ 'ਤੇ ਚੱਲਣ ਦਾ ਪ੍ਰਣ ਲਿਆ। ਸਮਾਗਮ ਸਮੇਂ ਵੱਖ-ਵੱਖ ਮੁੱਦਿਆਂ ਨੂੰ ਉਭਾਰਦੇ ਮਤੇ ਵੀ ਪੇਸ਼ ਕੀਤੇ, ਜਿਨ੍ਹਾਂ ਨੂੰ ਹਾਜ਼ਰੀਨ ਨੇ ਨਾਅਰਿਆਂ ਦੀ ਗੂੰਜ ਵਿੱਚ ਹੱਥ ਖੜੇ ਕਰਕੇ ਪਾਸ ਕੀਤਾ। ਇਸ ਮੌਕੇ ਹਰੇਕ ਸਾਲ ਦੀ ਤਰ੍ਹਾਂ ਕਾਮਰੇਡ ਅਣਖੀ ਦੀ ਯਾਦ ਨੂੰ ਸਮਰਪਿਤ ਨਵੇਂ ਸਾਲ 2024 ਦੀ ਡਾਇਰੀ, ਮਾਸਿਕ ਬਿਜਲੀ ਉਜਾਲਾ ਅਤੇ ਨਵਾਂ ਜ਼ਮਾਨਾ ਦਾ ਵਿਸ਼ੇਸ਼ ਅੰਕ ਵੀ ਰਿਲੀਜ਼ ਕੀਤਾ ਗਿਆ।

ਇਸ ਸਮਾਗਮ ਵਿੱਚ ਹਾਜ਼ਰ ਵਿੱਛੜ ਗਏ ਆਗੂਆਂ ਦੇ ਪਰਵਾਰਕ ਮੈਂਬਰਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਸਮਾਗਮ ਦੇ ਅਖੀਰ ਵਿੱਚ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਪੰਜਾਬ ਦੇ ਕੋਨੇ-ਕੋਨੇ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਆਏ ਵਰਕਰਾਂ ਅਤੇ ਆਗੂਆਂ ਸਮੇਤ ਸੁਚੱਜੇ ਪ੍ਰਬੰਧਾਂ ਲਈ ਸਾਥੀ ਹਰਭਜਨ ਸਿੰਘ ਪਿਲਖਣੀ ਅਤੇ ਬਲਜੀਤ ਕੁਮਾਰ ਦੀ ਅਗਵਾਈ ਹੇਠ ਪਟਿਆਲਾ ਸਰਕਲ ਦੇ ਪ੍ਰਧਾਨ ਗੁਰਦਿਆਲ ਸਿੰਘ ਬੱਬੂ, ਅਰਸ਼ਦੀਪ ਸਿੰਘ ਸਮੇਤ ਸਮੁੱਚੀ ਟੀਮ ਦਾ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਜਥੇਬੰਦੀ ਦੇ ਸਾਬਕਾ ਸੂਬਾ ਆਗੂਆਂ ਸਾਥੀ ਚੰਦ ਸਿੰਘ ਡੋਡ, ਜਗਦੇਵ ਸਿੰਘ ਬਾਹੀਆ, ਕੇਵਲ ਸਿੰਘ ਬਨਵੈਤ, ਏਕਤਾ ਮੰਚ ਦੇ ਸੂਬਾ ਆਗੂ ਮਨਜੀਤ ਸਿੰਘ, ਰਣਜੀਤ ਸਿੰਘ ਗਿੱਲ, ਰਾਮ ਕੁਮਾਰ, ਬਲਬੀਰ ਸਿੰਘ ਮਾਨ, ਚਮਕੌਰ ਸਿੰਘ ਆਦਿ ਨੇ ਵੀ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ। ਸਮਾਗਮ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਸੂਬਾ ਜਨਰਲ ਸਕੱਤਰ ਸੁਰਿੰਦਰਪਾਲ ਸਿੰਘ ਲਹੌਰੀਆ ਨੇ ਬਾਖੂਬੀ ਨਿਭਾਈ।

### ਅਹਿਮ ਮਾਮਲਿਆਂ 'ਚ...

ਵੀ ਮੰਗਲਵਾਰ ਉਨ੍ਹਾ ਦੀ ਬੈਂਚ ਅੱਗੇ ਚੱਲ ਰਹੇ ਮਾਮਲੇ ਨੂੰ ਅੰਤਮ ਸਮੇਂ ਹਟਾਏ ਜਾਣ 'ਤੇ ਨਾਖੁਸ਼ੀ ਜ਼ਾਹਰ ਕੀਤੀ ਸੀ। ਕੇਂਦਰ ਖਿਲਾਫ ਹੱਤਕ ਅਦਾਲਤ ਨਾਲ ਸੰਬੰਧਤ ਤਿੰਨ ਪਟੀਸ਼ਨਾਂ 'ਤੇ ਸੁਣਵਾਈ ਹੋਣੀ ਸੀ, ਪਰ ਬਿਨਾਂ ਕਿਸੇ ਸਪੱਸ਼ਟੀਕਰਨ ਤੇ ਸੂਚਨਾ ਦੇ ਮਾਮਲਿਆਂ ਨੂੰ ਸੂਚੀ ਵਿੱਚੋਂ ਹਟਾ ਦਿੱਤਾ ਗਿਆ। ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਤੇ ਤਬਾਦਲੇ ਵਿਚ ਵਾਰ-ਵਾਰ ਦੇਰ ਕਰਨ ਦੇ ਮਾਮਲੇ 'ਤੇ ਪੰਜ ਦਸੰਬਰ ਨੂੰ ਸੁਣਵਾਈ ਹੋਣੀ ਸੀ। ਪਟੀਸ਼ਨਰਾਂ ਵਿੱਚੋਂ ਇਕ ਐੱਨ ਜੀ ਓ ਕਾਮਨ ਕਾਜ਼ ਦੇ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਪ੍ਰੋਟੈੱਸਟ ਕੀਤਾ ਤਾਂ ਜਸਟਿਸ ਕੌਲ ਨੇ ਜਵਾਬ ਦਿੱਤਾ—ਮੈਨੂੰ ਯਕੀਨ ਹੈ ਕਿ ਚੀਫ ਜਸਟਿਸ ਨੂੰ ਮਾਮਲਾ ਸੂਚੀ 'ਚੋਂ ਹਟਾਉਣ ਬਾਰੇ ਪਤਾ ਹੋਵੇਗਾ, ਪਰ ਮੈਨੂੰ ਨਹੀਂ ਪਤਾ। ਕੁਝ ਗੱਲਾਂ ਨੂੰ ਅਣਕਿਹਾ ਛੱਡ ਦੇਣਾ ਹੀ ਬਿਹਤਰ ਹੈ।

ਜਸਟਿਸ ਕੌਲ, ਜਿਹੜੇ 25 ਦਸੰਬਰ ਨੂੰ ਰਿਟਾਇਰ ਹੋਣ ਵਾਲੇ ਹਨ, ਨੇ ਜੱਜਾਂ ਦੇ ਮਾਮਲਿਆਂ ਵਿਚ ਕਈ ਵਾਰ ਕੇਂਦਰ ਸਰਕਾਰ ਦੀ ਖਿਚਾਈ ਕੀਤੀ ਸੀ।

ਸੁਪਰੀਮ ਕੋਰਟ ਦੇ ਚੀਫ ਜਸਟਿਸ ਚੰਦਰਚੂੜ ਨੇ ਬੈਂਚਾਂ ਬਦਲਣ ਜਾਂ ਸੂਚੀ ਵਿੱਚੋਂ ਮਾਮਲੇ ਹਟਾਉਣ ਬਾਰੇ ਕੋਈ ਬਿਆਨ ਨਹੀਂ ਦਿੱਤਾ। ਹੈਰਾਨੀ ਪ੍ਰਗਟਾਈ ਜਾ ਰਹੀ ਹੈ ਕਿ ਇਹ ਸਭ ਕੁਝ ਕਿਸ ਦੇ ਇਸ਼ਾਰੇ 'ਤੇ ਹੋ ਰਿਹਾ ਹੈ।

### ਸੁਖਦੇਵ ਗੁੱਗਾਮਾੜੀ...

ਦਾ ਬੇਟਾ 9 ਨਵੰਬਰ ਨੂੰ ਮਹਿੰਦਰਗੜ੍ਹ 'ਚ ਮੁਰੰਮਤ ਲਈ ਦਿੱਤੀ ਕਾਰ ਲੈਣ ਗਿਆ ਸੀ। ਉਸ ਦਿਨ ਤੋਂ ਬਾਅਦ ਉਸ ਨਾਲ ਸੰਪਰਕ ਨਹੀਂ ਹੋਇਆ। ਫੌਜੀ ਦੇ ਨਾਲ ਪੜ੍ਹੇ ਦੀਪਕ ਨੇ ਦੱਸਿਆ ਕਿ ਉਹ ਪੜ੍ਹਾਈ ਵਿਚ ਚੰਗਾ ਸੀ। ਫਿਰ ਉਸ ਨੇ ਫੌਜ ਵਿਚ ਭਰਤੀ ਹੋਣ ਦਾ ਫੈਸਲਾ ਕੀਤਾ। ਪਤਾ ਨਹੀਂ ਕਿਸ ਨੇ ਉਸ ਨੂੰ ਕੁਰਾਹੇ ਪਾ ਦਿੱਤਾ। ਗੁੱਗਾਮਾੜੀ ਦੇ ਕਤਲ ਵਿਰੁੱਧ ਬੰਦ ਦੇ ਸੱਦੇ 'ਤੇ ਜੈਪੁਰ ਤੇ ਹੋਰਨਾਂ ਸ਼ਹਿਰਾਂ ਵਿਚ ਬੰਦ ਰਿਹਾ। ਰਾਜਪੂਤ ਆਗੂ ਰਾਜ ਸ਼ੇਖਾਵਤ ਨੇ ਕਿਹਾ ਕਿ ਗੋਲੀ ਦਾ ਜਵਾਬ ਗੋਲੀ ਨਾਲ ਦਿੱਤਾ ਜਾਵੇ। ਕਤਲ ਲਈ ਜ਼ਿੰਮੇਵਾਰ ਲੋਕਾਂ ਦਾ ਐਨਕਾਊਂਟਰ ਕੀਤਾ ਜਾਵੇ। ਪੰਜਾਬ ਦੇ ਡੀ ਜੀ ਪੀ ਦਫਤਰ ਨੇ ਸੁਖਦੇਵ ਨੂੰ ਮਾਰਨ ਦੀ ਸਾਜ਼ਿਸ਼ ਬਾਰੇ ਫਰਵਰੀ 'ਚ ਰਾਜਸਥਾਨ ਪੁਲਸ ਨੂੰ ਪੱਤਰ ਲਿਖਿਆ ਸੀ। ਪੱਤਰ 'ਚ ਲਿਖਿਆ ਸੀ-ਸੂਹ ਮੁਤਾਬਕ ਬਿਸ਼ਨੋਈ ਗੈਂਗ ਦੇ ਸੰਪਤ ਨਹਿਰਾ, ਜੋ ਇਸ ਸਮੇਂ ਕੇਂਦਰੀ ਜੇਲ੍ਹ ਬਠਿੰਡਾ 'ਚ ਬੰਦ ਹੈ, ਨੇ ਰਾਜਪੂਤ ਭਾਈਚਾਰੇ ਦੀ ਕਰਣੀ ਸੈਨਾ ਦੇ ਪ੍ਰਧਾਨ ਸੁਖਦੇਵ ਸਿੰਘ ਗੁੱਗਾਮਾੜੀ ਨੂੰ ਮਾਰਨ ਦੀ ਸਾਜ਼ਿਸ਼ ਰਚੀ ਹੈ।

## ਰਾਜੋਆਣਾ ਮੁੱਦਾ : ਸਿੰਘ ਸਾਹਿਬਾਨ ਦੀ ਕੇਂਦਰ ਨੂੰ ਚਿਤਾਵਨੀ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)**-ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਬੁੱਧਵਾਰ ਪੰਜ ਸਿੰਘ ਸਾਹਿਬਾਨ ਦੀ ਜ਼ਰੂਰੀ ਇਕੱਤਰਤਾ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਸ਼ਾਮਲ ਹੋਏ। ਇਸ ਦੌਰਾਨ ਬਲਵੰਤ ਸਿੰਘ ਰਾਜੋਆਣਾ ਵੱਲੋਂ ਭੇਜੀਆਂ ਪੱਤਰਕਾਵਾਂ ਉੱਤੇ ਗੰਭੀਰ ਵਿਚਾਰ-ਵਟਾਂਦਰਾ ਕਰਨ ਉਪਰੰਤ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਗਿਆ, ਜੋ ਤੁਰੰਤ ਹੀ ਆਪਣੀ ਕਾਰਵਾਈ ਆਰੰਭ ਕਰੇਗੀ। ਕਮੇਟੀ ਵਿਚ ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ, ਬਰਜਿੰਦਰ ਸਿੰਘ ਹਮਦਰਦ, ਬੀਬੀ ਕਮਲਦੀਪ ਕੌਰ ਰਾਜੋਆਣਾ ਤੇ ਵਿਰਸਾ ਸਿੰਘ ਵਲਟੋਹਾ ਨੂੰ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ ਹੈ। ਸਿੱਖ ਸਾਹਿਬਾਨ ਨੇ ਆਦੇਸ਼ ਦਿੱਤਾ ਕਿ ਜੇਕਰ ਕੇਂਦਰ ਸਰਕਾਰ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ 31 ਦਸੰਬਰ ਤੱਕ ਰੱਦ ਨਹੀਂ ਕਰਦੀ ਤਾਂ ਰਾਜੋਆਣਾ ਦੀਆਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਵਾਰ-ਵਾਰ ਪੁੱਜੀਆਂ ਪੱਤਰਕਾਵਾਂ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੀ ਪਾਈ ਹੋਈ ਅਪੀਲ 'ਤੇ ਵਿਚਾਰ ਕਰੇ।

ਪੰਜ ਸਿੰਘ ਸਾਹਿਬਾਨ ਵੱਲੋਂ ਰਾਜੋਆਣਾ ਨੂੰ ਆਦੇਸ਼ ਦਿੱਤਾ ਕਿ ਉਹ ਕਿਸੇ ਵੀ ਢੰਗ ਨਾਲ ਆਪਣੀ ਸਿਹਤ ਦਾ ਨੁਕਸਾਨ ਨਾ ਕਰਨ, ਤੁਰੰਤ ਆਪਣੀ ਭੁੱਖ ਹੜਤਾਲ ਵਾਪਸ ਲੈ ਕੇ ਆਪਣੀ ਸਿਹਤ ਦਾ ਖਿਆਲ ਰੱਖਣ। ਜੇਕਰ ਦਿੱਤੇ ਸਮੇਂ ਦੇ ਅੰਦਰ-ਅੰਦਰ ਕੇਂਦਰ ਸਰਕਾਰ ਸੁਹਿਰਦਤਾ ਵਾਲਾ ਫੈਸਲਾ ਨਹੀਂ ਲੈਂਦੀ ਤਾਂ ਉਸ ਤੋਂ ਬਾਅਦ ਪੈਦਾ ਹੋਣ ਵਾਲੀ ਸਥਿਤੀ ਦੀ ਜ਼ਿੰਮੇਵਾਰ ਸਰਕਾਰ ਹੋਵੇਗੀ।

## ਟਰੰਪ ਨਾ ਖੜ੍ਹਦਾ ਤਾਂ ਸ਼ਾਇਦ ਮੈਂ ਵੀ ਮੁੜ ਚੋਣ ਨਾ ਲੜਦਾ : ਬਾਇਡਨ



ਬੋਸਟਨ : ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਚੋਣ ਮੁਹਿੰਮ ਦੇ ਦਾਨੀਆਂ ਨੂੰ ਕਿਹਾ-ਜੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਰਾਸ਼ਟਰਪਤੀ ਅਹੁਦੇ ਦੀ ਦੌੜ 'ਚ ਨਾ ਹੁੰਦੇ ਤਾਂ ਸ਼ਾਇਦ ਉਹ ਦੁਬਾਰਾ ਇਸ ਅਹੁਦੇ ਲਈ ਚੋਣ ਨਾ ਲੜਦੇ। ਯਕੀਨੀ ਤੌਰ 'ਤੇ ਅਸੀਂ ਉਸ ਨੂੰ ਜਿੱਤਣ ਨਹੀਂ ਦੇ ਸਕਦੇ। ਉਨ੍ਹਾ ਚਿਤਾਵਨੀ ਦਿੱਤੀ ਕਿ 2024 'ਚ ਲੋਕਤੰਤਰ ਵਧੇਰੇ ਖਤਰੇ 'ਚ ਹੈ ਅਤੇ ਟਰੰਪ ਤੇ ਉਸ ਦੇ ਸਹਿਯੋਗੀ ਲੋਕਤੰਤਰੀ ਸੰਸਥਾਵਾਂ ਨੂੰ ਤਬਾਹ ਕਰਨ 'ਤੇ ਤੁਲੇ ਹੋਏ ਹਨ। ਰਾਸ਼ਟਰਪਤੀ ਨੇ ਫੰਡ ਇਕੱਠਾ ਕਰਨ ਵਾਲੇ ਸਮਾਗਮ ਨੂੰ ਸੰਬੋਧਨ ਕਰਦਿਆਂ ਲੋਕਾਂ ਨੂੰ ਚਿਤਾਵਨੀ ਦਿੱਤੀ ਕਿ ਜੇ ਸਾਬਕਾ ਰਾਸ਼ਟਰਪਤੀ ਟਰੰਪ ਨੇ ਮੁੜ ਵ੍ਹਾਈਟ ਹਾਊਸ 'ਤੇ ਕੰਟਰੋਲ ਦਾ ਦਾਅਵਾ ਕੀਤਾ ਤਾਂ ਕੀ ਹੋ ਸਕਦਾ ਹੈ।

## ਸਵ: ਬਾਦਲ ਦੀ ਯਾਦ 'ਚ ਖ਼ੂਨਦਾਨ ਕੈਂਪ ਭਲਕੇ : ਵਿਨਰਜੀਤ ਸਿੰਘ ਗੋਲਡੀ

**ਸੰਗਰੂਰ (ਪ੍ਰਵੀਨ ਸਿੰਘ)** ਪਾਰਟੀ ਵਰਕਰਾਂ ਨਾਲ ਗੱਲਬਾਤ ਕਰਦਿਆਂ ਹਲਕਾ ਇੰਚਾਰਜ ਸੰਗਰੂਰ ਵਿਨਰਜੀਤ ਸਿੰਘ ਗੋਲਡੀ ਨੇ ਦੱਸਿਆ ਕਿ 8 ਦਸੰਬਰ ਪਰਕਾਸ਼ ਸਿੰਘ ਬਾਦਲ ਸਾਬਕਾ ਮੁੱਖ ਮੰਤਰੀ, ਪੰਜਾਬ ਦੇ ਜਨਮ ਦਿਵਸ ਨੂੰ 'ਸਦਭਾਵਨਾ ਦਿਵਸ' ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ। ਵਿਨਰਜੀਤ ਸਿੰਘ ਗੋਲਡੀ ਨੇ ਦੱਸਿਆ 8 ਦਸੰਬਰ ਨੂੰ ਪੰਜਾਬ ਦੇ ਸਾਰੇ ਵਿਧਾਨ ਸਭਾ ਹਲਕਿਆਂ ਵਿੱਚ ਸਵੇਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣਗੇ। ਉਨ੍ਹਾਂ ਸਮੁੱਚੇ ਹਲਕੇ ਦੇ ਵਰਕਰਾਂ ਨੂੰ ਸਵੇਰੇ 9 ਵਜੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਭਵਾਨੀਗੜ੍ਹ ਵਿਖੇ ਪਹੁੰਚਣ ਦੀ ਅਪੀਲ ਕੀਤੀ ਤੇ ਬਾਦਲ ਦੀ ਯਾਦ ਵਿੱਚ ਖ਼ੂਨਦਾਨ ਕੈਂਪ ਦੌਰਾਨ ਵੱਧ ਤੋਂ ਵੱਧ ਵਰਕਰ ਖ਼ੂਨਦਾਨ ਕਰਨ ਵਿੱਚ ਆਪਣਾ ਯੋਗਦਾਨ ਪਾਉਣ। ਉਨ੍ਹਾਂ ਸਮੂਹ ਪੰਜਾਬੀਆਂ ਨੂੰ ਬੇਨਤੀ ਕਰਦਿਆਂ ਕਿਹਾ ਕਿ ਪੰਜਾਬ 'ਚ ਅਮਨ ਸ਼ਾਂਤੀ ਅਤੇ ਭਾਈਚਾਰਕ ਸਾਂਝ ਸਥਾਪਤ ਕਰਨ ਵਾਲੇ, ਕਿਸਾਨਾਂ ਤੇ ਮਜ਼ਦੂਰਾਂ ਦੇ ਮਸੀਹਾ ਅਤੇ ਫ਼ਖ਼ਰ-ਏ-ਕੌਮ, ਪੰਥ ਰਤਨ ਪ੍ਰਕਾਸ਼ ਸਿੰਘ ਬਾਦਲ ਦੇ ਜਨਮ ਦਿਹਾੜੇ 'ਤੇ ਸਦਭਾਵਨਾ ਦਿਵਸ ਮੌਕੇ ਖ਼ੂਨਦਾਨ ਕਰਕੇ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਦਈਏ।ਸਦਭਾਵਨਾ ਦਿਵਸ ਪ੍ਰੋਗਰਾਮ ਦੀ ਤਿਆਰੀ ਹਲਕੇ ਦੇ ਸਰਕਲ ਪ੍ਰਧਾਨ ਰੁਪਿੰਦਰ ਸਿੰਘ ਰੰਧਾਵਾ, ਹਰਵਿੰਦਰ ਸਿੰਘ ਗੋਲਡੀ ਤੂਰ, ਵਿੰਦਰ ਸਿੰਘ ਬਟਰਿਆਣਾ, ਜਤਿੰਦਰ ਸਿੰਘ (ਵਿੱਕੀ) ਕੋਚ ਦੀ ਰਹਿਨੁਮਾਈ ਹੇਠ ਕੀਤੀ ਜਾ ਰਹੀ ਹੈ। ਇਨ੍ਹਾਂ ਸਾਰੇ ਸਰਕਲ ਪ੍ਰਧਾਨਾਂ ਵੱਲੋਂ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਹ ਵਿਚਾਰਧਾਰਾ ਨੂੰ ਲੋਕਾਂ ਤੱਕ ਵੱਧ ਤੋਂ ਵੱਧ ਪੁਚਾਉਣ ਦਾ ਉਪਰਾਲਾ ਕੀਤਾ ਜਾਵੇ। ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਸਿੰਘ ਸੰਘਰੇੜੀ ਵੀ ਪਹੁੰਚਣਗੇ। ਇਸ ਮੌਕੇ ਹਰਵਿੰਦਰ ਸਿੰਘ ਕਾਕੜਾ, ਜੱਗੀ ਸੰਗਤਪੁਰਾ, ਜਗਤਾਰ ਸਿੰਘ, ਸੋਮਾ ਫੱਗੂਵਾਲਾ, ਕਰਨੈਲ ਸਿੰਘ ਕਾਲਾਝਾੜ, ਜੱਗੀ ਘਰਾਚੋਂ, ਜਸਪ੍ਰੀਤ ਸਿੰਘ ਤੇ ਜਸਵੀਰ ਸਿੰਘ ਆਦਿ ਅਕਾਲੀ ਆਗੂ ਹਾਜ਼ਰ ਸਨ।

**CSL Finance Limted**

**Reg. off.:** 410-412,18/12, 4th Floor, W.E.A, Arya Samaj Road, Karol Bagh, New Delhi-110005,
**Corp off.:** 716-717, 7th Floor, Tower B, World Trade Tower, Sector 16, Noida, 201301, (U.P.)
Ph.: +91 120 4290650/52/53/54/55, Email: info@cslfinance.in, Legal@cslfinance.in.,
Web.: www.cslfinance.in, CIN: L74899DL1992PLC051462

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ 2002 ('ਸਰਫੇਸੀ ਐਕਟ 2002') ਤਹਿਤ ਅਚੱਲ ਜਾਇਦਾਦ ਦੀ ਵਿਕਰੀ ਲਈ ਜਨਤਕ ਨਿਲਾਮੀ ਨੋਟਿਸ**

ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰ/ਸਹਿ-ਕਰਜ਼ਦਾਰ ਨੇ ਸੀ ਐੱਸ ਐੱਲ ਫਾਇਨਾਂਸ ਲਿਮਟਿਡ ('ਰਿਨਦਾਤਾ') ਕੋਲ ਅਚੱਲ ਜਾਇਦਾਦ (ਜੋ ਕਿ ਹੇਠਾਂ ਦਰਸਾਈ ਗਈ ਹੈ) ਰਹਿਣ ਕੀਤੀ ਹੈ ਅਤੇ ਉਕਤ ਅਚੱਲ ਜਾਇਦਾਦ (ਸਕਿਓਰਡ ਐੱਸਟ/ਜਾਇਦਾਦ) ਦਾ ਰਿਨਦਾਤਾ ਦੇ ਅਧਿਕਾਰਤ ਅਫਸਰ ਨੇ ਸਰਫੇਸੀ ਐਕਟ 2002 ਅਤੇ ਇਸ ਦੇ ਰੂਲਜ਼ ਤਹਿਤ ਕਬਜ਼ਾ ਪ੍ਰਾਪਤ ਕਰ ਲਿਆ ਹੈ। ਬਕਾਇਆ ਕਰਜ਼ਾ ਸਮੇਤ ਲਾਗੂ ਵਿਆਜ, ਫੀਸ, ਚਾਰਜਿਜ਼ ਅਤੇ ਲਾਗਤਾਂ ਵਸੂਲ ਕਰਨ ਲਈ ਰਿਨਦਾਤਾ ਵੱਲੋਂ ਜਨਤਕ ਨਿਲਾਮੀ ਰਾਹੀਂ ਬੋਲੀ ਕਰਕੇ ਸਕਿਓਰਡ ਐੱਸਟ ਦੀ ਵਿਕਰੀ ਕੀਤੀ ਜਾਵੇਗੀ। ਸਕਿਓਰਡ ਐੱਸਟ ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ, ਜੋ ਵੀ ਹੈ ਜਿਵੇਂ ਹੈ, ਉੱਥੇ ਜੋ ਵੀ ਹੈ ਅਤੇ ਬਿਨਾਂ ਰਿਕੋਰਸ ਅਧਾਰ' ਤੋਂ ਸਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ (ਇਸ ਤੋਂ ਬਾਅਦ ਰੂਲਜ਼ ਵੱਲੋਂ ਹਵਾਲਾ) ਨੰਬਰ 8 ਅਤੇ 9 ਤਹਿਤ ਅਤੇ ਹੇਠਾਂ ਦਰਸਾਈਆਂ ਸ਼ਰਤਾਂ ਅਤੇ ਨਿਯਮਾਂ ਦੇ ਅਨੁਸਾਰ ਕੀਤੀ ਜਾਵੇਗੀ।

| ਕਰਜ਼ਦਾਰਾਂ ਦਾ ਨਾਂਅ ਅਤੇ ਪਤਾ | ਸਹਿ-ਕਰਜ਼ਦਾਰ ਦੇ ਨਾਂਅ ਅਤੇ ਪਤੇ | |
|---|---|---|
| ਕਰਜ਼ਦਾਰ : ਸੁਭਾਸ਼ ਬਵੇਜਾ, ਮਕਾਨ ਨੰ. 4131/ਈ, ਗਲੀ ਨੰ. 4, ਨਿਊ ਮਾਧੋਪੁਰੀ, ਲੁਧਿਆਣਾ, ਭਾਰਤ ਨਗਰ ਚੌਕ, ਨੇੜੇ ਹਨੂੰਮਾਨ ਮੰਦਰ, ਲੁਧਿਆਣਾ, ਪੰਜਾਬ-141001 ਕਰਜ਼ਾ ਖਾਤਾ ਨੰ. SMELUDNIRML000005002487 | ਸਹਿ-ਕਰਜ਼ਦਾਰ : ਸੋਨੀਆ ਬਵੇਜਾ (ਸਕਿਊਰਟੀ ਪ੍ਰੋਵਾਈਡਰ) ਮੇਘਵ ਬਵੇਜਾ, ਮਕਾਨ ਨੰ. 4131/ਈ, ਗਲੀ ਨੰ. 4, ਨਿਊ ਮਾਧੋਪੁਰੀ, ਲੁਧਿਆਣਾ, ਭਾਰਤ ਨਗਰ ਚੌਕ, ਨੇੜੇ ਹਨੂੰਮਾਨ ਮੰਦਰ, ਲੁਧਿਆਣਾ, ਪੰਜਾਬ-141001 | ਮਿਤੀ 06.05.2023 ਦੇ ਡਿਮਾਂਡ ਨੋਟਿਸ ਅਨੁਸਾਰ ਬਕਾਇਆ ਰਕਮ : ਰੁਪਏ 56,17,713/- (ਛਪੰਜਾ ਲੱਖ ਸਤਾਰਾਂ ਹਜ਼ਾਰ ਸੱਤ ਸੌ ਤੇਰਾਂ ਰੁਪਏ ਕੇਵਲ) 5.5.2023 ਨੂੰ ਸਮੇਤ ਭਵਿੱਖੀ ਵਿਆਜ,ਫੀਸ, ਲਾਗਤਾਂ ਅਤੇ ਚਾਰਜਿਜ਼ 02.12.2023 ਨੂੰ ਕੁੱਲ ਬਕਾਇਆ ਰਕਮ : ਰੁਪਏ 63,67,138/- (ਤਰੇਹਠ ਲੱਖ ਸਤਾਹਠ ਹਜ਼ਾਰ ਇੱਕ ਸੌ ਅਠੱਤੀ ਰੁਪਏ ਕੇਵਲ) ਸਮੇਤ ਭਵਿੱਖੀ ਵਿਆਜ, ਫੀਸ, ਲਾਗਤਾਂ ਅਤੇ ਚਾਰਜਿਜ਼ |

| ਟਾਈਟਲ ਹੋਲਡਰ ਦਾ ਨਾਂਅ | ਜਾਇਦਾਦ ਦਾ ਵੇਰਵਾ | ਸਕਿਓਰਡ ਐੱਸਟ ਦੀ ਨਿਲਾਮੀ ਦਾ ਸਥਾਨ, ਮਿਤੀ ਅਤੇ ਸਮਾਂ | ਰਾਖਵੀਂ ਕੀਮਤ/ਈ ਐੱਮ ਡੀ/ਬੋਲੀ ਵਾਧਾ |
|---|---|---|---|
| ਸ੍ਰੀਮਤੀ ਸੋਨੀਆ ਬਵੇਜਾ ਪਤਨੀ ਸੁਭਾਸ਼ ਬਵੇਜਾ | ਮਕਾਨ ਐੱਮ ਸੀ ਐੱਲ ਨੰ. ਬੀ-24-4131/11/3-ਈ, ਰਕਬਾ 100 ਵਰਗ ਗਜ਼, ਖਸਰਾ ਨੰ. 255/1, 255/2, 256/2, 257/2, 258/2, 260/2, 261/6, 263/3, 268/4, 259/3, 3387/262/2, 3388/262/2 ਖੇਵਟ ਨੰ. 2158/2375, 2177/2394, ਜਮ੍ਹਾਂਬੰਦੀ ਸਾਲ 2002-2003, ਖੇਵਟ ਨੰ. 2185/2399, 2284/2414, ਜਮ੍ਹਾਂਬੰਦੀ ਸਾਲ 2007-2008, ਪਿੰਡ ਤਰਫ ਸੈਦਾਂ, ਨਿਊ ਮਾਧੋਪੁਰੀ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। ਹੱਦਾਂ : ਦੱਖਣ : ਗਲੀ 20 ਫੁੱਟ ਚੌੜੀ 18 ਫੁੱਟ, ਉੱਤਰ ਹੋਰ 18 ਫੁੱਟ, ਪੂਰਬ : ਰੋਹਿਤ 50 ਫੁੱਟ, ਪੱਛਮ : ਧਰਮਪਾਲ 50 ਫੁੱਟ । | ਮਿਤੀ : 08 ਜਨਵਰੀ 2024 ਸਮਾਂ : 11.00 ਵਜੇ ਸਵੇਰੇ ਸਥਾਨ : ਸੀ ਐੱਸ ਐੱਲ ਫਾਇਨਾਂਸ ਲਿਮਟਿਡ, ਬੀ-15-79/ਏ/1 ਵਿਸ਼ਵਕਰਮਾ ਚੌਕ ਮਿਲਰਗੰਜ, ਲੁਧਿਆਣਾ, ਪੰਜਾਬ-141003 | ਰਾਖਵੀਂ ਕੀਮਤ : ਰੁਪਏ 50,00,000/- ਈ ਐੱਮ ਡੀ : ਰਾਖਵੀਂ ਕੀਮਤ ਦਾ 15 ਫੀਸਦੀ, ਜੋ ਕਿ ਰੁਪਏ 7,50,000/-ਹੈ |

ਸਕਿਓਰਡ ਐੱਸਟਸ ਦੇ ਨਿਰੀਖਣ ਲਈ ਮਿਤੀ ਅਤੇ ਸਮਾਂ : 07-12-2023 ਤੋਂ 06.01.2024 ਤੱਕ, ਸਵੇਰੇ 11.00 ਤੋਂ ਸ਼ਾਮ ਦੇ 3.00 ਵਜੇ ਦਰਮਿਆਨ
ਅਧਿਕਾਰਤ ਅਫਸਰ ਦੇ ਵੇਰਵੇ :- ਨਾਂਅ : ਸ੍ਰੀ ਚੇਤਇੰਦਰ ਸਿੰਘ, ਈਮੇਲ ਆਈ ਡੀ : Legal@cslfinance.in ਮੋਬਾਇਲ ਨੰਬਰ : 8566969300

ਜਨਤਕ ਨਿਲਾਮੀ ਦੀਆਂ ਸ਼ਰਤਾਂ ਅਤੇ ਨਿਯਮ ਹੇਠਾਂ ਦਰਸਾਏ ਅਨੁਸਾਰ ਹਨ :
(1) ਜਨਤਕ ਨਿਲਾਮੀ 'ਜਿਵੇਂ ਹੈ ਜਿੱਥੇ ਹੈ, ਜੋ ਵੀ ਹੈ ਜਿਵੇਂ ਹੈ', ਅਤੇ ਰਿਕੋਰਸ ਅਧਾਰ ਤੋਂ ਬਿਨਾਂ ਕੀਤੀ ਜਾਵੇਗੀ ਅਤੇ ਸੀ ਐੱਸ ਐੱਲ ਫਾਇਨਾਂਸ ਲਿਮਟਿਡ ਦੀ ਜਾਣਕਾਰੀ ਜਾਂ ਨਾ ਜਾਣਕਾਰੀ 'ਚ ਸਾਰੇ ਮੌਜੂਦਾ ਜਾਂ ਭਵਿੱਖੀ ਜ਼ੋਖਮਾਂ ਦੇ ਨਾਲ ਵਿਕਰੀ ਕੀਤੀ ਜਾ ਰਹੀ ਹੈ, ਜਨਤਕ ਨਿਲਾਮੀ ਦੇ ਬੋਲੀ ਫਾਰਮ, ਘੋਸ਼ਣਾ, ਆਮ ਸ਼ਰਤਾਂ ਅਤੇ ਨਿਯਮ ਸੀ ਐੱਸ ਐੱਲ ਫਾਇਨਾਂਸ ਲਿਮਟਿਡ ਦੇ ਦਫਤਰ ਬੀ-15-79/ਏ/1, ਵਿਸ਼ਵਕਰਮਾ ਚੌਕ, ਮਿੱਲਰਗੰਜ ਲੁਧਿਆਣਾ, ਪੰਜਾਬ-141003 ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ। (2) ਸਕਿਓਰਡ ਐੱਸਟ ਦੀ ਵਿਕਰੀ, ਰਾਖਵੀਂ ਕੀਮਤ ਤੋਂ ਹੇਠਾਂ ਨਹੀਂ ਕੀਤੀ ਜਾਵੇਗੀ। (3) ਅਧਿਕਾਰਤ ਅਫਸਰ ਦੇ ਗਿਆਨ ਅਤੇ ਜਾਣਕਾਰੀ 'ਚ ਜਾਇਦਾਦਾਂ 'ਤੇ ਕੋਈ ਜ਼ੋਖਮ ਨਹੀਂ ਹੈ। ਬੇਸ਼ੱਕ, ਇਹ ਜ਼ਰੂਰੀ ਹੈ ਕਿ ਚਾਹਵਾਨ ਬੋਲੀਕਾਰ, ਬੋਲੀ ਜਮ੍ਹਾਂ ਕਰਵਾਉਣ ਤੋਂ ਪਹਿਲਾਂ ਆਪਣੇ ਤੌਰ 'ਤੇ ਜਾਇਦਾਦ 'ਤੇ ਕਿਸੇ ਦਾਅਵੇ, ਚਾਰਜਿਜ, ਬਕਾਏ, ਜ਼ੋਖਮ ਆਦਿ ਬਾਰੇ ਛਾਣਬੀਣ ਕਰ ਲੈਣ ਅਤੇ ਟਾਈਟਲ, ਐਕਸਟੈਂਟ/ਰਕਬੇ ਆਦਿ ਬਾਰੇ ਵੀ ਸੰਤੁਸ਼ਟੀ ਕਰ ਲੈਣ। ਬੋਲੀ ਜਮ੍ਹਾਂ ਕਰਵਾਉਣ ਦੀ ਮਿਤੀ ਤੋਂ ਬਾਅਦ ਜਾਇਦਾਦ 'ਚ ਕਿਸੇ ਤਰ੍ਹਾਂ ਦੇ ਅੰਤਰ 'ਤੇ ਭਵਿੱਖੀ ਸ਼ਰਤਾਂ ਲਈ ਸਿਰਫ ਤੇ ਸਿਰਫ ਹਿੱਸਾ ਲੈਣ ਵਾਲਾ ਬੋਲੀਕਾਰ ਹੀ ਜ਼ਿੰਮੇਵਾਰ ਹੋਵੇਗਾ। (4) ਵਿਕਰੀ ਦੀ ਅਧਿਕਾਰਤ ਅਫਸਰ ਵੱਲੋਂ ਪੁਸ਼ਟੀ ਜ਼ਰੂਰੀ ਹੈ, ਜੇਕਰ ਕਰਜ਼ਦਾਰ/ਗਰੰਟਰ ਸਾਰੀ ਬਕਾਇਆ ਕੁਲ ਰਕਮ ਵਿਕਰੀ ਤੋਂ ਪਹਿਲਾਂ ਅਦਾ ਕਰ ਦਿੰਦਾ ਹੈ, ਫਿਰ ਵਿਕਰੀ ਨਹੀਂ ਕੀਤੀ ਜਾਵੇਗੀ। (5) ਬੋਲੀ ਜਮ੍ਹਾਂ ਕਰਵਾਏ ਜਾਣ ਤੋਂ ਬਾਅਦ ਵਿਕਰੀ ਵਾਲੀ ਜਾਇਦਾਦ ਨਾਲ ਸੰਬੰਧਤ ਚਾਰਜਿਜ/ਜ਼ੋਖਮ ਆਦਿ ਦੇ ਦਾਅਵੇ ਜਾਂ ਕਿਸੇ ਹੋਰ ਮਾਮਲੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। (6) ਅਧਿਕਾਰਤ ਅਫਸਰ / ਸੀ ਐੱਸ ਐੱਲ ਵਿਕਰੀ ਵਾਲੀ ਜਾਇਦਾਦ 'ਤੇ ਕਿਸੇ ਤਰ੍ਹਾਂ ਦੇ ਚਾਰਜ, ਲੀਅਨ, ਜ਼ੋਖਮ, ਜਾਇਦਾਦ ਟੈਕਸ ਬਕਾਏ, ਬਿਜਲੀ ਬਕਾਏ ਆਦਿ ਜਾਂ ਹੋਰ ਸਰਕਾਰੀ, ਲੋਕਲ ਅਥਾਰਟੀ ਜਾਂ ਕਿਸੇ ਵਿਅਕਤੀ ਦੇ ਬਕਾਏ ਬਾਰੇ ਜ਼ਿੰਮੇਵਾਰ ਨਹੀਂ ਹੋਣਗੇ। (7) ਜਨਤਕ ਨਿਲਾਮੀ ਨੋਟਿਸ/ਇਸ਼ਤਿਹਾਰ ਸੀ ਐੱਸ ਐੱਲ ਵੱਲੋਂ ਕਿਸੇ ਤਰ੍ਹਾਂ ਦੀ ਪੇਸ਼ਕਸ਼ੀ ਦੀ ਪ੍ਰਤੀਨਿਧਤਾ ਨਹੀਂ ਕਰਦਾ ਅਤੇ ਨਾ ਹੀ ਕਰੇਗਾ। ਅਧਿਕਾਰਤ ਅਫਸਰ/ਸੀ ਐੱਸ ਐੱਲ ਕਿਸੇ ਤੀਸਰੀ ਧਿਰ ਦੇ ਦਾਅਵੇ/ਅਧਿਕਾਰਾਂ/ਬਕਾਇਆਂ ਬਾਰੇ ਕਿਸੇ ਤਰ੍ਹਾਂ ਵੀ ਜ਼ਿੰਮੇਵਾਰ ਨਹੀਂ ਹੋਣਗੇ। ਵਿਕਰੀ ਸਰਫੇਸੀ ਐਕਟ 2002 ਅਤੇ ਰੂਲਜ਼ ਦੀਆਂ ਸ਼ਰਤਾਂ ਅਤੇ ਨਿਯਮਾਂ ਅਧੀਨ ਹੋਵੇਗੀ। (9) ਬੋਲੀ ਜਮ੍ਹਾਂ ਕਰਵਾਉਣ ਤੋਂ ਪਹਿਲਾਂ ਬੋਲੀਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ (ਏ) ਟਾਈਟਲ ਅਤੇ ਸੰਬੰਧਤ ਦਸਤਾਵੇਜ਼ਾਂ ਅਤੇ (ਬੀ) ਜਾਇਦਾਦ ਅਤੇ ਸਕਿਓਰਡ ਐੱਸਟ ਅਤੇ ਸਪੈਸੀਫਿਕੇਸ਼ਨਾਂ ਦਾ ਨਿਰੀਖਣ ਕਰ ਲਵੇ। ਨਿਰੀਖਣ ਸਥਾਨ 'ਤੇ ਦਾਖਲ ਹੋਣ ਤੋਂ ਪਹਿਲਾਂ, ਇਹ ਜ਼ਰੂਰੀ ਹੈ ਕਿ ਚਾਹਵਾਨ ਖਰੀਦਦਾਰ ਆਪਣੀ ਪਛਾਣ, ਪਤਾ ਅਤੇ ਸੰਪਰਕ ਵੇਰਵੇ ਦਾਖਲਾ ਰਜਿਸਟਰਡ 'ਚ ਦਰਜ ਕਰੇ ਅਤੇ ਦਸਤਖਤਾਂ ਨਾਲ ਹੀ ਜਾਇਦਾਦ ਤੋਂ ਬਾਹਰ ਆਵੇ। (10) ਚਾਹਵਾਨ ਬੋਲੀਕਾਰ ਈ ਐੱਮ ਡੀ ਸਮੇਤ ਬੋਲੀ ਜੋ ਕਿ ਡੀ ਡੀ ਰਾਹੀਂ ਸੀ ਐੱਸ ਐੱਲ ਫਾਇਨਾਂਸ ਲਿਮਟਿਡ ਦੇ ਹੱਕ 'ਚ ਨੋਇਡਾ ਵਿਖੇ ਅਦਾਇਗੀਯੋਗ, ਉਪਰੋਕਤ ਦਰਸਾਈ ਅੰਤਮ ਮਿਤੀ 'ਤੇ ਜਾਂ ਪਹਿਲਾਂ ਜਮ੍ਹਾਂ ਕਰਵਾ ਸਕਦੇ ਹਨ। (11) ਬੋਲੀ ਸਮੇਤ ਹੋਰ ਦਸਤਾਵੇਜ਼ਾਂ ਦੇ ਅਧਿਕਾਰਤ ਅਫਸਰ ਕੋਲ ਮੋਹਰਬੰਦ ਲਿਫਾਫੇ, ਜਿਸ 'ਤੇ 'ਖਰੀਦ ਲਈ ਪੇਸ਼ਕਸ਼' : ਸ੍ਰੀਮਤੀ ਸੋਨੀਆ ਬਵੇਜਾ ਪਤਨੀ ਸੁਭਾਸ਼ ਬਵੇਜਾ LAN SMELUDNIRML0000005002487 ਲਿਖ ਕੇ ਜਮ੍ਹਾਂ ਕਰਵਾਈ ਜਾ ਸਕਦੀ ਹੈ ਅਤੇ ਇਹ ਬੋਲੀ ਜਮ੍ਹਾਂ ਕਰਵਾਏ ਜਾਣ ਲਈ ਉਪਰੋਕਤ ਦੱਸੀ ਅੰਤਮ ਮਿਤੀ 'ਤੇ ਜਾਂ ਪਹਿਲਾਂ ਅਧਿਕਾਰਤ ਅਫਸਰ ਤੱਕ ਪਹੁੰਚਣੀ ਚਾਹੀਦੀ ਹੈ। (12) ਬੋਲੀਕਾਰ ਨੂੰ ਬੋਲੀ ਜਮ੍ਹਾਂ ਕਰਵਾਉਂਦੇ ਸਮੇਂ ਹੇਠਾਂ ਦਰਸਾਏ ਦਸਤਾਵੇਜ਼ ਜਮ੍ਹਾਂ ਕਰਵਾਉਣੇ ਪੈਣਗੇ (i) ਈ ਐੱਮ ਡੀ ਜਮ੍ਹਾਂ ਕਰਵਾਉਣ ਦਾ ਸਬੂਤ (ii) ਪੈਨ ਕਾਰਡ ਦੀ ਕਾਪੀ (iii) ਪਛਾਣ/ਪਤਾ ਸਬੂਤ/ਅਧਾਰ ਕਾਰਡ/ਕੇ ਵਾਈ ਸੀ (ਖੁਦ ਤਸਦੀਕਸ਼ੁਦਾ ਕਾਪੀਆਂ), ਜਿਨ੍ਹਾਂ ਤੋਂ ਬਗੈਰ ਬੋਲੀ ਰੱਦ ਕੀਤੀ ਜਾ ਸਕਦੀ ਹੈ (13) ਬੋਲੀਕਾਰ ਇਕੱਲਾ ਹੀ ਜਨਤਕ ਨਿਲਾਮੀ ਪ੍ਰਕਿਰਿਆ 'ਚ ਹਿੱਸਾ ਲੈ ਸਕਦਾ ਹੈ, ਕਿਸੇ ਹੋਰ ਵਿਅਕਤੀ ਨੂੰ ਅਗਿਆ ਨਹੀਂ ਹੋਵੇਗੀ। (14) ਸਫਲ ਬੋਲੀਕਾਰ ਨੂੰ ਖਰੀਦ ਰਕਮ ਦਾ 25ਫੀਸਦੀ (ਪਹਿਲਾਂ ਜਮ੍ਹਾਂ ਕਰਵਾਈ ਗਈ ਈ ਐੱਮ ਡੀ ਸਮੇਤ) ਪੇਸ਼ਕਸ਼ ਸਵੀਕਾਰ ਅਤੇ ਅਧਿਕਾਰਤ ਅਫਸਰ ਵੱਲੋਂ ਐਲਾਨ ਕੀਤੇ ਜਾਣ ਤੋਂ ਤੁਰੰਤ ਬਾਅਦ ਜਮ੍ਹਾਂ ਕਰਵਾਉਣਾ ਪਵੇਗਾ, ਅਸਫਲ ਰਹਿਣ 'ਤੇ ਜਮ੍ਹਾਂ ਈ ਐੱਮ ਡੀ ਜਬਤ ਕਰ ਲਈ ਜਾਵੇਗੀ ਤੇ ਬੋਲੀਕਾਰ ਸੀ ਐੱਸ ਐੱਲ ਫਾਇਨਾਂਸ ਲਿਮਟਿਡ ਤੋਂ ਦਾਅਵਾ ਕਰ ਸਕਦਾ ਹੈ। (15) ਖਰੀਦ ਰਕਮ ਦਾ ਬਾਕੀ 75 ਫੀਸਦੀ ਸਫਲ ਬੋਲੀਕਾਰ ਵੱਲੋਂ 15 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ, ਅਸਫਲ ਰਹਿਣ 'ਤੇ ਬੋਲੀਕਾਰ ਵੱਲੋਂ ਪਹਿਲਾਂ ਜਮ੍ਹਾਂ ਕਰਵਾਈ ਗਈ ਰਕਮ ਬਿਨਾਂ ਕਿਸੇ ਅਗਾਊਂ ਨੋਟਿਸ ਦੇ ਜ਼ਬਤ ਹੋ ਜਾਵੇਗੀ ਅਤੇ ਇਸ ਸੰਬੰਧੀ ਵਾਪਸੀ ਲਈ ਕੋਈ ਬੇਨਤੀ ਵਿਚਾਰੀ ਨਹੀਂ ਜਾਵੇਗੀ। ਅੱਗੇ ਜਾਇਦਾਦ ਦੀ ਮੁੜ ਵਿਕਰੀ ਕੀਤੀ ਜਾਵੇਗੀ ਅਤੇ ਅਸਫਲ ਬੋਲੀਕਾਰ ਨੂੰ ਜਾਇਦਾਦ/ਰਕਮ 'ਤੇ ਕੋਈ ਦਾਅਵਾ/ਅਧਿਕਾਰ ਨਹੀਂ ਹੋਵੇਗਾ ਅਤੇ ਉਹ ਜੇਕਰ ਮੁੜ ਵਿਕਰੀ ਹੁੰਦੀ ਹੈ ਤਾਂ ਉਸ 'ਚ ਹਿੱਸਾ ਲੈਣ ਦੀ ਆਗਿਆ ਨਹੀਂ ਹੋਵੇਗੀ। (16) ਸਕਿਓਰਡ ਐੱਸਟ ਦੀ ਵਿਕਰੀ ਦੇ ਸੰਬੰਧ 'ਚ ਬੋਲੀਕਾਰ/ਸਫਲ ਬੋਲੀਕਾਰ ਵੱਲੋਂ ਜਮ੍ਹਾਂ ਕਰਵਾਈ ਗਈ ਈ ਐੱਮ ਡੀ 'ਤੇ ਕੋਈ ਵਿਆਜ ਨਹੀਂ ਦਿੱਤਾ ਜਾਵੇਗਾ। (17) ਖਰੀਦਦਾਰ/ਸਫਲ ਬੋਲੀਕਾਰ ਨੂੰ (ਏ) ਸਟੈਂਪ ਡਿਊਟੀ/ਰਜਿਸਟਰੇਸ਼ਨ/ਤਬਾਦਲਾ ਚਾਰਜਿਜ (ਬੀ) ਸਾਰੇ ਵਿਧਾਨਕ, ਗੈਰ ਵਿਧਾਨਕ, ਕਨਵਰਸ਼ਨ, ਬਿਜਲੀ, ਸੀਵੇਜ ਚਾਰਜਿਜ, ਕੋਈ ਬਕਾਏ, ਸੈੱਸ, ਫੀਸ ਟੈਕਸ, ਰੇਟਸ, ਅਸੈੱਸਮੈਂਟ ਚਾਰਜਿਜ ਆਦਿ ਜੋ ਕਿਸੇ ਵਿਅਕਤੀ, ਐਸੋਸੀਏਸ਼ਨ ਜਾਂ ਅਥਾਰਟੀ ਦੇ ਹਨ, ਸਹਿਣ ਕਰਨੇ ਪੈਣਗੇ। (18) ਵਿਕਰੀ ਸਰਟੀਫਿਕੇਟ ਸਿਰਫ ਸਫਲ ਬੋਲੀਕਾਰ ਦੇ ਹੱਕ 'ਚ ਨਿਰਧਾਰਤ ਫਾਰਮਟ ਜਾਰੀ ਕੀਤਾ ਜਾਵੇਗਾ। (19) ਸਫਲ ਬੋਲੀਕਾਰ ਨੂੰ ਰਜਿਸਟਰੇਸ਼ਨ ਆਦਿ ਦਾ ਇੰਤਜ਼ਾਮ ਕਰਨਾ ਪਵੇਗਾ ਅਤੇ ਰਜਿਸਟਰੇਸ਼ਨ ਅਤੇ ਸਟੈਂਪ ਦੀਆਂ ਵਿਵਸਥਾਵਾਂ ਤਹਿਤ ਵਿਕਰੀ ਸਰਟੀਫਿਕੇਟ ਦੀ ਲਾਗਤ ਵੀ ਅਦਾ ਕਰਨੀ ਪਵੇਗੀ। ਸਫਲ ਬੋਲੀਕਾਰ ਨੂੰ ਆਵਾਜਾਈ, ਰਜਿਸਟਰੇਸ਼ਨ ਫੀਸ, ਸਟੈਂਪ ਡਿਊਟੀ, ਟੈਕਸ,ਫੀਸ ਆਦਿ ਦੇਣੇ ਪੈਣਗੇ (20) ਜੇਕਰ ਜਾਇਦਾਦ 'ਤੇ ਕੋਈ ਜੋਖਮ ਹੋਇਆ ਤਾਂ ਸਫਲ ਬੋਲੀਕਾਰ/ਖਰੀਦਦਾਰ ਜੋਖਮ ਨੂੰ ਚੁਕਾਉਣ ਲਈ ਲੋੜੀਂਦੀ ਰਕਮ, ਵਿਆਜ, ਲਾਗਤ, ਖਰਚੇ ਆਦਿ ਅਧਿਕਾਰਤ ਅਫਸਰ ਕੋਲ ਜਮ੍ਹਾਂ ਕਰਵਾਉਣੀ ਪਵੇਗੀ (21) ਜੇਕਰ ਜਨਤਕ ਨਿਲਾਮੀ ਰੋਕੀ ਜਾਂਦੀ ਹੈ, ਸਟੇਅ, ਮੁਲਤਵੀ ਜਾਂ ਮੁੜ ਨਿਰਧਾਰਤ ਜਾਂ ਰੱਦ ਕੀਤੀ ਜਾਂਦੀ ਹੈ ਤਾਂ ਇਸ ਬਾਰੇ ਸੀ ਐੱਸ ਐੱਲ ਬਰਾਂਚ 'ਚ ਨੋਟਿਸ ਬੋਰਡ 'ਤੇ ਦਰਸਾਇਆ ਜਾਵੇਗਾ ਅਤੇ ਇਸ ਸੰਬੰਧ 'ਚ ਕਿਸੇ ਬੋਲੀਕਾਰ ਜਾਂ ਹੋਰ ਨੂੰ ਨਿੱਜੀ/ਵਿਅਕਤੀਗਤ ਤੌਰ 'ਤੇ ਸੂਚਨਾ ਨਹੀਂ ਦਿੱਤੀ ਜਾਵੇਗੀ। (22) ਬੋਲੀਕਾਰ ਵੱਲੋਂ ਬੋਲੀ ਜਮ੍ਹਾਂ ਕਰਵਾਏ ਜਾਣ ਦਾ ਮਤਲਬ ਹੈ ਕਿ ਉਸ ਨੇ ਜਨਤਕ ਨਿਲਾਮੀ ਨਾਲ ਸੰਬੰਧਤ ਸਾਰੀਆਂ ਸ਼ਰਤਾਂ ਅਤੇ ਨਿਯਮ ਪੜ੍ਹ ਲਏ ਹਨ ਅਤੇ ਸਵੀਕਾਰ ਕਰ ਲਏ ਹਨ। (23) ਅਸਫਲ ਬੋਲੀਕਾਰਾਂ ਦੀ ਈ ਐੱਮ ਡੀ ਨਿਲਾਮੀ ਪ੍ਰਕਿਰਿਆ ਮੁਕੰਮਲ ਹੋਣ ਤੋਂ ਬਾਅਦ ਵਾਪਸ ਕਰ ਦਿੱਤੀ ਜਾਵੇਗੀ। (24) ਅਧਿਕਾਰਤ ਅਫਸਰ ਉਚਤਮ ਬੋਲੀ/ਬੋਲੀ ਸਵੀਕਾਰ ਕਰਨ ਦਾ ਪਾਬੰਦ ਨਹੀਂ ਅਤੇ ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸੇ ਜਨਤਕ ਨਿਲਾਮੀ ਲਈ ਕਿਸੇ ਪੇਸ਼ਕਸ਼ ਨੂੰ ਸਵੀਕਾਰ ਜਾਂ ਰੱਦ ਕਰਨ, ਜਨਤਕ ਨਿਲਾਮੀ ਨੂੰ ਮੁਲਤਵੀ/ਰੋਕਣ/ਰੱਦ ਕਰਨ ਦਾ ਅਧਿਕਾਰ ਪ੍ਰਾਪਤ ਹੈ। (25) ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਅਧਿਕਾਰਤ ਅਫਸਰ ਨਾਲ 8566969300 'ਤੇ ਸੰਪਰਕ ਕੀਤਾ ਜਾਵੇ।

ਮਿਤੀ : 6.12.2023 | ਸਹੀ/-ਅਧਿਕਾਰਤ ਅਫਸਰ
ਸਥਾਨ : ਲੁਧਿਆਣਾ (ਪੰਜਾਬ) | ਸੀ ਐੱਸ ਐੱਲ ਫਾਇਨਾਂਸ ਲਿਮਟਿਡ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

7-Dec-PAGE-3.qxd 12/6/2023 11:01 PM Page 1



# ਗਦਰੀ ਦੇਸ਼ ਭਗਤਾਂ ਦੇ ਵਿਚਾਰਾਂ ਦਾ ਸਮਾਜ ਬਣਾਉਣ ਵਾਸਤੇ ਨੌਜਵਾਨ ਅੱਗੇ ਆਉਣ : ਪ੍ਰਿਥੀਪਾਲ ਸਿੰਘ ਮਾੜੀਮੇਘਾ

**ਸਰਹਾਲੀ (ਨ ਜ਼ ਸ)**-ਮਹਾਨ ਦੇਸ਼ ਭਗਤ ਸੰਤ ਬਾਬਾ ਵਿਸਾਖਾ ਸਿੰਘ ਦੀ ਬਰਸੀ 'ਤੇ ਪਿੰਡ ਦਦੇਹਰ ਸਾਹਿਬ ਦੇ ਮੁੱਖ ਗੁਰਦੁਆਰਾ ਸਾਹਿਬ ਵਿਖੇ ਗਦਰ ਬਿਸ਼ਨ ਸਿੰਘ ਪਹਿਲਵਾਨ, ਗਦਰੀ ਹਜਾਰਾ ਸਿੰਘ, ਗਦਰੀ ਬਿਸ਼ਨ ਸਿੰਘ ਦੂਜੇ, ਗਦਰੀ ਵਿਸਾਖਾ ਸਿੰਘ ਦੂਜੇ ਤੇ ਗਦਰੀ ਸ਼ਹੀਦ ਸਾਧੂ ਸਿੰਘ ਦੀ ਯਾਦ ਵਿੱਚ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਤੋਂ ਬਾਅਦ ਕੀਰਤਨ, ਕਥਾ ਤੇ ਦੀਵਾਨ ਸਜਾਇਆ ਗਿਆ ਜਿਸ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਆਪਣੇ ਸੰਬੋਧਨ ਦੌਰਾਨ ਪਿੰਡ ਦੇ ਵਾਸੀਆਂ ਦਾ ਕਮੇਟੀ ਵੱਲੋਂ ਧੰਨਵਾਦ ਕੀਤਾ ਕਿਉਂਕਿ ਉਨ੍ਹਾਂ ਨੇ ਗਦਰੀ ਬਾਬਿਆਂ ਦਾ ਮੇਲਾ ਜੋ 30-31 ਅਕਤੂਬਰ ਤੇ ਪਹਿਲੀ ਨਵੰਬਰ ਨੂੰ ਸਾਰਾ ਦਿਨ ਤੇ ਸਾਰੀ ਰਾਤ ਚੱਲਿਆ ਉਸ 'ਤੇ ਲੰਗਰ ਦੀ ਸੇਵਾ ਬਾਖੂਬੀ ਨਿਭਾਈ। ਮਾੜੀਮੇਘਾ ਨੇ ਸੰਗਤਾਂ ਨੂੰ ਸੰਬੋਧਤ ਹੁੰਦਿਆਂ ਕਿਹਾ ਕਿ ਗਦਰੀ ਦੇਸ਼ ਭਗਤਾਂ ਦੇ ਵਿਚਾਰਾਂ ਦਾ ਸਮਾਜ ਬਣਾਉਣ ਵਾਸਤੇ ਨੌਜਵਾਨ ਅੱਗੇ ਆਉਣ। ਜਵਾਨੀ ਵਿਦੇਸ਼ਾਂ ਵਿੱਚ ਗਿਆਨ ਲੈਣ ਲਈ ਜਾਵੇ ਪਰ ਕਿਰਤ ਕਮਾਈ ਆਪਣੀ ਧਰਤੀ ਤੇ ਕਰਨ ਤਾਂ ਜੋ ਬਰਕਤ ਵੀ ਸਾਡੇ ਆਵੇ। ਹੁਣ ਅਸੀਂ ਵਿਦੇਸ਼ਾਂ ਵਿੱਚ ਕਿਰਤ ਕਰਕੇ ਉਨ੍ਹਾਂ ਦੇਸ਼ਾਂ ਨੂੰ ਖੁਸ਼ਹਾਲ ਬਣਾ ਰਹੇ ਹਾਂ। ਸਾਡੀ ਕਿਰਤ ਦਾ ਫਲ ਉਨ੍ਹਾਂ ਦੇਸ਼ਾਂ ਨੂੰ ਮਿਲ ਰਿਹਾ ਹੈ। ਗਦਰੀ ਸਾਡੀ ਸੋਨੇ ਵਰਗੀ ਧਰਤੀ ਨੂੰ ਅੰਗਰੇਜ਼ਾਂ ਦੀ ਮਾਰ ਤੋਂ ਬਚਾਉਣ ਲਈ ਭਰ ਜਵਾਨੀ ਵਿੱਚ ਵਹੀਰਾਂ ਘੱਤ ਕੇ ਹਿੰਦੁਸਤਾਨ ਆਏ। ਗਦਰੀਆਂ ਨੇ ਵਿਦੇਸਾਂ ਵਿੱਚ ਆਪਣੇ ਲੱਖਾਂ ਦੇ ਕਾਰੋਬਾਰ ਤੇ ਪਰਵਾਰਾਂ ਦੀ ਪ੍ਰਵਾਹ ਨਾ ਕੀਤੀ ਤੇ ਇਸ ਆਸ ਨਾਲ ਛੱਡ ਆਏ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਫਿਰ ਆ ਜਾਵਾਂਗੇ। ਗਦਰੀਆਂ ਨੇ ਹਿੰਦ ਆ ਕੇ ਦੇਸ਼ ਦੀ ਆਜ਼ਾਦੀ ਲਈ ਅਥਾਹ ਕੁਰਬਾਨੀਆਂ ਦਿੱਤੀਆਂ, ਜਾਇਦਾਦਾਂ ਕੁਰਕ ਕਰਵਾਈਆਂ ਤੇ ਅੰਡੇਮਾਨ ਨਿਕੋਬਾਰ ਦੀ ਮਨੁੱਖ ਖਾਣੀ ਜੇਲ੍ਹ ਵਿੱਚ ਉਮਰਾਂ ਗਾਲੀਆਂ। ਜਵਾਨੀ 'ਚ ਜੇਲ੍ਹ ਵਿੱਚ ਗਏ ਬਜ਼ੁਰਗ ਹੋ ਕੇ ਬਾਹਰ ਆਏ। ਲੋਕਾਂ ਨੇ ਉਨ੍ਹਾਂ ਨੂੰ ਸਤਿਕਾਰ ਨਾਲ ਗਦਰੀ ਬਾਬਿਆਂ ਦੇ ਸ਼ਬਦ ਨਾਲ ਨਿਵਾਜਿਆ। ਹਰ ਸਾਲ ਦੀ ਤਰ੍ਹਾਂ ਸੀਪੀਆਈ ਨੇ ਵੀ ਸਿਆਸੀ ਕਾਨਫਰੰਸ ਕਾਮਰੇਡ ਬਲਵਿੰਦਰ ਸਿੰਘ ਤੇ ਲੇਖ ਸਿੰਘ ਸੂਬੇਦਾਰ ਦੀ ਅਗਵਾਈ ਹੇਠ ਕੀਤੀ ਜਿਸ ਨੂੰ ਪੰਜਾਬ ਇਸਤਰੀ ਸਭਾ ਦੀ ਪ੍ਰਮੁੱਖ ਆਗੂ ਕਰਮਬੀਰ ਕੌਰ ਬਧਨੀ ਨੇ ਸੰਬੋਧਨ ਕੀਤਾ ਅਤੇ ਗਦਰੀ ਬਾਬਿਆਂ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਕਿਹਾ ਕਿ ਔਰਤਾਂ ਗਦਰੀ ਗੁਲਾਬ ਕੌਰ ਦੇ ਜੀਵਨ ਇਤਿਹਾਸ ਨੂੰ ਜਾਨਣ ਜਿਸ ਨੂੰ ਉਸ ਦਾ ਪਤੀ ਗਦਰ ਵਿੱਚ ਸ਼ਾਮਲ ਹੋਣ ਤੋਂ ਵਰਜਦਾ ਸੀ ਪਰ ਉਸ ਨੇ ਆਪਣੇ ਪਤੀ ਦੀ ਸੋਚ ਨੂੰ ਨਕਾਰਿਆ ਤੇ ਗਦਰ ਕਰਨ ਲਈ ਹਿੰਦੁਸਤਾਨ ਪਹੁੰਚ ਗਈ। ਉਸ ਬੀਬੀ ਨੂੰ ਗਦਰੀ ਦੇਸ਼ ਭਗਤਾਂ ਨੇ ਆਪਣੀ ਭੈਣ ਬਣਾਇਆ। ਅੰਮ੍ਰਿਤਸਰ ਵਿੱਚ ਜਿੱਥੇ ਗਦਰੀਆਂ ਦਾ ਹੈੱਡਕੁਆਰਟਰ ਸੀ ਬੀਬੀ ਗੁਲਾਬ ਕੌਰ ਅੰਗਰੇਜ਼ਾਂ ਨੂੰ ਭੁਲੇਖਾ ਪਾਉਣ ਵਾਸਤੇ ਉਥੇ ਬੂਹੇ ਅੱਗੇ ਚਰਖਾ ਕੱਤਦੀ ਰਹਿੰਦੀ ਤੇ ਗਦਰੀਆਂ ਦੇ ਹਥਿਆਰ ਉਨ੍ਹਾਂ ਤੱਕ ਪਹੁੰਚਾਉਣ ਦਾ ਕੰਮ ਕਰਦੀ ਸੀ। ਮੇਲੇ ਵਿੱਚ ਸਰਹਾਲੀ ਦੇ ਸੰਤ ਬਾਬਾ ਸੁੱਖਾ ਸਿੰਘ ਦਾ ਸਨਮਾਨ ਕੀਤਾ ਗਿਆ। ਸੀਪੀਆਈ ਕਾਨਫਰੰਸ ਨੂੰ ਪੰਜਾਬ ਕਿਸਾਨ ਸਭਾ ਦੇ ਜ਼ਿਲ੍ਹਾ ਤਰਨਤਾਰਨ ਦੇ ਜਨਰਲ ਸਕੱਤਰ ਬਲਕਾਰ ਸਿੰਘ ਵਲਟੋਹਾ, ਸੀਪੀਆਈ ਦੇ ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ, ਪਿਛੌਰਾ ਸਿੰਘ ਸਰਪੰਚ, ਸਵਰਨ ਸਿੰਘ ਚੇਅਰਮੈਨ, ਕੁਲਦੀਪ ਸਿੰਘ ਸੈਕਟਰੀ, ਪਰਮਜੀਤ ਸਿੰਘ ਸਾਬਕਾ ਸਰਪੰਚ, ਭਰਪੂਰ ਸਿੰਘ ਸਾਬਕਾ ਸਰਪੰਚ, ਜਗਤਾਰ ਸਿੰਘ ਸ਼ਾਹ, ਕਾਮਰੇਡ ਸੇਵਾ ਸਿੰਘ, ਗੁਰਦਿਆਲ ਸਿੰਘ ਖਡੂਰ ਸਾਹਿਬ, ਪਰਮਜੀਤ ਸਿੰਘ ਚੋਹਲਾ ਸਾਹਿਬ, ਜਤਿੰਦਰ ਸਿੰਘ ਤੇ ਬੂਟਾ ਸਿੰਘ ਢੋਟੀਆਂ ਤੇ ਸੁਖਵਿੰਦਰ ਸਿੰਘ ਖਾਰਾ ਨੇ ਸੰਬੋਧਨ ਕੀਤਾ। ਕਲਾ ਦਾ ਰੰਗ ਇੰਦਰਜੀਤ ਸਿੰਘ ਰੋਪੋਵਾਲੀ ਤੇ ਉਨ੍ਹਾਂ ਦੀ ਟੀਮ ਨੇ ਬੰਨ੍ਹਿਆ।



# ਸ਼੍ਰੋਮਣੀ ਕਮੇਟੀ ਤੇ ਸਿੱਖ ਕੌਮ ਨੂੰ ਧਰਮੀ ਫੌਜੀਆਂ ਦੀ ਕੁਰਬਾਨੀ ਦੀ ਕਦਰ ਕਰਨੀ ਚਾਹੀਦੀ : ਬੁਲਾਰੇ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਸਮੂਹ ਸਿੱਖ ਧਰਮੀ ਫੌਜੀ ਜੂਨ 1984 ਪਰਿਵਾਰ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਅਤੇ ਸਮੂਹ ਪਰਿਵਾਰ ਵੱਲੋਂ ਆਪਣੇ ਗ੍ਰਹਿ/ਨਿਵਾਸ ਸਥਾਨ ਅਹਿਮਦਾਬਾਦ ਧਾਰੀਵਾਲ ਵਿਖੇ ਧਾਰਮਿਕ ਸਮਾਗਮ ਕਰਵਾਇਆ। ਇਸ ਸਬੰਧੀ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਸੇਵਾ ਸੋਸਾਇਟੀ ਧਾਰੀਵਾਲ ਦਾ ਜਥਾ ਡਾ: ਗੁਰਜਿੰਦਰ ਸਿੰਘ ਸੰਧੂ, ਭਾਈ ਬਲਦੇਵ ਸਿੰਘ ਨਿਮਾਣਾ, ਭਾਈ ਇੰਦਰਪਾਲ ਸਿੰਘ ਅਰੋੜਾ ਨੇ ਇਲਾਹੀ ਬਾਣੀ ਦਾ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਮੌਕੇ ਧਰਮੀ ਫੌਜੀਆਂ ਅਤੇ ਪਰਿਵਾਰ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਇਸ ਮੌਕੇ ਬੁਲਾਰਿਆਂ ਨੇ ਕਿਹਾ ਜੂਨ 1984 ਦੌਰਾਨ ਸ੍ਰੀ ਅਕਾਲ ਤੱਖਤ ਸਾਹਿਬ 'ਤੇ ਹੋਏ ਹਮਲੇ ਦੌਰਾਨ ਧਰਮੀ ਫੌਜੀਆਂ ਨੇ ਸਿੱਖ ਕੌਮ ਅਤੇ ਧਰਮ ਦੀ ਹੋਂਦ ਬਰਕਰਾਰ ਰੱਖਣ ਲਈ ਆਪਣੀਆਂ ਨੌਕਰੀਆਂ ਅਤੇ ਪਰਿਵਾਰਾਂ ਦੀ ਪ੍ਰਵਾਹ ਨਾ ਕਰਦੇ ਹੋਏ ਬੈਰਕਾਂ ਛੱਡ ਸ੍ਰੀ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ। ਇਸ ਦੌਰਾਨ ਧਰਮੀ ਫੌਜੀਆਂ ਨੂੰ ਕਈ ਤਰ੍ਹਾਂ ਤੇ ਤਸੀਹੇ ਝੱਲਣੇ ਪਏ। ਬੁਲਾਰਿਆਂ ਕਿਹਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੁੱਚੀ ਸਿੱਖ ਕੌਮ ਨੂੰ ਸਿੱਖ ਧਰਮੀ ਫੌਜੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਧਰਮੀ ਫੌਜੀਆਂ ਦੀਆਂ ਕੁਰਬਾਨੀਆਂ 'ਤੇ ਸਿਆਸਤ ਨਹੀਂ ਕਰਨੀ ਚਾਹੀਦੀ। ਪ੍ਰਬੰਧਕਾਂ ਵਲੋਂ ਸਮਾਗਮ ਵਿੱਚ ਸ਼ਾਮਲ ਵੱਡੀ ਗਿਣਤੀ ਧਰਮੀਆਂ ਫੌਜੀਆਂ ਨੂੰ ਸਿਰਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਕਿਹਾ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਮੀ ਫੌਜੀਆਂ ਨੂੰ ਬਣਦਾ ਮਾਣ ਸਤਿਕਾਰ ਨਹੀ ਦਿੱਤਾ ਜਾਂਦਾ। ਸ਼੍ਰੋਮਣੀ ਕਮੇਟੀ ਦੀ ਨਲਾਇਕੀ ਕਾਰਨ ਹੀ ਬੇਅਦਬੀਆਂ ਹੋ ਰਹੀਆਂ ਹਨ ਅਤੇ ਬੰਦੀ ਸਿੱਖਾਂ ਦੀ ਰਿਹਾਈ ਵਿੱਚ ਅੜਚਣ ਪੈ ਰਹੀ ਹੈ। ਇਸ ਮੌਕੇ ਅਮਰਜੀਤ ਸਿੰਘ ਵੱਲੋਂ ਧਰਮੀ ਫੌਜੀਆਂ ਦੀਆਂ ਕੁਰਬਾਨੀਆਂ ਅਤੇ ਸਿੱਖ ਇਤਿਹਾਸ ਨਾਲ ਸਬੰਧਿਤ ਪ੍ਰਕਾਸ਼ਿਤ ਪੁਸਤਕ ਧਰਮੀ ਫੌਜੀਆਂ ਅਤੇ ਸੰਗਤ ਨੂੰ ਭੇਟ ਕੀਤੀ ਗਈ।



# ਕਿਰਤੀ ਕਿਸਾਨ ਯੂਨੀਅਨ ਵੱਲੋਂ 12 ਨੂੰ ਡੀ ਸੀ ਦਫ਼ਤਰ ਅੱਗੇ ਧਰਨਾ ਦੇਣ ਦਾ ਐਲਾਨ



**ਗੁਰਦਾਸਪੁਰ, (ਜਨਕ ਮਹਾਜਨ)**

ਕਿਰਤੀ ਕਿਸਾਨ ਯੂਨੀਅਨ ਵਲੋਂ ਨੋਮਣੀ ਦੀ ਸਫ਼ਾਈ ਲਈ ਟਾਲ ਮਟੋਲ ਦੀ ਨੀਤੀ ਖ਼ਿਲਾਫ਼ 12 ਦਸੰਬਰ ਨੂੰ ਡੀ.ਸੀ. ਦਫ਼ਤਰ ਗੁਰਦਾਸਪੁਰ ਮੂਹਰੇ ਧਰਨਾ ਦੇਣ ਦਾ ਐਲਾਨ ਕੀਤਾ ਗਿਆ ਹੈ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੀ ਅਗਵਾਈ ਹੇਠ ਪਿੰਡ ਸੁਲਤਾਨੀ ਵਿਚ ਹਰਵਿੰਦਰ ਸਿੰਘ ਬਿੱਲੂ ਦੀ ਪ੍ਰਧਾਨਗੀ ਹੇਠ ਕਿਸਾਨਾਂ ਦੀ ਮੀਟਿੰਗ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਪਿੰਡ ਬਾਂਹਮਣੀ, ਸਾਂਦੜ, ਜੋਗਰ, ਸੁਲਤਾਨੀ ਅਤੇ ਬਾਊਪੁਰ ਪਿੰਡਾਂ ਵਿਚੋਂ ਗੁਜ਼ਰਦਾ ਨਾਲਾ ਨੋਮਣੀ ਜੋ ਪਿੰਡ ਗਾਹਲੜੀ ਹੈੱਡ ਤੱਕ ਜਾਂਦਾ ਹੈ, ਦੀ ਨਹਿਰੀ ਵਿਭਾਗ ਵਲੋਂ ਕਦੇ ਸਫ਼ਾਈ ਨਹੀਂ ਕੀਤੀ ਗਈ ਜਿਸ ਕਾਰਨ ਨੋਮਣੀ ਦਾ ਵਿਚ ਭਾਰੀ ਜੜੀ ਬੂਟੀ ਉਘੀ ਪਈ ਹੈ ਤੇ ਨੋਮਣੀ ਦਾ ਪਾਣੀ ਓਵਰਫਲੋ ਹੋ ਕੇ ਸੜਕਾਂ ਤੇ ਖੇਤਾਂ ਵਿਚ ਜਾ ਕੇ ਕਿਸਾਨਾਂ ਦਾ ਭਾਰੀ ਨੁਕਸਾਨ ਕਰਦਾ ਹੈ। ਉਨ੍ਹਾਂ ਕਿਹਾ ਇਸ ਸਬੰਧੀ ਨਹਿਰੀ ਵਿਭਾਗ ਨੇ ਵਿਸ਼ਵਾਸ ਦਿਵਾਇਆ ਸੀ ਕਿ ਨੋਮਣੀ ਦੀ ਸਫ਼ਾਈ ਕਰਵਾ ਦਿੱਤੀ ਜਾਵੇਗੀ ਪਰ 20 ਦਿਨ ਬੀਤਣ ਦੇ ਬਾਵਜੂਦ ਵੀ ਇਸ ਮਸਲੇ ਦਾ ਕੋਈ ਹੱਲ ਨਹੀਂ ਹੋਇਆ। ਮੀਟਿੰਗ ਵਿਚ ਕਿਸਾਨ ਆਗੂਆਂ ਵਲੋਂ ਫ਼ੈਸਲਾ ਕੀਤਾ ਕਿ 12 ਦਸੰਬਰ ਨੂੰ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਫ਼ਤਰ ਮੂਹਰੇ ਧਰਨਾ ਦਿੱਤਾ ਜਾਵੇਗਾ। ਇਸ ਮੌਕੇ ਸੁੱਚਾ ਸਿੰਘ, ਹਰਦੀਪ ਸਿੰਘ ਸੈਕਟਰੀ, ਕੁਲਦੀਪ ਸਿੰਘ, ਅਮਰੀਕ ਸਿੰਘ, ਰੇਸ਼ਮ ਸਿੰਘ, ਪਰਮਜੀਤ ਸਿੰਘ, ਜੋਧ ਸਿੰਘ, ਲਖਵੀਰ ਸਿੰਘ, ਸੂਬਾ ਸਿੰਘ ਪ੍ਰਧਾਨ ਆਦਿ ਹਾਜ਼ਰ ਸਨ।

# ਭੰਡਾਰੀ ਮੁਹੱਲੇ 'ਚ ਬਣਿਆ ਸੈਨੀਟੇਸ਼ਨ ਪਾਰਕ ਲੋਕਾਂ ਨੂੰ ਸਪੁਰਦ

**ਬਟਾਲਾ, (ਡਾ. ਮਲਵਿੰਦਰ ਸਿੰਘ)**

ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਭੰਡਾਰੀ ਮੁਹੱਲੇ ਵਿੱਚ ਬਣਿਆ ਸੈਨੀਟੇਸ਼ਨ ਪਾਰਕ ਲੋਕਾਂ ਨੂੰ ਸਪੁਰਦ ਕੀਤਾ ਗਿਆ। ਇਸ ਮੌਕੇ ਡਾ. ਸ਼ਾਇਰੀ ਭੰਡਾਰੀ, ਕਮਿਸ਼ਨਰ ਕਾਰਪੋਰੇਸ਼ਨ-ਕਮ-ਐੱਸਡੀਐੱਮ ਬਟਾਲਾ ਵੀ ਮੌਜੂਦ ਸਨ। ਪੱਤਰਕਾਰਾਂ ਨਾਲ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਭੰਡਾਰੀ ਮੁਹੱਲੇ ਦੇ ਵਸਨੀਕਾਂ ਨੇ ਕੂੜੇ ਨੂੰ ਮੁੜ ਵਰਤੋਂ ਵਿੱਚ ਲਿਆਉਣ ਲਈ ਪਿੱਟਸ ਬਣਾਉਣ ਵਿੱਚ ਸਹਿਯੋਗ ਕੀਤਾ ਸੀ ਤੇ ਲੋਕਾਂ ਨਾਲ ਵਾਅਦਾ ਕੀਤਾ ਗਿਆ ਸੀ, ਉਨ੍ਹਾਂ ਨੂੰ ਸੈਨੀਟੇਸ਼ਨ ਪਾਰਕ ਬਣਾ ਕੇ ਦਿੱਤਾ ਜਾਵੇਗਾ, ਜੋ ਅੱਜ ਸੈਨੀਟੇਸ਼ਨ ਪਾਰਕ ਮੁਹੱਲਾ ਵਾਸੀਆਂ ਨੂੰ ਸਪੁਰਦ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਹਿਰ ਨੂੰ ਸਾਫ-ਸੁਥਰਾ ਰੱਖਣ ਦੇ ਮੰਤਵ ਨਾਲ ਅਤੇ ਘਰ-ਘਰ ਕੂੜਾ ਚੁੱਕਣ ਲਈ 70 ਟਰਾਈਸਾਈਕਲ ਅਤੇ 15 ਛੋਟੇ ਹਾਥੀ, ਨਗਰ ਨਿਗਮ ਨੂੰ ਮੁਹੱਈਆ ਕਰਵਾਏ ਗਏ ਹਨ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਬਟਾਲਾ ਸ਼ਹਿਰ ਉਨ੍ਹਾਂ ਦਾ ਆਪਣਾ ਸ਼ਹਿਰ ਹੈ ਅਤੇ ਸ਼ਹਿਰ ਨੂੰ ਸਾਫ-ਸੁਥਰਾ ਰੱਖਣ ਲਈ ਪੂਰਨ ਸਹਿਯੋਗ ਕਰਨਾ ਚਾਹੀਦਾ ਹੈ। ਇਸ ਮੌਕੇ ਗੱਲ ਕਰਦਿਆਂ ਕਮਿਸ਼ਨਰ ਕਾਰਪੋਰੇਸ਼ਨ ਬਟਾਲਾ ਡਾ. ਸ਼ਾਇਰੀ ਭੰਡਾਰੀ ਨੇ ਦੱਸਿਆ ਕਿ 'ਮੇਰਾ ਕੂੜਾ ਮੇਰੀ ਜ਼ਿੰਮੇਵਾਰੀ' ਮੁਹਿੰਮ ਤਹਿਤ ਕੂੜੇ ਦੀ ਸਾਂਭ ਸੰਭਾਲ ਲਈ ਖਾਸ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸ਼ਹਿਰ ਅੰਦਰ ਵੱਖ-ਵੱਖ ਥਾਵਾਂ 'ਤੇ ਕੂੜੇ ਦੀ ਸੰਭਾਲ ਲਈ ਪਿੱਟਸ ਬਣਾਈਆਂ ਗਈਆਂ ਹਨ, ਜਿਸ ਵਿੱਚ ਖਾਦ ਤਿਆਰ ਕੀਤੀ ਜਾਂਦੀ ਹੈ। ਉਨ੍ਹਾਂ ਸ਼ਹਿਰ ਵਾਸੀਆਂ ਤੇ ਖਾਸਕਰਕੇ ਸਕੂਲ, ਕਾਲਜ, ਹਸਪਤਾਲ, ਫੈਕਟਰੀਆਂ, ਹੋਟਲ ਅਤੇ ਵੱਡੀਆਂ ਸੰਸਥਾਵਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਪਿੱਟਸ ਬਣਾਉਣ ਵਿੱਚ ਸਹਿਯੋਗ ਕਰਨ।



# ਬਟਾਲਾ ਪੁਲਸ ਵੱਲੋਂ ਨਸ਼ਾ ਵਿਰੋਧੀ ਜਾਗਰੂਕਤਾ ਸਪਰੋਟਸ ਮੀਟ ਕਰਵਾਈ ਜਾਵੇਗੀ

**ਬਟਾਲਾ, (ਡਾ. ਮਲਵਿੰਦਰ ਸਿੰਘ)**-ਐੱਸ ਐੱਸ ਪੀ ਬਟਾਲਾ ਮੈਡਮ ਅਸ਼ਵਨੀ ਗੋਟਿਆਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਟਾਲਾ ਪੁਲਸ ਵੱਲੋਂ 'ਖੁਸ਼ਹਾਲ ਪੰਜਾਬ' ਪ੍ਰੋਗਰਾਮ ਤਹਿਤ ਨਸ਼ਾ ਵਿਰੋਧੀ ਜਾਗਰੂਕਤਾ ਸਪਰੋਟਸ ਮੀਟ ਕਰਵਾਈ ਜਾ ਰਹੀ ਹੈ। ਉਨ੍ਹਾਂ ਪੁਲਸ ਜ਼ਿਲ੍ਹਾ ਬਟਾਲਾ ਵਲੋਂ ਸਮੂਹ ਨੌਜਵਾਨਾਂ ਨੂੰ ਇਸ ਐਥਲੈਟਿਕਸ ਮੀਟ ਵਿੱਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ 8 ਦਸੰਬਰ ਨੂੰ ਹਾਕੀ ਮੈਚ ਪਿੰਡ ਮਰੜ ਦੇ ਐਸਟ੍ਰੋਟਰਫ ਖੇਡ ਮੈਦਾਨ ਵਿੱਚ ਹੋਵੇਗਾ। ਫੁੱਟਬਾਲ ਦਾ ਮੈਚ 9 ਦਸੰਬਰ ਨੂੰ ਆਈਟੀਆਈ ਬਟਾਲਾ ਵਿਖੇ ਅਤੇ 12 ਦਸੰਬਰ ਨੂੰ ਐਥਲੈਟਿਕਸ ਈਵੈਂਟ ਜਿਨ੍ਹਾਂ ਵਿੱਚ 100, 200 ਤੇ 400 ਮੀਟਰ ਦੀ ਦੌੜ (ਲੜਕੇ/ਲੜਕੀਆਂ), ਪੁਲਸ ਲਾਈਨ ਬਟਾਲਾ ਵਿਖੇ ਕਰਵਾਈ ਜਾਵੇਗੀ। ਜੇਤੂ ਟੀਮ ਦੇ ਖਿਡਾਰੀਆਂ ਨੂੰ ਨਗਦ ਇਨਾਮ ਅਤੇ ਸਰਟੀਫਿਕੇਟ ਦਿੱਤੇ ਜਾਣਗੇ। ਫਾਈਨਲ ਈਵੈਂਟ 12 ਦਸੰਬਰ 2023 ਨੂੰ ਹੋਵੇਗਾ। ਉਨ੍ਹਾਂ ਦੱਸਿਆ ਕਿ ਸ਼ਾਮਲ ਹੋਣ ਵਾਲੇ ਖਿਡਾਰੀ ਆਪਣੀ ਰਜਿਸਟਰੇਸ਼ਨ ਮੋਬਾਇਲ ਨੰਬਰ 97800-06017, 98554-62828 ਜਾਂ ਸਾਂਝ ਕੇਂਦਰ ਸਾਹਮਣੇ ਬੱਸ ਅੱਡਾ, ਦਫਤਰ ਐੱਸਐੱਸਪੀ ਬਟਾਲਾ ਵਿਖੇ ਕਰਵਾਉਣ।

# ਗਾਜ਼ੀਕੋਟ ਅੱਡੇ 'ਚ ਸੀਵਰੇਜ ਦਾ ਕੰਮ ਠੱਪ ਹੋਣ ਨਾਲ ਦੁਕਾਨਦਾਰ ਪ੍ਰੇਸ਼ਾਨ

**ਗੁਰਦਾਸਪੁਰ, (ਜਨਕ ਮਹਾਜਨ)**

ਪਿੰਡ ਦੀ ਗਰਾਮ ਪੰਚਾਇਤ ਵਲੋਂ ਲੱਖਾਂ ਰੁਪਏ ਦੀ ਲਾਗਤ ਨਾਲ ਅੱਡਾ ਗਾਜ਼ੀਕੋਟ ਵਿਖੇ ਪਾਣੀ ਦੇ ਨਿਕਾਸ ਵਾਸਤੇ ਕੰਮ ਸ਼ੁਰੂ ਕੀਤਾ ਸੀ ਜੋ ਠੱਪ ਹੋਣ ਨਾਲ ਦੁਕਾਨਦਾਰ ਕਾਫ਼ੀ ਪ੍ਰੇਸਾਨ ਹਨ। ਅੱਡਾ ਗਾਜ਼ੀਕੋਟ ਦੇ ਸਮੂਹ ਦੁਕਾਨਦਾਰਾਂ ਨੇ ਦੱਸਿਆ ਕਿ ਜਦੋਂ ਮੀਂਹ ਜਾਂ ਬਰਸਾਤ ਹੁੰਦੀ ਹੈ ਤਾਂ ਮੀਂਹ ਦਾ ਪਾਣੀ ਘਰਾਂ ਤੇ ਦੁਕਾਨਾਂ ਵਿਚ ਜਾ ਵੜਦਾ ਹੈ ਤੇ ਕਈ-ਕਈ ਦਿਨ ਪਾਣੀ ਖੜ੍ਹਾ ਰਹਿੰਦਾ ਹੈ ਜਿਸ ਨਾਲ ਉਨ੍ਹਾਂ ਨੂੰ ਕਾਫ਼ੀ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਉਨ੍ਹਾਂ ਕਿਹਾ ਪਿੰਡ ਦੀ ਪੰਚਾਇਤ ਨੇ ਇਸ ਕੰਮ ਨੂੰ ਜੇ.ਸੀ.ਬੀ. ਮਸ਼ੀਨਾਂ ਲਗਾ ਕੇ ਕੰਮ ਸ਼ੁਰੂ ਕਰਵਾਇਆ ਸੀ ਪਰ ਕਿਸਾਨਾਂ ਨੇ ਆਪਣੀ ਜਮੀਨ ਵਿਚ ਪਾਣੀ ਪਾਉਣ ਤੋਂ ਮਨਾ ਕਰ ਦਿੱਤਾ ਤੇ ਕੰਮ ਪੂਰੀ ਤਰ੍ਹਾਂ ਠੱਪ ਹੋ ਗਿਆ। ਉਨ੍ਹਾਂ ਦੱਸਿਆ ਕਿ ਜੋ ਪਾਈਪਾਂ ਪਾਣੀ ਦੀ ਨਿਕਾਸ ਵਾਸਤੇ ਮੰਗਵਾਈਆਂ ਸਨ, ਉਹ ਸੜਕਾਂ 'ਤੇ ਰੁਲ ਰਹੀਆਂ ਹਨ। ਉਨ੍ਹਾਂ ਕਿਹਾ 8 ਮਹੀਨਿਆਂ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਇਸ ਕੰਮ ਨੂੰ ਨੇਪਰੇ ਨਹੀਂ ਚਾੜ੍ਹਿਆ ਗਿਆ ਜਿਸ ਨਾਲ ਦੁਕਾਨਦਾਰ ਕਾਫ਼ੀ ਚਿੰਤਤ ਨਜ਼ਰ ਆ ਰਹੇ ਹਨ। ਦੁਕਾਨਦਾਰਾਂ ਨੇ ਦੱਸਿਆ ਕਿ ਪਾਣੀ ਦੇ ਨਿਕਾਸ ਵਾਸਤੇ ਸਬੰਧਿਤ ਵਿਭਾਗ ਨੂੰ ਬੇਨਤੀਆਂ ਵੀ ਕੀਤੀਆਂ ਹਨ ਪਰ ਉਨ੍ਹਾਂ ਵੀ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ। ਉਨ੍ਹਾਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਸਬੰਧਿਤ ਵਿਭਾਗ ਨੂੰ ਹਦਾਇਤਾਂ ਜਾਰੀ ਕਰਕੇ ਪਾਣੀ ਦੇ ਨਿਕਾਸ ਦਾ ਮਸਲਾ ਹੱਲ ਕਰਵਾਇਆ ਜਾਵੇ ਤਾਂ ਜੋ ਦੁਕਾਨਦਾਰਾਂ ਨੂੰ ਆ ਰਹੀ ਮੁਸ਼ਕਿਲ ਤੋਂ ਨਿਜਾਤ ਮਿਲ ਸਕੇ।



# ਲੋਕਤੰਤਰ ਦੀ ਮਜ਼ਬੂਤੀ ਲਈ ਨੌਜਵਾਨ ਵੋਟ ਦੇ ਹੱਕ ਦਾ ਇਸਤੇਮਾਲ ਜ਼ਰੂਰ ਕਰਨ : ਏ ਡੀ ਸੀ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**

ਜ਼ਿਲ੍ਹਾ ਚੋਣ ਅਫਸਰ ਅੰਮ੍ਰਿਤਸਰ ਅਮਨਦੀਪ ਕੌਰ ਵਧੀਕ ਡਿਪਟੀ ਕਮਿਸ਼ਨਰ ਸ਼ਹਿਰੀ ਵਿਕਾਸ ਕਮ ਚੋਣਕਾਰ ਰਜਿਸਟ੍ਰੇਸ਼ਨ ਅਫਸਰ 017-ਅੰਮ੍ਰਿਤਸਰ ਕੇਂਦਰੀ ਦੇ ਦਿਸ਼ਾ ਨਿਰਦੇਸ਼ਾਂ ਤੇ ਬਰਿੰਦਰਜੀਤ ਸਿੰਘ ਨੋਡਲ ਅਫਸਰ ਸਵੀਪ ਨੇ ਅੰਮ੍ਰਿਤਸਰ ਕੇਂਦਰੀ ਹਲਕੇ ਅਧੀਨ ਆਉਂਦੇ ਸਰਕਾਰੀ ਆਰਟ ਐਂਡ ਕਰਾਫਟ ਇੰਸਟੀਚਿਊਟ, ਹਾਲ ਗੇਟ, ਅੰਮ੍ਰਿਤਸਰ ਅਤੇ ਸਰਕਾਰੀ ਇੰਸਟੀਚਿਊਟ ਆਫ ਗਾਰਮੈਂਟ ਟੈਕਨਾਲੋਜੀ, ਹਾਲ ਗੇਟ, ਅੰਮ੍ਰਿਤਸਰ ਸੰਸਥਾਵਾਂ ਦੇ ਪ੍ਰਿੰਸੀਪਲਾਂ ਅਤੇ ਨੋਡਲ ਅਫਸਰਾਂ ਦੇ ਸਹਿਯੋਗ ਨਾਲ ਲੋਕਾਂ ਨੂੰ ਵੋਟਰ ਕਾਰਡ ਬਣਾਉਣ ਲਈ ਜਾਗਰੂਕ ਕਰਨ ਲਈ ਸਵੀਪ ਗਤੀਵਿਧੀਆਂ ਅਧੀਨ ਹਾਲ ਬਾਜ਼ਾਰ ਵਿੱਚ ਮੈਗਾ ਰੈਲੀ ਕੱਢੀ ਗਈ। ਇਸ ਮੈਗਾ ਰੈਲੀ ਨੂੰ ਅਮਨਦੀਪ ਕੌਰ ਵਧੀਕ ਡਿਪਟੀ ਕਮਿਸ਼ਨਰ ਸ਼ਹਿਰੀ ਵਿਕਾਸ-ਕਮ-ਚੋਣਕਾਰ ਰਜਿਸਟ੍ਰੇਸ਼ਨ ਅਫਸਰ 017-ਅੰਮ੍ਰਿਤਸਰ ਕੇਂਦਰੀ ਨੇ ਝੰਡੀ ਦੇ ਕੇ ਰਵਾਨਾ ਕੀਤਾ। ਰੈਲੀ ਵਿੱਚ ਪ੍ਰਿੰਸੀਪਲ ਸ੍ਰੀ ਜਤਿੰਦਰ ਸਿੰਘ ਜੀ ਅਤੇ ਡੈਡੀਕੇਟਿਡ ਅਫਸਰ 017-ਅੰਮ੍ਰਿਤਸਰ ਕੇਂਦਰੀ ਵੀ ਹਾਜ਼ਰ ਸਨ। ਇਸ ਰੈਲੀ ਦਾ ਮੁੱਖ ਮਕਸਦ ਆਨਲਾਇਨ ਨਵੀਂ ਵੋਟ ਬਣਾਉਣੀ, ਦਰੁਸਤੀ ਕਰਾਉਣੀ ਅਤੇ 18 ਸਾਲ ਦੇ ਯੋਗ ਸਿਖਿਆਰਥੀਆਂ ਨੂੰ ਵੋਟ ਬਣਾਉਣ ਲਈ ਉਤਸਾਹਿਤ ਕਰਨਾ ਹੈ। 017-ਅੰਮ੍ਰਿਤਸਰ ਕੇਂਦਰੀ ਹਲਕੇ ਅਧੀਨ ਕਾਲਜਾਂ ਅਤੇ ਸੰਸਥਾਵਾਂ ਵਿੱਚ 1500 ਦੇ ਕਰੀਬ ਸਿਖਿਆਰਥੀਆਂ ਦੀ ਨਵੀਂ ਵੋਟ ਬਣਾਉਣ ਲਈ ਆਨਲਾਇਨ ਰਜਿਸਟ੍ਰੇਸ਼ਨ ਕੀਤੀ ਗਈ ਹੈ ਜੋ ਕਿ ਅਜੇ ਵੀ ਬਾਕੀ ਰਹਿੰਦੇ ਸਿਖਿਆਰਥੀਆਂ ਦੀ ਰਜਿਸਟ੍ਰੇਸ਼ਨ ਹੋ ਰਹੀ ਹੈ। ਸਿਖਿਆਰਥੀਆਂ ਨੂੰ ਵੋਟ ਬਣਾਉਣ ਲਈ ਜਾਗਰੂਕ ਕਰਨ ਲਈ ਸਾਰੇ ਕਾਲਜਾਂ ਅਤੇ ਸੰਸਥਾਵਾਂ ਵਿੱਚ ਲਗਾਤਾਰ ਸਵੀਪ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਮੈਗਾ ਰੈਲੀ ਦਾ ਮਕਸਦ ਨੌਜਵਾਨਾਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰਨਾ ਹੈ ਅਤੇ ਆਪਣਾ ਵੋਟ ਬਣਾਉਣ ਲਈ ਪ੍ਰੇਰਿਤ ਵੀ ਕਰਨਾ ਹੈ। ਉਨ੍ਹਾਂ ਦੱਸਿਆ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਜ਼ਰੂਰੀ ਹੈ ਕਿ ਨੌਜਵਾਨ ਵੱਧ ਚੜ੍ਹ ਕੇ ਵੋਟਾਂ ਵਿਚ ਭਾਗ ਲੈਣ।




# ਈ ਟੀ ਓ ਨੇ ਨਰੇਸ਼ ਪਾਠਕ ਨੂੰ ਕੀਤਾ ਸਨਮਾਨਿਤ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਆਮ ਆਦਮੀ ਪਾਰਟੀ ਦੀ ਹਾਈ ਕਮਾਂਡ ਵੱਲੋਂ ਨਰੇਸ਼ ਪਾਠਕ ਨੂੰ ਪੀਐਸਐਸ ਬੋਰਡ ਦਾ ਮੈਂਬਰ ਨਿਯੁਕਤ ਹੋਣ ਤੇ ਕੈਬਿਨੇਟ ਮੰਤਰੀ ਸਰਦਾਰ ਹਰਭਜਨ ਸਿੰਘ ਜੀ ਈਟੀਓ ਵੱਲੋਂ ਤੇ ਉਹਨਾਂ ਦੀ ਸਮੁੱਚੀ ਟੀਮ ਜੰਡਿਆਲਾ ਗੁਰੂ ਵੱਲੋਂ ਸਰਬਜੀਤ ਸਿੰਘ ਡਿੰਪੀ ਸਹਿਰੀ ਪ੍ਰਧਾਨ ਦੇ ਦਫਤਰ ਵਿਖੇ ਨਰੇਸ਼ ਪਾਠਕ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੁਨਿਆਨਾ ਰੰਧਾਵਾ, ਸਤਨਾਮ ਸਿੰਘ ਗਿੱਲ, ਸਤਿੰਦਰ ਸਿੰਘ, ਵਿਜੇ ਕੁਮਾਰ ਮੱਟੀ, ਤਰਸੇਮ ਸਿੰਘ, ਸੁਖਬੀਰ ਸਿੰਘ, ਪਰਮਜੀਤ ਕੌਰ, ਅਮਰਜੀਤ ਕੌਰ, ਰੁਕਵਿੰਦਰ ਰੌਕੀ, ਕਸ਼ਮੀਰ ਸਿੰਘ, ਡੀਐਸਪੀ ਮਹਿੰਦਰ ਸਿੰਘ, ਹਰਪ੍ਰੀਤ ਸਿੰਘ,ਵੰਦਨਾ ਡੋਗਰਾ, ਗੁਰਨਾਮ ਸਿੰਘ, ਸਤਿੰਦਰ ਸਿੰਘ ਜੌਹਲ, ਹਰਪ੍ਰੀਤ ਸਿੰਘ ਖਜਾਨ ਸਿੰਘ ਅਤੇ ਹੋਰ ਬਹੁਤ ਸਾਥੀ ਸ਼ਾਮਲ ਸਨ।

# ਮਾਤਾ ਭਾਗ ਕੌਰ ਦਾ ਸਾਲਾਨਾ ਜੋੜ ਮੇਲਾ ਸ਼ਰਧਾ ਭਾਵਨਾ ਨਾਲ ਮਨਾਇਆ

**ਝਬਾਲ (ਹਰਜਿੰਦਰ ਸਿੰਘ ਸੋਨੀ)**

ਝਬਾਲ ਵਿਖੇ ਮਾਝੇ ਦੀ ਲਾਜ ਮਾਤਾ ਭਾਗ ਕੌਰ ਦਾ ਸਾਲਾਨਾ ਜੋੜ ਮੇਲਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਇਲਾਕੇ ਨਗਰ, ਦੇਸ਼-ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆਂ ਗਿਆ।ਪ੍ਰਸੋ ਰੋਜ ਤੋਂ ਗੁਰਦੁਆਰਾ ਜਨਮ ਅਸਥਾਨ ਮਾਤਾ ਭਾਗ ਕੌਰ ਜੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਸਨ ਉਹਨਾਂ ਦੇ ਅੱਜ ਭੋਗ ਪਾਏ ਗਏ ਭੋਗ ਤੋਂ ਉਪਰੰਤ ਹਜੂਰੀ ਰਾਗੀ ਜਥਾ ਦਲ ਬਾਬਾ ਬਿੱਧੀ ਚੰਦ ਸਾਹਿਬ, ਪ੍ਰਿਤਪਾਲ ਸਿੰਘ ਬਰਗਾੜੀ ਹਜੂਰੀ ਰਾਗੀ ਦਲ ਬਾਬਾ ਬਿੱਧੀ ਚੰਦ ਸਹਿਬ ਜੀ ਨੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ ਗਿਆ।ਉਪਰੰਤ ਦੀਵਾਨ ਹਾਲ ਵਿੱਚ ਦੀਵਾਨ ਸਜਾਏ ਗਏ।ਜਿਸ ਵਿੱਚ ਢਾਡੀ, ਕਵੀਸਰ,ਕਥਾਂ ਵਾਚਕ ਨੇ ਪਹੁੰਚ ਕੇ ਮਾਤਾ ਭਾਗ ਕੌਰ ਜੀ ਦਾ ਜੀਵਨ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਸਲਾਨਾ ਜੋੜ ਮੇਲਿਆਂ ਤੇ ਸੰਤ ਮਹਾਂਪੁਰਸ਼ ਸੰਤ ਬਾਬਾ ਅਵਤਾਰ ਸਿੰਘ ਜੀ ਸੁਰਸਿੰਘ ਵਾਲੇ (ਬਿਧੀਚੰਦੀਏ) ਬਾਬਾ ਯੋਗਾ ਸਿੰਘ ਜੀ ਮੁਖੀ ਤਰਨਾਂ ਦਲ ਬਾਬਾ ਬਕਾਲਾ, ਸੰਤ ਬਾਬਾ ਦਰਸਨ ਸਿੰਘ ਜੀ ਬੋਰੀ ਵਾਲੇ, ਸੰਤ ਬਾਬਾ ਗੁਰਦੇਵ ਸਿੰਘ ਜੀ ਸਹੀਦੀ ਬਾਗ ਵਾਲੇ, ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਹਿਬ,ਸੰਤ ਗਿਆਨੀ ਇੰਦਰਜੀਤ ਸਿੰਘ ਰਕਬੇ ਵਾਲਿਆਂ ਨੇ ਉਚੇਚੇ ਤੌਰ ਤੇ ਪਹੁੰਚ ਕੇ ਹਾਜਰੀ ਭਰੀ ਮੁੱਖ ਸੇਵਾਦਾਰ ਬਾਬਾ ਸੇਵਕ ਸਿੰਘ ਵੱਲੋਂ ਤੇ ਗੁਰਦੁਆਰਾ ਦੀ ਪ੍ਰਬੰਧ ਕਮੇਟੀ ਵੱਲੋਂ ਆਏ ਹੋਏ ਸੰਤਾ ਮਹਾਂਪੁਰਸ਼ਾ ਨੂੰ ਸਨਮਾਨਿਤ ਵੀ ਕੀਤਾ ਗਿਆ ਤੇ ਜੀ ਆਇਆਂ ਆਖਿਆ ਗੁਰੂ ਕੇ ਲੰਗਰ ਤਰ੍ਹਾਂ ਤਰ੍ਹਾਂ ਦੀਆਂ ਵਸਤੂਆਂ ਦੇ ਅਤੁੱਟ ਵਰਤਾਏ ਗਏ।ਇਸ ਮੌਕੇ ਬਾਬਾ ਸੇਵਕ ਸਿੰਘ ਤੋਂ ਇਲਾਵਾ ਸੈਕਟਰੀ ਰਛਪਾਲ ਸਿੰਘ, ਗੁਰਪ੍ਰੀਤ ਸਿੰਘ, ਹਰਜੀਤ ਸਿੰਘ, ਗ੍ਰੰਥੀ ਬਲਵਿੰਦਰ ਸਿੰਘ, ਸੇਵਾਦਾਰ ਇੰਦਰ ਸਿੰਘ, ਬਾਬਾ ਭੋਲਾ ਸਿੰਘ ਤੇ ਨਗਰ ਅਤੇ ਇਲਾਕੇ ਦੀਆਂ ਸਮੂੰਹ ਸੰਗਤਾਂ ਆਦਿ ਹਾਜ਼ਰ ਸਨ।



# ਪੰਥਕ ਅਕਾਲੀ ਲਹਿਰ ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ ਸਬੰਧੀ ਇਕੱਤਰਤਾ ਅੱਜ

**ਮਜੀਠਾ (ਸੋਇਮ ਆਨੰਦ)**-ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਾਉਣ ਲਈ ਕੀਤੇ ਗਏ ਐਲਾਨ ਨਾਲ ਸਿਆਸੀ ਧਿਰਾਂ ਅਤੇ ਸਿੱਖ ਸੰਗਤਾਂ ਵਿੱਚ ਹਲਚਲ ਮੱਚ ਗਈ ਹੈ। ਇਥੇ ਕਹਿਣਾ ਠੀਕ ਹੋਵੇਗਾ ਕਿ ਹਲਕਾ ਗੁਰੂ ਕਾ ਬਾਗ ਸ਼ੁਰੂ ਤੋਂ ਹੀ ਸ਼੍ਰੋਮਣੀ ਕਮੇਟੀ ਚੋਣਾਂ ਦਾ ਕੇਂਦਰ ਬਿੰਦੂ ਰਿਹਾ ਹੈ। ਇਸ ਸਬੰਧੀ ਮਜੀਠਾ ਹਲਕੇ ਦੇ ਪਿੰਡ ਸੋਹੀਆਂ ਕਲਾਂ ਵਿਖੇ ਦੀ ਦਾਣਾ ਮੰਡੀ 'ਚ ਪੰਥਕ ਅਕਾਲੀ ਲਹਿਰ ਵਲੋਂ ਅੱਜ 7 ਦਸੰਬਰ 1 ਵਜੇ ਇੱਕ ਇਕੱਤਰਤਾ ਰੱਖੀ ਗਈ ਹੈ ਜਿਸ ਵਿੱਚ ਭਾਈ ਰਣਜੀਤ ਸਿੰਘ ਸਾਬਕਾ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ। ਇਸ ਦੀ ਜਾਣਕਾਰੀ ਦਿੰਦਿਆਂ ਭਾਈ ਜਸਵੰਤ ਸਿੰਘ ਪੰਨੂੰ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਅਗਾਊਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਉਨ੍ਹਾਂ ਇਲਾਕੇ ਭਰ ਦੀਆਂ ਸਿੱਖ ਸੰਗਤਾਂ ਨੂੰ ਇਸ ਇਕੱਤਰਤਾ ਵਿੱਚ ਵੱਧ ਚੜ੍ਹ ਕਿ ਹਿਸਾ ਲੈਣ ਦੀ ਅਪੀਲ ਕੀਤੀ। ਇਸ ਮੌਕੇ ਉਹਨਾਂ ਨਾਲ ਅਨੂਪ ਸਿੰਘ ਸੰਧੂ, ਜਗਮੇਰ ਸਿੰਘ ਗਿੱਲ, ਜਗਦੀਪ ਸਿੰਘ ਰਾਜੀਆਂ, ਸਤਵੰਤ ਸਿੰਘ, ਲਖਵਿੰਦਰ ਸਿੰਘ ਵੇਗੋਵਾਲ ਆਦਿ ਹਾਜ਼ਰ ਸਨ।

# ਕਵੀਸ਼ਰੀ, ਭਾਸ਼ਣ ਤੇ ਕਵਿਤਾ ਮੁਕਾਬਲੇ 'ਚ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ

**ਧਾਰੀਵਾਲ, ਦਸੰਬਰ (ਮਨਦੀਪ ਸਿੰਘ ਵਿੱਕੀ)**

ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਦੇ ਵਿਦਿਆਰਥੀਆਂ ਨੇ ਕਵੀਸ਼ਰੀ, ਭਾਸ਼ਣ ਪ੍ਰਤੀਯੋਗਤਾ ਅਤੇ ਕਵਿਤਾ ਮੁਕਾਬਲਿਆਂ ਵਿੱਚ ਜਿੱਤਾਂ ਪ੍ਰਾਪਤ ਕਰਕੇ ਆਪਣੇ ਸਕੂਲ ਅਤੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ ਹੈ। ਇਸ ਬਾਬਤ ਸਕੂਲ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਨੇ ਦੱਸਿਆ ਕਿ ਸਤਨਾਮ ਸਰਬ ਕਲਿਆਣ ਟਰੱਸਟ ਚੰਡੀਗੜ੍ਹ ਵੱਲੋਂ ਦਸਮੇਸ਼ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ ਕਰਵਾਏ ਕਵੀਸ਼ਰੀ, ਭਾਸ਼ਣ ਅਤੇ ਕਵਿਤਾ ਮੁਕਾਬਲਿਆਂ ਵਿੱਚ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਦੌਰਾਨ ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਦੇ ਵਿਦਿਆਰਥੀਆਂ ਬਿਕਰਮਜੀਤ ਸਿੰਘ, ਦਮਨਪ੍ਰੀਤ ਸਿੰਘ ਤੇ ਪ੍ਰਭਜੋਤ ਸਿੰਘ ਨੇ ਕਵੀਸ਼ਰੀ ਵਿੱਚ ਪਹਿਲਾ ਸਥਾਨ, ਆਗਿਆਪਾਲ ਸਿੰਘ ਨੇ ਭਾਸ਼ਣ ਪ੍ਰਤੀਯੋਗਤਾ ਵਿੱਚ ਪਹਿਲਾ ਸਥਾਨ ਅਤੇ ਗਗਨਪ੍ਰੀਤ ਕੌਰ ਨੇ ਕਵਿਤਾ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਡਾਇਰੈਕਟਰ ਡਾ: ਮਹਿੰਦਰਪਾਲ ਸਿੰਘ ਕਲੇਰ, ਪ੍ਰਧਾਨ ਮੈਡਮ ਰਣਜੀਤ ਕੌਰ ਅਤੇ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਨੇ ਇਸ ਸ਼ਾਨਦਾਰ ਪ੍ਰਾਪਤੀ 'ਤੇ ਜੇਤੂ ਵਿਦਿਆਰਥੀਆਂ ਅਤੇ ਧਾਰਮਿਕ ਅਧਿਆਪਕਾ ਸੁਖਮੀਤ ਕੌਰ ਨੂੰ ਮੁਬਾਰਕਬਾਦ ਦਿੱਤੀ ਅਤੇ ਸਕੂਲ ਪਹੁੰਚਣ 'ਤੇ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਮੈਡਮ ਸੁਖਵੰਤ ਕੌਰ, ਮੈਡਮ ਕੁਲਦੀਪ ਕੌਰ, ਮੈਡਮ ਕੁਲਜਿੰਦਰ ਕੌਰ, ਮੈਡਮ ਮਨਪ੍ਰੀਤ ਕੌਰ, ਮੈਡਮ ਰਮਨਦੀਪ ਕੌਰ ਅਤੇ ਮੈਡਮ ਰੇਨੂੰ ਬਾਲਾ ਆਦਿ ਸਮੇਤ ਸਮੂਹ ਸਟਾਫ ਮੈਂਬਰ ਹਾਜ਼ਰ ਸਨ।



# ਭਾਈ ਵੀਰ ਸਿੰਘ ਇਤਿਹਾਸ ਤੇ ਪਰਾ-ਇਤਿਹਾਸ ਦਾ ਸੁਮੇਲ

## ਭਾਈ ਵੀਰ ਸਿੰਘ ਨੂੰ ਵਿਚਾਰਧਾਰਕ ਵਰਗਾਂ ਤੋਂ ਮੁਕਤ ਰੱਖਣ 'ਤੇ ਦਿੱਤਾ ਜ਼ੋਰ : ਵਿਦਵਾਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਸੰਸਥਾ ਨਾਦ ਪ੍ਰਗਾਸੁ ਵੱਲੋਂ ਭਾਈ ਵੀਰ ਸਿੰਘ ਦੇ 151ਵੇਂ ਜਨਮ ਦਿਵਸ ਦੇ ਮੌਕੇ 'ਤੇ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤੇ ਗਏ। ਪ੍ਰੋਗਰਾਮਾਂ ਵਿਚ ਸ਼ਹਿਰ ਦੇ ਵੱਖ-ਵੱਖ ਭਾਗਾਂ ਤੋਂ ਸਖਸ਼ੀਅਤਾਂ ਅਤੇ ਵੱਖ-ਵੱਖ ਵਿਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਸਮਾਗਮ ਦੇ ਪਹਿਲੇ ਪੜਾਅ ਵਿਚ ਸੰਸਥਾ ਵੱਲੋਂ ਕਰਵਾਏ ਜਾਂਦੇ ਮਹੀਨਾਵਰ ਪ੍ਰੋਗਰਾਮ ਸਿਰਜਣ ਪ੍ਰਕਿਰਿਆ ਦਾ 12ਵਾਂ ਭਾਗ ਭਾਈ ਵੀਰ ਸਿੰਘ ਨੂੰ ਸਮਰਪਿਤ ਕੀਤਾ ਗਿਆ। ਇਸ ਵਿੱਚ ਸ਼ਹਿਰ ਦੀ ਉਭਰਦੀ ਹੋਈ ਕਵਿੱਤਰੀ ਜਸਵਿੰਦਰ ਸੀਰਤ ਨੂੰ ਸਰੋਤਿਆਂ ਦੇ ਰੂ-ਬ-ਰੂ ਕਰਵਾਇਆ ਗਿਆ ਜਿਸ ਵਿੱਚ ਉਨ੍ਹਾਂ ਇੱਕ ਲੇਖਕ ਦੇ ਤੌਰ ਤੇ ਸਿਰਜਨਾਤਮਿਕਤਾ ਅਤੇ ਉਸਦੇ ਪ੍ਰਗਟਾਵੇ ਦੀਆਂ ਵਿਭਿੰਨਤਾਵਾਂ ਬਾਰੇ ਆਪਣਾ ਅਨੁਭਵ ਸਾਂਝਾ ਕੀਤਾ। ਬਾਅਦ ਵਿੱਚ ਉਨ੍ਹਾਂ ਵਿਦਿਆਰਥੀਆਂ ਦੁਆਰਾ ਪੁੱਛੇ ਗਏ ਪ੍ਰਸ਼ਨਾਂ ਦੇ ਜੁਆਬ ਵੀ ਦਿੱਤੇ। ਸਮਾਗਮ ਦੇ ਦੂਜੇ ਪੜਾਅ ਵਿਚ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਬਾਬਤ ਵਿਚਾਰ ਚਰਚਾ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੋਜਾਰਥੀ ਗੁਰਦਿਆਲ ਸਿੰਘ ਨੇ 'ਸੰਤ ਗਾਥਾ' ਦੇ ਹਵਾਲੇ ਨਾਲ ਕਿਹਾ ਕਿ ਭਾਈ ਵੀਰ ਸਿੰਘ ਦੀ ਅਧਿਆਤਮਿਕਤਾ ਨੂੰ ਸਿਰਫ਼ ਨੈਤਿਕਤਾ ਜਾਂ ਮਾਨਵਵਾਦ ਤੱਕ ਸੀਮਿਤ ਕਰਕੇ ਨਹੀਂ ਦੇਖਿਆ ਜਾਣਾ ਚਾਹੀਦਾ ਕਿਉਂਕਿ ਉਨ੍ਹਾਂ ਦੀਆਂ ਰਚਨਾਵਾਂ ਵਿਚ ਇਤਿਹਾਸ ਤੇ ਪਰਾ-ਇਤਿਹਾਸ ਦਾ ਸੁਮੇਲ ਪ੍ਰਤੱਖ ਦੇਖਣ ਨੂੰ ਮਿਲਦਾ ਹੈ। ਦੂਜੇ ਬੁਲਾਰੇ ਹੀਰਾ ਸਿੰਘ ਨੇ ਭਾਈ ਵੀਰ ਸਿੰਘ ਦੀਆਂ ਲਿਖਤਾਂ ਵਿਚ ਨਾਮ-ਰਸ ਅਤੇ ਸਵੈ ਦੇ ਸੰਕਲਪ ਦੀ ਚਰਚਾ ਕੀਤੀ। ਸਮਾਗਮ ਦੇ ਅਖੀਰ ਵਿੱਚ ਸਮਾਗਮ ਦੇ ਮੁੱਖ ਮਹਿਮਾਨ ਡਾ. ਗੁਰਨਾਮ ਕੌਰ ਬੇਦੀ ਨੇ ਕਿਹਾ ਕਿ ਵਿਸਮਾਦ, ਖੇੜਾ ਅਤੇ ਚੜ੍ਹਦੀ ਕਲਾ ਦੇ ਸੰਕਲਪ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਦੇ ਕੇਂਦਰੀ ਨੁਕਤੇ ਵਜੋਂ ਉਭਰਦੇ ਹਨ। ਉਨ੍ਹਾਂ ਨੇ ਭਾਈ ਵੀਰ ਸਿੰਘ ਦੀ ਸ਼ਖ਼ਸ਼ੀਅਤ ਨੂੰ ਵੱਖ-ਵੱਖ ਵਿਚਾਰਧਾਰਕ ਵਰਗਾਂ ਤੋਂ ਮੁਕਤ ਰੱਖਣ ਤੇ ਜੋਰ ਦਿੱਤਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਪ੍ਰੋਫੈਸਰ ਡਾ. ਧਰਮ ਸਿੰਘ ਨੇ ਕਿਹਾ ਕਿ ਭਾਈ ਵੀਰ ਸਿੰਘ ਅੰਮ੍ਰਿਤਸਰ ਸ਼ਹਿਰ ਦੀ ਕੇਂਦਰੀ ਹਸਤੀ ਹੈ ਜਿਸਦੇ ਮਹੱਤਵ ਨੂੰ ਪਹਿਚਾਨਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਭਾਈ ਵੀਰ ਸਿੰਘ ਨੂੰ ਸਿਰਫ਼ ਕੁਦਰਤ ਦੇ ਕਵੀ ਤੱਕ ਸੀਮਿਤ ਨਹੀਂ ਕੀਤਾ ਜਾਣਾ ਚਾਹੀਦਾ, ਸਗੋਂ ਉਨ੍ਹਾਂ ਦੀਆਂ ਰਚਨਾਵਾਂ ਦੇ ਮਹੱਤਵ ਨੂੰ ਅਕਾਦਮਿਕ ਖੇਤਰ ਵਿੱਚ ਵੀ ਉਭਾਰਿਆ ਜਾਣਾ ਚਾਹੀਦਾ ਹੈ। ਇਸ ਮੌਕੇ ਭਾਈ ਵੀਰ ਸਿੰਘ ਦੀ ਕਾਵਿ-ਘਾਲਣਾ ਨੂੰ ਸਮਰਪਿਤ ਇੱਕ ਕਵੀ ਦਰਬਾਰ ਕੀਤਾ ਗਿਆ ਜਿਸ ਵਿੱਚ ਸੁਰਿੰਦਰ ਸਿੰਘ, ਚਰਨਜੀਤ ਸਿੰਘ, ਡਾ. ਮਨਿੰਦਰ ਸਿੰਘ, ਹਰਪ੍ਰੀਤ ਨਾਰਲੀ, ਗੁਰਪ੍ਰੀਤ ਸਿੰਘ ਪ੍ਰੀਤ ਅਤੇ ਅਰਸ਼ਦੀਪ ਸਿੰਘ ਆਦਿ ਕਵੀਆਂ ਨੇ ਆਪਣੀ ਕਵਿਤਾਵਾਂ ਨਾਲ ਸ੍ਰੋਤਿਆਂ ਨੂੰ ਮੰਤਰ-ਮੁਗਧ ਕੀਤਾ। ਇਸ ਮੌਕੇ ਗੁਰਿੰਦਰ ਸਿੰਘ ਜੌਹਲ, ਡਾ. ਜੋਗਿੰਦਰ ਸਿੰਘ, ਮਦਨਜੀਤ ਸਿੰਘ, ਗੁਰਚੇਤਨ ਸਿੰਘ, ਪ੍ਰੋ. ਗੁਰਮੇਲ ਸਿੰਘ ਅਤੇ ਡਾ. ਸੁਖਵਿੰਦਰ ਸਿੰਘ ਵੀ ਹਾਜ਼ਰ ਸਨ।



# ਬਾਲ ਵਿੱਦਿਆ ਮਾਡਰਨ ਹਾਈ ਸਕੂਲ ਦੇ ਵਿਦਿਆਰਥੀਆਂ ਵੱਲੋਂ ਸਾਇੰਸ ਸਿਟੀ ਦਾ ਦੌਰਾ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਬਾਲ ਵਿੱਦਿਆ ਮਾਡਰਨ ਹਾਈ ਸਕੂਲ ਧਾਰੀਵਾਲ ਦੇ ਵਿਦਿਆਰਥੀਆਂ ਨੇ ਪ੍ਰਿੰ. ਰੁਪਿੰਦਰ ਕੌਰ ਦੀ ਅਗਵਾਈ ਵਿੱਚ ਪੁਸ਼ਪਾ ਗੁਜ਼ਰਾਲ ਸਾਇੰਸ ਸਿਟੀ ਕਪੂਰਥਲਾ ਦਾ ਦੌਰਾ ਕੀਤਾ। ਪ੍ਰਿੰ. ਰੁਪਿੰਦਰ ਕੌਰ ਨੇ ਦੱਸਿਆ ਕਿ ਇਸ ਟੂਰ ਦਾ ਮੁੱਖ ਮੰਤਵ ਸਕੂਲ ਦੇ ਵਿਦਿਆਰਥੀਆਂ ਨੂੰ ਸਾਇੰਸ ਵਿਸ਼ੇ ਨਾਲ ਸਬੰਧਿਤ ਜਾਣਕਾਰੀ ਦੇਣ ਦੇ ਨਾਲ ਬੱਚਿਆਂ ਵਿੱਚ ਪੜ੍ਹਾਈ ਦੇ ਤਣਾਅ ਨੂੰ ਦੂਰ ਕਰਨਾ ਸੀ। ਉਨ੍ਹਾਂ ਦੱਸਿਆ ਵਿਦਿਆਰਥੀਆਂ ਨੂੰ ਸਾਇੰਸ ਸਿਟੀ ਲੈ ਕੇ ਜਾਣ ਦਾ ਮੁੱਖ ਉਦੇਸ਼ ਬੱਚਿਆਂ ਨੂੰ ਪ੍ਰੈਕਟੀਕਲ ਦੇ ਜ਼ਰੀਏ ਸਾਇੰਸ ਬਾਰੇ ਜਾਣਕਾਰੀ ਮੁਹੱਈਆ ਕਰਵਾਉਣਾ ਸੀ ਤਾਂ ਕਿ ਉਹ ਜ਼ਿੰਦਗੀ ਵਿੱਚ ਆਪਣੀ ਮੰਜ਼ਿਲ ਵੱਲ ਉਤਸ਼ਾਹ ਤੇ ਚਾਅ ਨਾਲ ਵੱਧ ਸਕਣ। ਉਨ੍ਹਾਂ ਨੇ ਦੱਸਿਆ ਕਿ ਇਸ ਟੂਰ ਦੌਰਾਨ ਵਿਦਿਆਰਥੀਆਂ ਨੇ ਸਾਇੰਸ ਬਾਰੇ ਜਾਣਕਾਰੀ ਹਾਸਿਲ ਕਰਨ ਦੇ ਨਾਲ ਲੇਜਰ ਸ਼ੋਅ, ਥਰੀਡੀ ਸ਼ੋਅ, ਗਲੋਬ ਸ਼ੋਅ ਆਦਿ ਸਮੇਤ ਹੋਰ ਵੀ ਕਈ ਸ਼ੋਅ ਦੇਖ ਕੇ ਟੂਰ ਦਾ ਭਰਪੂਰ ਆਨੰਦ ਵੀ ਮਾਣਿਆ। ਇਸ ਤੋਂ ਇਲਾਵਾ ਵੱਖ-ਵੱਖ ਸਾਇੰਸ ਲੈਬਾਂ, ਸਾਇੰਸ ਮਾਡਲ ਅਤੇ ਡਾਇਨਾਸੋਰ ਦੀਆਂ ਗੁਫਾਵਾਂ ਨੂੰ ਦੇਖ ਕੇ ਬਹੁਤ ਸਾਰਾ ਗਿਆਨ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਦੇ ਸੀਨੀਅਰ ਅਧਿਆਪਕ ਪਲਵਿੰਦਰ ਸੋਹਲ, ਰਾਜ ਰਾਣੀ, ਰੇਨੂੰ ਸ਼ਰਮਾ, ਦਵਿੰਦਰ ਕੌਰ, ਗੁਰਵਿੰਦਰਜੀਤ ਕੌਰ, ਮੈਡਮ ਸਨੀਆ, ਮੈਡਮ ਰਸ਼ਮੀ, ਮੈਡਮ ਪ੍ਰਿਆ, ਹਰਜੀਤ ਕੌਰ, ਰੁਪਾਲੀ ਮਹਾਜਨ, ਮੈਡਮ ਇਸ਼ਾ, ਮੈਡਮ ਜੀਵਤੀ, ਮੈਡਮ ਪਰਾਨਿੰਧੀ, ਸਰਤਾਜ ਸਿੰਘ ਆਦਿ ਸਟਾਫ ਮੈਂਬਰਾਂ ਨੇ ਆਪਣੀ ਡਿਊਟੀ ਜ਼ਿੰਮੇਵਾਰੀ ਨਾਲ ਨਿਭਾਈ ਅਤੇ ਵਿਦਿਆਰਥੀਆਂ ਨੂੰ ਸਾਇੰਸ ਦਾ ਗਿਆਨ ਦੇਣ ਵਿੱਚ ਮਦਦ ਕੀਤੀ।

# 'ਚਾਲੀ ਦਿਨ' ਰਾਹੀਂ ਸਾਨੂੰ ਜੀਵਨ ਦੇ ਅਸਲ ਮੁੱਲਾਂ ਨਾਲ ਮਿਲਣ ਦਾ ਸਬੱਬ ਬਣਦਾ : ਪ੍ਰਿੰ. ਡਾ. ਮਹਿਲ ਸਿੰਘ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਪਰਵਾਸੀ ਪੰਜਾਬੀ ਸਾਹਿਤਕਾਰ ਡਾਕਟਰ ਗੁਰਪ੍ਰੀਤ ਸਿੰਘ ਧੁੱਗਾ ਦੀ ਬਹੁ-ਚਰਚਿਤ ਪੁਸਤਕ 'ਚਾਲੀ ਦਿਨ' ਤੇ ਖ਼ਾਲਸਾ ਕਾਲਜ ਦੇ ਪੰਜਾਬੀ ਵਿਭਾਗ ਵੱਲੋਂ ਵਿਚਾਰ ਗੋਸ਼ਟੀ ਕਰਵਾਈ ਗਈ। ਸਮਾਗਮ ਵਿਚ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਪੰਜਾਬੀ ਵਿਭਾਗ ਦੇ ਮੁਖੀ ਡਾ. ਆਤਮ ਸਿੰਘ ਰੰਧਾਵਾ ਨੇ ਕਿਹਾ ਕਿ ਇਹ ਰਚਨਾ ਬਣੇ ਬਣਾਏ ਚੌਖਟਿਆਂ ਨੂੰ ਤੋੜਦੀ ਹੋਈ ਵਿਧਾ ਪੱਖੋਂ ਨਵੇਂ ਪ੍ਰਤੀਮਾਨ ਸਿਰਜਦੀ ਹੈ ਉਨ੍ਹਾਂ ਕਿਹਾ ਕਿ ਇਹ ਪੁਸਤਕ ਪੱਛਮ ਦੀ ਤੇਜ ਦੌੜ ਵਾਲੀ ਜ਼ਿੰਦਗੀ ਵਿਚੋਂ ਸਹਿਜਤਾ ਦਾ ਸੰਦੇਸ਼ ਲੈ ਕੇ ਆਈ ਹੈ। ਅੱਖਰ ਰਸਾਲੇ ਦੇ ਸੰਪਾਦਕ ਵਿਸ਼ਾਲ ਕੁਮਾਰ ਨੇ ਪੁਸਤਕ ਨਾਲ ਜਾਣ-ਪਛਾਣ ਕਰਾਉਂਦਿਆਂ ਕਿਹਾ ਕਿ ਡਾ. ਧੁੱਗਾ ਨੇ ਬੜੀ ਮਿਹਨਤ ਨਾਲ ਇਸ ਪੁਸਤਕ ਦੀ ਰਚਨਾ ਕੀਤੀ ਹੈ ਜੋ ਸਾਡੀ ਨੌਜਵਾਨ ਪੀੜ੍ਹੀ ਨੂੰ ਸਹੀ ਜੀਵਨ ਸੇਧ ਦਿੰਦੀ ਹੈ ਅਤੇ ਇਹ ਪੁਸਤਕ ਸਾਡੇ ਸਿਲੇਬਸਾਂ ਦਾ ਹਿੱਸਾ ਬਣਨੀ ਚਾਹੀਦੀ ਹੈ। ਜਲੰਧਰ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਡਾ. ਕੁਲਵੰਤ ਸਿੰਘ ਸੰਧੂ ਅਤੇ ਬਲਬੀਰ ਪ੍ਰਵਾਨਾ ਨੇ ਕਿਹਾ ਕਿ ਅਮਰੀਕਾ ਵਿਚ ਡਾਕਟਰੀ ਪੇਸ਼ੇ ਨਾਲ ਸੰਬੰਧਤ ਡਾ. ਧੁੱਗਾ ਵੱਲੋਂ ਸਾਹਿਤ ਸਿਰਜਣਾ ਲਈ ਸਮਾਂ ਕੱਢਣਾ ਪੰਜਾਬੀ ਸਮਾਜ ਅਤੇ ਪੰਜਾਬੀ ਭਾਸ਼ਾ ਦੀ ਵੱਡੀ ਸੇਵਾ ਹੈ। ਡਾ. ਰਮਿੰਦਰ ਕੌਰ ਸਾਬਕਾ ਮੁਖੀ ਅਤੇ ਪ੍ਰੋਫੈਸਰ ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਕਿਹਾ ਕਿ ਪੁਸਤਕ ਦੇ ਪਾਤਰ ਕੇਸਰ ਤੇ ਫਕੀਰ ਅਤੇ ਪੁਸਤਕ ਦਾ ਨਾਮ ਚਾਲੀ ਦਿਨ ਪ੍ਰਤੀਕਾਤਮਕ ਹਨ। ਇਨ੍ਹਾਂ ਪ੍ਰਤੀਕਾਂ ਦੇ ਅਰਥ ਸਾਡੇ ਸੱਭਿਆਚਾਰ ਵਿਚੋਂ ਮਿਲਦੇ ਹਨ। ਚਾਲੀ ਦਿਨ ਬੰਦੇ ਦੇ ਅੰਦਰੋਂ ਪਰਿਵਰਤਿਤ ਹੋਣ ਦਾ ਸਮਾਂ ਹੁੰਦਾ ਹੈ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਪ੍ਰਿੰਸੀਪਲ ਡਾ. ਮਹਿਲ ਸਿੰਘ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਵਿਦੇਸ਼ ਦੀ ਧਰਤੀ ਤੇ ਰਹਿ ਕੇ ਉੱਥੋਂ ਦਾ ਵਿਅਸਤ ਜੀਵਨ ਜਿਉਂਦਿਆਂ ਪੰਜਾਬੀ ਭਾਸ਼ਾ ਨਾਲ ਪਿਆਰ ਰੱਖਣਾ, ਪੰਜਾਬੀ ਸਾਹਿਤ ਦੀ ਸਿਰਜਣਾ ਕਰਨਾ ਵੱਡੀ ਅਤੇ ਮਾਣ ਵਾਲੀ ਗੱਲ ਹੈ। ਜਦੋਂ ਅਸੀਂ ਚਾਲੀ ਦਿਨ ਪੁਸਤਕ ਦਾ ਪਾਠ ਕਰਦੇ ਹਾਂ ਤਾਂ ਇਸ ਪੁਸਤਕ ਰਾਹੀਂ ਸਾਨੂੰ ਜੀਵਨ ਦੇ ਅਸਲ ਮੁੱਲਾਂ ਨਾਲ ਮਿਲਣ ਦਾ ਸਬੱਬ ਬਣਦਾ ਹੈ। ਸਾਡੇ ਸੱਭਿਆਚਾਰਕ ਇਤਿਹਾਸ ਵਿਚ ਪਈਆਂ ਲੋਕ-ਕਹਾਣੀਆਂ ਨੂੰ ਇਕ ਨਵੇਂ ਚੌਖਟੇ ਅਤੇ ਨਵੇਂ ਰੂਪ ਵਿਚ ਡਾ. ਧੁੱਗਾ ਨੇ ਪੇਸ਼ ਕਰਕੇ ਨੌਜਵਾਨ ਪੀੜ੍ਹੀ ਲਈ ਪੇਸ਼ ਕੀਤਾ ਹੈ ਜਿਸ ਲਈ ਉਹ ਵਧਾਈ ਦੇ ਪਾਤਰ ਹਨ। ਚੰਗੀ ਲਿਖਤ ਚਾਹੇ ਉਹ ਵਾਰਤਕ ਹੋਵੇ ਜਾਂ ਕੁਝ ਹੋਰ ਫਿਕਸ਼ਨ ਦੀ ਛੋਹ ਨਾਲ ਰੌਚਕ ਬਣਦੀ ਹੈ ਅਤੇ ਇਹ ਪੁਸਤਕ ਫਿਕਸ਼ਨ ਨਾਲ ਭਰਪੂਰ ਹੈ। ਇਸ ਸਮਾਗਮ ਦਾ ਮੰਚ ਸੰਚਾਲਨ ਡਾ. ਹੀਰਾ ਸਿੰਘ ਨੇ ਬਾਖੂਬੀ ਨਿਭਾਇਆ ਅਤੇ ਵਿਭਾਗ ਦੇ ਡਾ. ਪਰਮਿੰਦਰ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਡਾ. ਭੁਪਿੰਦਰ ਸਿੰਘ, ਡਾ. ਕੁਲਦੀਪ ਸਿੰਘ ਢਿੱਲੋਂ, ਡਾ. ਹਰਜੀਤ ਕੌਰ, ਪ੍ਰੋ. ਬਲਜਿੰਦਰ ਸਿੰਘ, ਪ੍ਰੋ. ਦਯਾ ਸਿੰਘ, ਡਾ. ਮਨੀਸ਼ ਕੁਮਾਰ, ਡਾ. ਜਸਬੀਰ ਸਿੰਘ, ਡਾ. ਪਰਮਜੀਤ ਸਿੰਘ ਕੱਟੂ, ਡਾ. ਚਿਰਜੀਵਨ ਕੌਰ, ਡਾ. ਗੁਰਸ਼ਿੰਦਰ ਕੌਰ, ਡਾ. ਗੁਰਪ੍ਰੀਤ ਸਿੰਘ ਵੀ ਹਾਜ਼ਰ ਸਨ।



# ਆਰ. ਡੀ. ਖੋਸਲਾ ਸਕੂਲ ਦੀ ਭੰਗੜਾ ਟੀਮ ਵੱਲੋਂ ਪਹਿਲਾ ਸਥਾਨ ਹਾਸਲ

**ਬਟਾਲਾ (ਡਾ. ਮਲਵਿੰਦਰ ਸਿੰਘ/ਤਰਲੋਕ ਬੱਗਾ)**-ਸਤਿਯੁਗ ਸੰਗੀਤ ਕਲਾ ਕੇਂਦਰ ਜਲੰਧਰ ਵੱਲੋਂ ਅੰਤਰ ਜ਼ਿਲ੍ਹਾ ਸੰਗੀਤ ਡਾਂਸ ਅਤੇ ਕਲਾ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਜੰਮੂ, ਪਠਾਨਕੋਟ, ਗੁਰਦਾਸਪੁਰ, ਬਟਾਲਾ, ਅੰਮ੍ਰਿਤਸਰ, ਲੁਧਿਆਣਾ, ਹੁਸ਼ਿਆਰਪੁਰ, ਸਾਹਨੇਵਾਲ ਅਤੇ ਜਲੰਧਰ ਦੀਆਂ ਭੰਗੜਾ ਟੀਮਾਂ ਨੇ ਭਾਗ ਲਿਆ ਜਿਸ ਵਿੱਚ ਆਰ. ਡੀ. ਖੋਸਲਾ ਡੀ. ਏ. ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੀ ਭੰਗੜਾ ਟੀਮ ਨੇ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ। ਇਸ ਟੀਮ ਵਿੱਚ ਗੁਰਪ੍ਰੀਤ ਸਿੰਘ ਰੰਧਾਵਾ, ਇਸ਼ਮੀਤ ਸਿੰਘ, ਮਨਵੀਰ ਸਿੰਘ, ਕਵਲਪ੍ਰੀਤ ਸਿੰਘ, ਜਤਿਨ ਕੁੰਡਲ, ਫਤਿਹਵੀਰ ਸਿੰਘ, ਮਿਥਲ ਅਤੇ ਮਨਵੀਰ ਸਿੰਘ ਨੇ ਭਾਗ ਲਿਆ। ਇਸ ਟੀਮ ਨੇ ਸ਼ਿਵ ਆਡੀਟੋਰੀਅਮ ਬਟਾਲਾ ਵਿਖੇ ਕਰਵਾਏ ਗਏ 16ਵੇਂ ਅੰਤਰ ਜ਼ਿਲ੍ਹਾ ਲੋਕ ਨਾਚ ਮੁਕਾਬਲੇ ਵਿੱਚ ਵੀ ਪਹਿਲਾ ਸਥਾਨ ਹਾਸਲ ਕੀਤਾ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ: ਬਿੰਦੂ ਭੱਲਾ ਨੇ ਸਕੂਲ ਦੀ ਭੰਗੜਾ ਟੀਮ ਦੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਕੋਚ ਰਾਜਿੰਦਰ ਪਾਲੀ ਨੂੰ ਹਾਰਦਿਕ ਵਧਾਈ ਅਤੇ ਸ਼ੁੱਭ ਕਾਮਨਾਵਾਂ ਦਿੱਤੀਆਂ। ਉਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਈ ਤੋਂ ਇਲਾਵਾ ਹੋਰ ਗਤੀਵਿਧੀਆਂ ਵਿੱਚ ਵੀ ਸਰਗਰਮੀ ਨਾਲ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਅਜਿਹੇ ਪ੍ਰੋਗਰਾਮਾਂ ਵਿੱਚ ਭਾਗ ਲੈ ਕੇ ਵਿਦਿਆਰਥੀਆਂ ਨੂੰ ਆਪਣੇ ਸੱਭਿਆਚਾਰ ਬਾਰੇ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ ਅਤੇ ਉਨ੍ਹਾਂ ਦੀ ਕਲਾ ਅਤੇ ਪ੍ਰਤਿਭਾ ਦਾ ਵਿਕਾਸ ਹੁੰਦਾ ਹੈ।

# ਪਲਸ ਪੋਲੀਓ ਮੁਹਿੰਮ ਸਬੰਧੀ ਡਾ. ਬੁੱਟਰ ਵੱਲੋਂ ਸਿਹਤ ਵਿਭਾਗ ਮੁਲਾਜ਼ਮਾਂ ਨਾਲ ਮੀਟਿੰਗ

**ਸਰਹਾਲੀ ਕਲਾਂ, (ਰਮਨ ਚੱਢਾ)**

ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਵਰਿੰਦਪਾਲ ਕੌਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਅੱਜ ਕਮਿਊਨਿਟੀ ਹੈਲਥ ਸੈਂਟਰ ਸਰਹਾਲੀ ਕਲਾਂ ਵਿਖੇ ਡਾ. ਨਵਦੀਪ ਕੌਰ ਬੁੱਟਰ ਸੀਨੀਅਰ ਮੈਡੀਕਲ ਅਫਸਰ ਸਰਹਾਲੀ ਦੀ ਯੋਗ ਅਗਵਾਈ ਹੇਠ ਪਲਸ ਪੋਲੀਓ ਮੁਹਿੰਮ ਸਬੰਧੀ ਸਿਹਤ ਕਰਮੀਆਂ ਨਾਲ ਮੀਟਿੰਗ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾ. ਬੁੱਟਰ ਨੇ ਦੱਸਿਆ ਕਿ ਵਿਸ਼ਵ ਸਿਹਤ ਸੰਗਠਨ ਦੇ ਮਾਰਗਦਰਸ਼ਨ ਹੇਠ ਚੱਲਣ ਵਾਲੀ ਇਹ ਮੁਹਿੰਮ 10 ਦਸੰਬਰ ਤੋਂ 12 ਦਸੰਬਰ ਤੱਕ ਚਲਾਈ ਜਾ ਰਹੀ ਹੈ ਜਿਸ ਤਹਿਤ ਬਲਾਕ ਸਰਹਾਲੀ ਅਧੀਨ ਆਉਂਦੇ 53 ਪਿੰਡਾਂ ਦੇ 0 ਤੋਂ 5 ਸਾਲ ਤੱਕ ਦੇ 10398 ਨੰਨ੍ਹੇ-ਮੁੰਨੇ ਬੱਚਿਆਂ ਨੂੰ ਪੋਲੀਓ ਦੀ ਭਿਆਨਕ ਬਿਮਾਰੀ ਤੋਂ ਬਚਾਅ ਸਬੰਧੀ ਪੋਲੀਓ ਬੂੰਦਾਂ ਪਿਲਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਪਹਿਲੇ ਦਿਨ ਪਲਸ ਪੋਲੀਓ ਬੂੰਟਾਂ ਪਿਲਾਉਣ ਸਬੰਧੀ ਸਿਹਤ ਵਿਭਾਗ ਦੀਆਂ ਟੀਮਾਂ ਦਾ ਗਠਨ ਕੀਤਾ ਗਿਆ ਹੈ। ਇਹ ਟੀਮਾਂ ਆਪਣੀਆਂ ਆਪਣੀਆਂ ਨਿਸ਼ਚਿਤ ਜਗ੍ਹਾ 'ਤੇ ਬੂਥ ਲਗਾਉਣਗੀਆਂ ਅਤੇ 0 ਤੋਂ 5 ਸਾਲ ਤੱਕ ਦੇ ਬੱਚਿਆਂ ਨੂੰ ਪਲਸ ਪੋਲੀਓ ਬੂੰਦਾਂ ਪਿਲਾਉਣਗੀਆਂ। ਉਨ੍ਹਾਂ ਦੱਸਿਆ ਕਿ ਦੂਸਰੇ ਅਤੇ ਤੀਸਰੇ ਦਿਨ ਗਠਿਤ ਟੀਮਾਂ ਘਰ-ਘਰ ਜਾਣ ਦੇ ਨਾਲ ਨਾਲ ਝੁੱਗੀਆਂ ਝੌਪੜੀਆਂ, ਭੱਠਿਆਂ ਤੇ ਜਾ ਕੇ ਬੱਚਿਆਂ ਨੂੰ ਪਲਸ ਪੋਲੀਓ ਬੂੰਦਾਂ ਪਿਲਾਈਆਂ ਜਾਣਗੀਆਂ। ਇਸ ਸਮੇਂ ਬੀਈਈ ਹਰਦੀਪ ਸਿੰਘ ਸੰਧੂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਵਿਸ਼ਵ ਸਿਹਤ ਸੰਗਠਨ ਵੱਲੋਂ ਭਾਰਤ ਨੂੰ 2014 ਤੋਂ ਪੋਲੀਓ ਮੁਕਤ ਐਲਾਨ ਕੀਤਾ ਹੋਇਆ ਹੈ ਪਰ ਗੁਆਂਢੀ ਦੇਸ਼ ਪਾਕਿਸਤਾਨ ਅਤੇ ਅਫਗਾਨਿਸਤਾਨ ਵਿੱਚ ਪੋਲੀਓ ਦੇ ਕੇਸ ਆਉਣ ਕਾਰਨ ਇਹਤਿਆਤ ਵਜੋਂ ਭਾਰਤ ਵਿੱਚ ਹਰ ਸਾਲ ਪੋਲੀਓ ਮੁਹਿੰਮ ਚਲਾਈ ਜਾਂਦੀ ਹੈ। ਇਸ ਸਮੇਂ ਐੱਲਐੱਚਵੀ ਸਵਿੰਦਰ ਕੌਰ ਤੋਂ ਇਲਾਵਾ ਏਐੱਨਐੱਮਜ਼, ਐੱਸਆਈਈ, ਹੈਲਥ ਵਰਕਰ, ਸੀਐੱਚਓ, ਆਸ਼ਾ ਵਰਕਰਜ਼ ਹਾਜ਼ਰ ਸਨ।



ਨਵਾਂ ਜ਼ਮਾਨਾ

ਵੀਰਵਾਰ, 7 ਦਸੰਬਰ 2023

# ਆਦਿਵਾਸੀ ਪਾਰਟੀਆਂ ਦਾ ਉਭਾਰ

*ਮੀਡੀਆ ਵਿਚ ਹਿੰਦੀ ਪੱਟੀ ਦੇ ਤਿੰਨ ਰਾਜਾਂ 'ਚ ਭਾਜਪਾ ਦੀ ਜਿੱਤ ਦੀਆਂ ਖਬਰਾਂ ਅੱਜਕੱਲ੍ਹ ਛਾਈਆਂ ਹੋਈਆਂ ਹਨ, ਪਰ ਮੀਡੀਆ ਤੇ ਸਿਆਸਤਦਾਨ ਇਕ ਅਹਿਮ ਘਟਨਾ ਨੂੰ ਨਜ਼ਰਅੰਦਾਜ਼ ਕਰ ਰਹੇ ਹਨ, ਉਹ ਹੈ ਆਦਿਵਾਸੀ ਪਾਰਟੀਆਂ ਦਾ ਪ੍ਰਦਰਸ਼ਨ। ਇਨ੍ਹਾਂ ਚੋਣਾਂ ਵਿਚ ਤਿੰਨ ਆਦਿਵਾਸੀ ਪਾਰਟੀਆਂ ਨੇ ਆਪਣੇ ਉਮੀਦਵਾਰ ਉਤਾਰੇ ਸਨ। ਭਾਰਤ ਆਦਿਵਾਸੀ ਪਾਰਟੀ (ਬੀ ਏ ਪੀ), ਗੋਂਡਵਾਨਾ ਗਣਤੰਤਰ ਪਾਰਟੀ (ਜੀ ਜੀ ਪੀ) ਅਤੇ ਭਾਰਤੀ ਆਦਿਵਾਸੀ ਪਾਰਟੀ (ਬੀ ਟੀ ਪੀ) ਨੇ ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਵਿਚ ਕਬਾਇਲੀਆਂ ਲਈ ਰਿਜ਼ਰਵ 101 ਸੀਟਾਂ 'ਤੇ ਉਮੀਦਵਾਰ ਖੜ੍ਹੇ ਕੀਤੇ ਤੇ ਲਗਭਗ ਇਕ-ਤਿਹਾਈ ਸੀਟਾਂ 'ਚ ਵਧੀਆ ਪ੍ਰਦਰਸ਼ਨ ਕੀਤਾ। ਆਦਿਵਾਸੀ ਪਾਰਟੀਆਂ ਦੀ ਇਸ ਸਿਆਸੀ ਪਹਿਲਕਦਮੀ ਦਾ ਹੀ ਨਤੀਜਾ ਸੀ ਕਿ ਭਾਜਪਾ ਦੇ ਕੇਂਦਰੀ ਮੰਤਰੀ ਤੇ ਵੱਡੇ ਆਦਿਵਾਸੀ ਆਗੂ ਫੱਗਨ ਸਿੰਘ ਕੁਲਸਤੇ ਚੋਣ ਹਾਰ ਗਏ। ਕੁਝ ਮਹੀਨੇ ਪਹਿਲਾਂ ਹੀ ਹੋਂਦ ਵਿਚ ਆਈ ਬੀ ਏ ਪੀ ਨੇ ਪੰਜ ਸੀਟਾਂ ਜਿੱਤੀਆਂ ਤੇ ਚਾਰ ਸੀਟਾਂ 'ਤੇ ਦੂਜੇ ਨੰਬਰ 'ਤੇ ਰਹੀ। ਰਾਜਸਥਾਨ ਵਿਚ ਬੀ ਏ ਪੀ ਨੇ 27 ਸੀਟਾਂ ਲੜੀਆਂ, ਜਿਨ੍ਹਾਂ ਵਿੱਚੋਂ ਤਿੰਨ ਜਿੱਤੀਆਂ ਤੇ ਚਾਰ ਵਿਚ ਦੂਜੇ ਨੰਬਰ 'ਤੇ ਰਹੀ, ਜਦਕਿ ਅੱਠ ਹਲਕੇ ਅਜਿਹੇ ਸਨ, ਜਿੱਥੇ ਉਸ ਨੂੰ ਮਿਲੀਆਂ ਵੋਟਾਂ ਕਾਰਨ ਕਾਂਗਰਸ ਜਾਂ ਭਾਜਪਾ ਦੇ ਉਮੀਦਵਾਰ ਜਿੱਤੇ ਜਾਂ ਹਾਰੇ। ਆਮ ਤੌਰ 'ਤੇ ਨਿੱਕੀਆਂ ਪਾਰਟੀਆਂ ਨੂੰ ਵੋਟਾਂ ਕੱਟਣ ਵਾਲੀਆਂ ਕਹਿੰਦੇ ਹਨ, ਪਰ ਬੀ ਏ ਪੀ ਜਿੱਥੇ ਤੀਜੇ ਨੰਬਰ 'ਤੇ ਰਹੀ, ਉਥੇ ਉਸ ਨੇ 33 ਹਜ਼ਾਰ ਤੋਂ 60 ਹਜ਼ਾਰ ਤੱਕ ਵੋਟਾਂ ਹਾਸਲ ਕੀਤੀਆਂ। ਮੱਧ ਪ੍ਰਦੇਸ਼ ਵਿਚ ਆਦਿਵਾਸੀ ਪਾਰਟੀਆਂ ਨੇ 47 ਸੀਟਾਂ ਲੜੀਆਂ। ਹਾਲਾਂਕਿ ਬੀ ਏ ਪੀ ਇਕ ਸੀਟ ਹੀ ਜਿੱਤ ਸਕੀ, ਪਰ 9 ਸੀਟਾਂ 'ਤੇ ਆਦਿਵਾਸੀ ਪਾਰਟੀਆਂ ਦੀਆਂ ਵੋਟਾਂ ਏਨੀਆਂ ਸਨ, ਜਿਨ੍ਹਾਂ ਕਰਕੇ ਪੰਜ ਸੀਟਾਂ ਕਾਂਗਰਸ ਤੇ ਚਾਰ ਭਾਜਪਾ ਦੇ ਹੱਥ ਲੱਗ ਗਈਆਂ। ਬਸਪਾ ਨਾਲ ਮਿਲ ਕੇ ਚੋਣ ਲੜਨ ਵਾਲੀ ਜੀ ਜੀ ਪੀ ਨੇ 7 ਸੀਟਾਂ 'ਤੇ ਅਸਰ ਪਾਇਆ। ਜੀ ਜੀ ਪੀ ਨੇ ਨਿਵਾਸ ਹਲਕੇ ਵਿਚ 19 ਹਜ਼ਾਰ ਵੋਟਾਂ ਹਾਸਲ ਕੀਤੀਆਂ, ਜਿੱਥੇ ਕੁਲਸਤੇ ਕਾਂਗਰਸ ਉਮੀਦਵਾਰ ਹੱਥੋਂ 9723 ਵੋਟਾਂ ਨਾਲ ਹਾਰੇ। ਛੱਤੀਸਗੜ੍ਹ ਵਿਚ ਜੀ ਜੀ ਪੀ ਨੇ ਇਕ ਸੀਟ ਜਿੱਤੀ, ਜਦਕਿ ਤਿੰਨ ਸੀਟਾਂ 'ਤੇ ਦੂਜੇ ਨੰਬਰ 'ਤੇ ਰਹੀ। ਕਾਂਕੇਰ ਵਿਚ ਉਸ ਦੇ ਉਮੀਦਵਾਰ ਨੇ ਚਾਰ ਹਜ਼ਾਰ ਤੋਂ ਵੱਧ ਵੋਟਾਂ ਹਾਸਲ ਕੀਤੀਆਂ। ਇੱਥੇ ਕਾਂਗਰਸੀ ਉਮੀਦਵਾਰ ਭਾਜਪਾ ਉਮੀਦਵਾਰ ਤੋਂ 16 ਵੋਟਾਂ ਨਾਲ ਹਾਰਿਆ।*

*ਪਿਛਲੇ ਕੁਝ ਸਾਲਾਂ ਤੋਂ ਕਾਂਗਰਸ ਤੇ ਭਾਜਪਾ ਆਦਿਵਾਸੀਆਂ ਵਿਚ ਪੈਂਠ ਬਣਾਉਣ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ, ਪਰ ਉਨ੍ਹਾਂ ਦੇ ਅਸਲ ਮੁੱਦਿਆਂ ਦੀ ਥਾਂ ਪ੍ਰਤੀਕਾਂ ਦੇ ਆਧਾਰ 'ਤੇ ਉਹ ਉਨ੍ਹਾਂ ਨੂੰ ਆਪਣੇ ਵੱਲ ਖਿੱਚਣ ਦੀ ਨੀਤੀ 'ਤੇ ਹੀ ਚੱਲ ਰਹੀਆਂ ਹਨ। ਛੱਤੀਸਗੜ੍ਹ ਵਿਚ 31 ਫੀਸਦੀ, ਮੱਧ ਪ੍ਰਦੇਸ਼ ਵਿਚ 21 ਫੀਸਦੀ ਤੇ ਰਾਜਸਥਾਨ ਵਿਚ 13.5 ਫੀਸਦੀ ਆਦਿਵਾਸੀ ਹਨ। ਉਹ ਹੁਣ ਜਾਗ ਪਏ ਹਨ ਤੇ ਉਨ੍ਹਾਂ ਨੂੰ ਵੱਡੀਆਂ ਪਾਰਟੀਆਂ ਦੀਆਂ ਚਾਲਾਂ ਸਮਝ ਆਉਣ ਲੱਗ ਪਈਆਂ ਹਨ। ਆਦਿਵਾਸੀ ਨੌਜਵਾਨ ਸਮਝ ਗਏ ਹਨ ਕਿ ਪੁਰਾਣੀਆਂ ਪਾਰਟੀਆਂ ਨੇ ਉਨ੍ਹਾਂ ਨੂੰ ਚੰਗੀ ਸਿੱਖਿਆ ਤੇ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਲਈ ਕੁਝ ਨਹੀਂ ਕੀਤਾ। ਨਤੀਜੇ ਵਜੋਂ ਉਨ੍ਹਾਂ ਨਵੀਆਂ ਆਦਿਵਾਸੀ ਪਾਰਟੀਆਂ ਲਈ ਕੰਮ ਕੀਤਾ ਤੇ ਉਨ੍ਹਾਂ ਨੂੰ ਸਫਲਤਾ ਦਿਵਾਈ।*

# ਹਿੰਦੂ ਰਾਸ਼ਟਰ : ਇਕ ਵੱਖਵਾਦੀ ਨਾਅਰਾ



ਡਾ. ਅਰੁਣ ਮਿੱਤਰਾ

ਭਾਰਤ ਵਰਗੇ ਵਿਸ਼ਾਲ ਦੇਸ਼, ਜਿਸ ਦੇ ਵਿੱਚ ਅਨੇਕਾਂ ਵਿਭਿੰਨਤਾਵਾਂ ਹਨ, ਨੂੰ ਜੋੜ ਕੇ ਰੱਖਣਾ ਸੌਖਾ ਕੰਮ ਨਹੀਂ, ਪਰ ਆਜ਼ਾਦੀ ਉਪਰੰਤ ਭਾਰਤ ਦੇ ਨਵੇਂ ਘੜੇ ਸੰਵਿਧਾਨ ਵੱਲੋਂ ਦਿੱਤੀ ਗਈ ਦਿਸ਼ਾ ਨੇ ਇਸ ਕੰਮ ਨੂੰ ਨੇਪਰੇ ਚਾੜ੍ਹਨ ਦੇ ਵਿੱਚ ਬਹੁਤ ਮਦਦ ਕੀਤੀ। ਸੰਵਿਧਾਨ ਦੀਆਂ ਪ੍ਰਮੁੱਖ ਮੱਦਾਂ ਮੁਤਾਬਕ ਸਾਰੇ ਫਿਰਕਿਆਂ, ਸਾਰੀਆਂ ਜਾਤਾਂ ਅਤੇ ਬਿਨਾਂ ਕਿਸੇ ਲਿੰਗ-ਭੇਦ ਦੇ ਸਭ ਨੂੰ ਬਰਾਬਰ ਦੇ ਅਧਿਕਾਰ ਦੇਣ ਦੀ ਗੱਲ ਕੀਤੀ ਗਈ। ਸਾਡੇ ਸੰਵਿਧਾਨ ਦੀ ਮਹਾਨਤਾ ਇਸ ਗੱਲ ਵਿੱਚ ਹੈ ਕਿ ਧਰਮ ਨਿਰਪੱਖਤਾ ਅਤੇ ਲੋਕਤੰਤਰ ਇਸ ਦਾ ਇਕ ਪ੍ਰਮੁੱਖ ਧੁਰਾ ਬਣੇ। ਇਸ ਲਈ ਹਿੰਦੂ, ਮੁਸਲਮਾਨ, ਸਿੱਖ, ਈਸਾਈ, ਜੈਨ, ਬੋਧੀ ਆਦਿ ਸਾਰਿਆਂ ਨੇ ਮਿਲ-ਜੁਲ ਕੇ ਦੇਸ਼ ਦੇ ਵਿਕਾਸ ਨੂੰ ਅੱਗੇ ਵਧਾਉਣ ਦੇ ਵਿੱਚ ਯੋਗਦਾਨ ਪਾਇਆ। ਸਮੇਂ-ਸਮੇਂ ਜੋ ਵੀ ਮਸਲੇ ਉੱਠੇ, ਲੋਕਾਂ ਦੀਆਂ ਮੁਸ਼ਕਲਾਂ ਜਾਂ ਇੱਛਾਵਾਂ ਸਾਹਮਣੇ ਆਈਆਂ, ਉਹਨਾਂ ਨੂੰ ਸੰਵਿਧਾਨ ਦੇ ਦਾਇਰੇ ਵਿੱਚ ਨਜਿੱਠਿਆ ਗਿਆ ਤੇ ਮੁਲਕ ਨੂੰ ਇਕਮੁੱਠ ਰੱਖ ਕੇ ਅੱਗੇ ਤੋਰਿਆ ਗਿਆ। ਲੋਕਾਂ ਤੇ ਰਾਜਨੀਤਕ ਪਾਰਟੀਆਂ ਨੇ ਆਪਣੇ ਹਿਸਾਬ ਨਾਲ ਇਹਨਾਂ ਮਸਲਿਆਂ ਨੂੰ ਗੰਭੀਰਤਾ ਨਾਲ ਲਿਆ ਤੇ ਹੱਲ ਕਰਨ ਦੀ ਕੋਸ਼ਿਸ਼ ਕੀਤੀ। ਵੱਖਵਾਦੀ ਲਹਿਰਾਂ ਉੱਠੀਆਂ ਹੋਣ ਜਾਂ ਫਿਰ ਫਿਰਕੂ ਫਸਾਦ ਕਰਾ ਕੇ ਸਮਾਜ ਨੂੰ ਵੰਡਣ ਦੀਆਂ ਸਾਜ਼ਿਸ਼ਾਂ ਰਚੀਆਂ ਗਈਆਂ ਹੋਣ, ਹਾਲਾਤ ਮੁਤਾਬਕ ਭਾਰਤ ਦੀ ਏਕਤਾ, ਅਖੰਡਤਾ ਦੀ ਰਾਖੀ ਲਈ ਕਮਿਊਨਿਸਟਾਂ ਸਮੇਤ ਅਨੇਕਾਂ ਲੋਕਾਂ ਨੇ ਆਪਣੀਆਂ ਜਾਨਾਂ ਤੱਕ ਦਾ ਬਲਿਦਾਨ ਦਿੱਤਾ।

ਭਾਰਤ ਕੇਵਲ ਇੱਕ ਭੂਗੋਲਿਕ ਇਕਾਈ ਨਹੀਂ ਹੈ, ਇਸ ਵਿੱਚ ਸਦੀਆਂ ਤੋਂ ਇਥੇ ਵਸ ਰਹੇ ਲੋਕ ਅਤੇ ਬਹੁਤ ਸਾਰੇ ਐਸੇ ਸਮੂਹ, ਜੋ ਕਿ ਭਾਰਤ ਵਿੱਚ ਆਏ ਤੇ ਇਥੋਂ ਦੇ ਹੀ ਹੋ ਕੇ ਰਹਿ ਗਏ, ਉਹਨਾਂ ਦੀਆਂ ਆਪਸੀ ਭਾਵਨਾਵਾਂ, ਉਹਨਾਂ ਦੇ ਆਪਸੀ ਸਮਾਜਿਕ ਤੇ ਆਰਥਿਕ ਰਿਸ਼ਤੇ, ਇਹਨਾਂ ਸਭ ਨੂੰ ਮਿਲਾ ਕੇ ਹੀ ਭਾਰਤ ਬਣਿਆ ਹੈ। ਇਹੋ ਕਾਰਨ ਹੈ ਕਿ ਜਦੋਂ ਬਰਤਾਨਵੀ ਸਾਮਰਾਜ ਨੇ ਇਥੇ ਰਾਜ ਸਥਾਪਤ ਕੀਤਾ, ਦੇਸ਼ ਨੂੰ ਲੁੱਟਿਆ, ਸਾਡਾ ਜੀ ਡੀ ਪੀ ਜ਼ੀਰੋ ਤੋਂ ਵੀ ਥੱਲੇ ਕਰਕੇ ਰੱਖ ਦਿੱਤਾ, ਪਰ ਕਦੇ ਵੀ ਇਥੋਂ ਦੇ ਵਾਸੀ ਨਹੀਂ ਬਣ ਪਾਏ, ਉਨ੍ਹਾਂ ਦੇ ਵਿਰੁੱਧ ਸੰਘਰਸ ਵਿੱਚ ਇਥੇ ਰਹਿ ਰਹੇ ਸਾਰੇ ਸਮੂਹਾਂ, ਵਿਸ਼ਵਾਸਾਂ ਵਾਲੇ ਭਾਵੇਂ ਉਹ ਹਿੰਦੂ, ਮੁਸਲਮਾਨ, ਸਿੱਖ ਜਾਂ ਈਸਾਈ ਹੋਣ, ਸਭ ਨੇ ਮਿਲ-ਜੁਲ ਕੇ ਸੰਘਰਸ਼ ਕੀਤਾ । ਇਸ ਲਈ ਕੋਈ ਵੀ ਸਮੂਹ ਜਾਂ ਧਰਮ, ਜਾਤ 'ਤੇ ਅਧਾਰਤ ਗਰੁੱਪ ਇਸ ਮਹਾਨ ਸੰਘਰਸ਼ ਲਈ ਆਪਣੇ ਆਪ ਨੂੰ ਮੂਹਰੇ ਨਹੀਂ ਰੱਖ ਸਕਦਾ, ਕਿਉਂਕਿ ਇਹ ਇਕ ਸਮੂਹਿਕ ਸੰਘਰਸ਼ ਸੀ। ਇਸ ਲਈ ਜੋ ਕੋਈ ਵੀ ਭਾਰਤ ਦੀ ਇਸ ਇਕਾਈ ਤੋਂ ਅਲੱਗ ਹੋਣ ਦੀ ਗੱਲ ਕਰਦਾ ਹੈ ਜਾਂ ਇਸ ਦੇ ਰੂਪ ਨੂੰ ਬਦਲ ਕੇ ਵਖਰੇਵੇਂ ਵਾਲਾ ਰੂਪ ਦੇਣ ਦੀ ਗੱਲ ਕਰਦਾ ਹੈ, ਉਹ ਇਕ ਵੱਖਵਾਦੀ ਵਿਚਾਰ ਹੈ। ਇਹ ਵਿਚਾਰ ਭਾਵੇਂ ਕਿਸੇ ਘੱਟ ਗਿਣਤੀ ਵੱਲੋਂ ਹੋਏ ਜਾਂ ਬਹੁ-ਗਿਣਤੀ ਸਮੂਹ ਵੱਲੋਂ, ਜਿਨ੍ਹਾਂ ਵੱਲੋਂ ਦਿੱਤਾ ਪਾਕਿਸਤਾਨ ਦਾ ਨਾਅਰਾ ਜਿਸ ਨੇ ਕਿ ਦੇਸ਼ ਨੂੰ ਵੰਡਿਆ ਇੱਕ ਵੱਖਵਾਦੀ ਨਾਅਰਾ ਸੀ। ਆਜ਼ਾਦੀ ਉਪਰੰਤ ਕੁਝ ਕੁ ਅੰਸਰਾਂ ਵੱਲੋਂ ਖਾਲਿਸਤਾਨ ਜਾਂ ਉੱਤਰ-ਪੂਰਬ ਵਿੱਚ ਦੇਸ਼ ਨਾਲੋਂ ਵੱਖ ਹੋਣ ਦੇ ਨਾਅਰੇ ਉਸੇ ਹੀ ਲੜੀ ਵਿੱਚ ਆਉਂਦੇ ਹਨ, ਪਰ ਬਹੁ-ਗਿਣਤੀ ਸਮੂਹ ਵੱਲੋਂ ਇਸ ਕਿਸਮ ਦਾ ਵਿਚਾਰ ਘਾਤਕ ਸਿੱਧ ਹੋ ਸਕਦਾ ਹੈ।

ਵੱਖਵਾਦ, ਸੱਭਿਆਚਾਰਕ, ਕਬਾਇਲੀ, ਧਾਰਮਿਕ, ਨਸਲੀ, ਜਾਂ ਵੱਡੇ ਸਮੂਹ ਤੋਂ ਵੱਖ ਹੋਣ ਦੀ ਵਕਾਲਤ ਹੈ। ਇਹ ਰਵਾਇਤੀ ਤੌਰ 'ਤੇ ਪੂਰੀ ਰਾਜਨੀਤਕ ਅਲਹਿਦਗੀ ਨੂੰ ਦਰਸਾਉਂਦਾ ਹੈ। ਇਸ ਲਈ ਹਿੰਦੂ ਰਾਸ਼ਟਰ ਦੀ ਗੱਲ ਕਰਨ ਵਾਲੇ ਜੇਕਰ ਆਪਣੇ ਆਪ ਨੂੰ ਉੱਚੇ ਸਮਝਣ, ਇਸ ਖੇਤਰ ਦੇ ਮਾਲਕ ਸਮਝਣ, ਦੂਜਿਆਂ ਨੂੰ ਦਬਾ ਕੇ ਰੱਖਣ ਦੀ ਸੋਚ ਰਖਣ ਤਾਂ ਉਹ ਇਕ ਨਾਂਪੱਖੀ ਕਦਮ ਹੈ । ਹਿੰਦੂ ਰਾਸ਼ਟਰ ਦੀ ਸਥਾਪਨਾ ਦੀ ਗੱਲ ਕਰਨਾ ਅਤੇ ਬਾਕੀ ਸਾਰੇ ਸਮੂਹਾਂ ਤੋਂ ਅਲੱਗ ਹੋਣਾ ਇਕ ਵੱਖਵਾਦੀ ਨਾਅਰਾ ਹੈ।

ਕੁਝਕੱਟੜਪੰਥੀ ਹਿੰਦੂਤਵਵਾਦੀਆਂ ਵੱਲੋਂ 85 ਫੀਸਦੀ ਆਬਾਦੀ ਹਿੰਦੂ ਹੋਣ ਦੇ ਬਾਵਜੂਦ ਹਿੰਦੂ ਧਰਮ ਨੂੰ ਲਗਾਤਾਰ ਘੱਟ ਗਿਣਤੀਆਂ ਤੋਂ ਖਤਰੇ ਦੇ ਰੂਪ ਵਿੱਚ ਦਰਸਾਇਆ ਜਾ ਰਿਹਾ ਹੈ ਅਤੇ ਇਸ ਦੇ ਲਈ ਝੂਠ-ਮੂਠ ਦੀਆਂ ਮਨਘੜਤ ਗੱਲਾਂ ਬਣਾ ਕੇ ਜਾਂ ਅਤਿ ਪੁਰਾਤਨ ਸਮੇਂ ਦੀਆਂ ਗੱਲਾਂ ਨੂੰ ਮੁੜ-ਮੁੜ ਅੱਗੇ ਲਿਆ ਕੇ ਤੇ ਮਿੱਥਿਆ ਦਾ ਪ੍ਰਚਾਰ ਕਰਕੇ ਲੋਕਾਂ ਨੂੰ ਵਰਗਲਾਇਆ ਜਾ ਰਿਹਾ ਹੈ। ਅਸਲ ਵਿੱਚ ਇਹ ਸੋਚ ਕੁਝ ਆਰਥਿਕ ਅਤੇ ਸਮਾਜਿਕ ਤੌਰ 'ਤੇ ਤਾਕਤਵਰ ਲੋਕਾਂ ਦੇ ਗਲਬੇ ਨੂੰ ਕਾਇਮ ਰੱਖਣ ਦੀ ਚਾਲ ਹੈ। ਲੋਕਾਂ ਵਿੱਚ ਆਰਥਿਕ ਵਖਰੇਵਾਂ, ਮਿਹਨਤਕਸ਼ ਜਨਤਾ ਦੀ ਲੁੱਟ ਵਧਾਉਣ ਤੇ ਉਹਨਾਂ ਦੇ ਸੰਘਰਸ਼ ਨੂੰ ਦਬਾਉਣ ਦੀ ਕੋਸ਼ਿਸ਼ ਹੈ। ਇੰਝ ਦਾ ਦੁਨੀਆ ਦੇ ਵਿੱਚ ਜਿੱਥੇ-ਜਿੱਥੇ ਇਹੋ ਜਿਹੀਆਂ ਲਹਿਰਾਂ ਉੱਠੀਆਂ ਹਨ, ਦੇਖਿਆ ਗਿਆ ਹੈ। ਹਿਟਲਰ ਨੇ ਨਾਜ਼ੀਵਾਦ ਦਾ ਪ੍ਰਚਾਰ ਕਰਕੇ ਜਰਮਨ ਉਚ ਕੌਮ ਦਾ ਨਾਅਰਾ ਦਿੱਤਾ ਅਤੇ ਅੰਨ੍ਹਾ ਰਾਸ਼ਟਰਵਾਦ ਫੈਲਾਇਆ। ਬਕਾਇਦਾ ਇਕ ਵਿਚਾਰਧਾਰਕ ਫੈਸਲੇ ਦੇ ਅਧੀਨ ਉਸ ਨੇ ਯਹੂਦੀਆਂ ਦੇ ਕਤਲ ਕੀਤੇ। ਅੱਜ ਇਜ਼ਰਾਇਲ ਇਹੋ ਕੁਝ ਕਰ ਰਿਹਾ ਹੈ ਅਤੇ ਬਕਾਇਦਾ ਗਿਣੀ-ਮਿਥੀ ਸਾਜ਼ਿਸ਼ ਦੇ ਤਹਿਤ ਫਲਸਤੀਨੀ ਕੌਮ ਨੂੰ ਮਿਟਾਉਣਾ ਚਾਹੁੰਦਾ ਹੈ। ਇਸ ਲਈ ਰਾਸ਼ਟਰਵਾਦ ਦੇ ਇਹ ਨਾਅਰੇ ਅਤੀ ਘਾਤਕ, ਘਿਨਾਉਣੇ, ਬੇਰਹਿਮ, ਗੈਰ-ਮਨੁੱਖਤਾਵਾਦੀ, ਹਮਲਾਵਰ ਰੁਚੀ ਨਾਲ ਭਰੇ ਹੋਏ ਤੇ ਗੈਰ-ਵਿਗਿਆਨਕ ਹੁੰਦੇ ਹਨ।

ਵਿਚਾਰਨਯੋਗ ਹੈ ਕਿ ਜਿਹੜੀਆਂ ਸ਼ਕਤੀਆਂ ਸਾਡੇ ਦੇਸ਼ ਵਿੱਚ ਅੱਜ ਇਸ ਕਿਸਮ ਦੇ ਨਾਅਰੇ ਦੇ ਰਹੀਆਂ ਹਨ, ਬਰਤਾਨਵੀ ਸਾਮਰਾਜ ਦੇ ਖਿਲਾਫ ਸੰਘਰਸ਼ ਦੇ ਦੌਰਾਨ ਉਹਨਾਂ ਨਾਲ ਮਿਲੀਆਂ ਹੋਈਆਂ ਸਨ। ਜਦੋਂ ਬਰਤਾਨਵੀ ਸਾਮਰਾਜੀ ਭਾਰਤ ਦੇ ਲੋਕਾਂ 'ਤੇ ਜ਼ੁਲਮ ਢਾਹ ਰਹੇ ਸਨ, ਇਹੋ ਸ਼ਕਤੀਆਂ ਧਾਰਮਿਕ ਕੱਟੜਪੰਥੀ ਨਾਅਰਿਆਂ ਦਾ ਸਹਾਰਾ ਲੈ ਕੇ ਸਾਮਰਾਜ ਵਿਰੋਧੀ ਸੰਘਰਸ਼ ਲਈ ਜੋ ਸਮਾਜਿਕ ਚੇਤਨਾ ਅਤੇ ਰਾਜਨੀਤਕ ਏਕਤਾ ਬਣੀ ਹੋਈ ਸੀ, ਨੂੰ ਕਮਜ਼ੋਰ ਕਰਨ ਵਿੱਚ ਲੱਗੀਆਂ ਹੋਈਆਂ ਸਨ। ਇਹ ਸਕਤੀਆਂ ਆਪਣੀਆਂ ਕਮਜੋਰੀਆਂ ਨੂੰ ਛੁਪਾਉਣ ਦੇ ਲਈ ਦੂਸਰਿਆਂ ਪ੍ਰਤੀ ਹਿੰਸਕ ਹੁੰਦੀਆਂ ਹਨ। ਅੱਜ ਇਹੋ ਕੁਝ ਦੇਖਣ ਵਿੱਚ ਆ ਰਿਹਾ ਹੈ। ਇਸ ਲਈ ਭਾਰਤ ਨੂੰ ਬਚਾਉਣਾ ਹਰ ਕਿਸਮ ਦੀ ਕੱਟੜਪੰਥੀ ਸ਼ਕਤੀ ਦੇ ਵਿਰੁੱਧ ਸੰਘਰਸ਼ ਦੇ ਨਾਲ ਜੁੜਿਆ ਹੋਇਆ ਹੈ।

ਦੇਸ਼ ਦੀ ਏਕਤਾ-ਅਖੰਡਤਾ ਨੂੰ ਕਾਇਮ ਰੱਖਣ, ਸਮਾਜਿਕ ਭਾਈਚਾਰੇ ਨੂੰ ਮਜ਼ਬੂਤ ਕਰਨ ਅਤੇ ਆਪਸੀ ਆਰਥਿਕ ਰਿਸ਼ਤਿਆਂ ਨੂੰ ਵਧਾਉਣ ਦੇ ਨਾਲ ਹੀ ਇਸ ਵੱਖਵਾਦੀ ਵਿਚਾਰ ਨੂੰ ਭਾਂਜ ਦਿੱਤੀ ਜਾ ਸਕਦੀ ਹੈ। ਇਸ ਲਈ ਲੋਕ ਮਸਲਿਆਂ ਨੂੰ ਲੈ ਕੇ ਲੋਕ-ਪੱਖੀ ਲਹਿਰਾਂ ਨੂੰ ਖੜਾ ਕਰਕੇ ਅਤੇ ਮਿਹਨਤਕਸ਼ ਅਵਾਮ ਦੀ ਆਵਾਜ਼ ਨੂੰ ਬੁਲੰਦ ਕਰਕੇ ਇਹਨਾਂ ਸ਼ਕਤੀਆਂ ਨੂੰ ਹਾਰ ਦਿੱਤੀ ਜਾ ਸਕਦੀ ਹੈ।

***# ਸੰਪਰਕ : 94170-00360***

# ਵਿਗਿਆਨਕ ਤਰੱਕੀ ਤੇ ਮਨੁੱਖੀ ਕਦਰਾਂ-ਕੀਮਤਾਂ ਦਾ ਘਾਣ



ਸੁਰਜੀਤ ਸਿੰਘ ਫਲੋਰਾ

ਅਜੋਕੇ ਵਿਗਿਆਨਕ ਯੁੱਗ ਵਿੱਚ ਭਾਵੇਂ ਕੋਈ ਵੀ ਖੇਤਰ ਕਿਉਂ ਨਾ ਹੋਵੇ, ਵਿਗਿਆਨਕ ਕਾਢਾਂ ਅਤੇ ਖੋਜਾਂ ਰਾਹੀਂ ਬਣੀਆਂ ਵਸਤੂਆਂ ਦੀ ਪ੍ਰਸਿੱਧੀ ਦਿਨੋਂ-ਦਿਨ ਵਧ ਰਹੀ ਹੈ। ਚਾਹੇ ਰੇਲ ਗੱਡੀਆਂ ਹੋਣ ਜਾਂ ਹਵਾਈ ਜਹਾਜ਼, ਫਿਲਮਾਂ ਹੋਣ ਜਾਂ ਮੈਡੀਕਲ ਸਾਜ਼ੋ-ਸਾਮਾਨ ਜਾਂ ਕੰਪਿਊਟਰ ਜਾਂ ਸਮਾਰਟਫ਼ੋਨ, ਇਨ੍ਹਾਂ ਦਾ ਸਾਡੇ ਜੀਵਨ ਦੇ ਰੋਜ਼ਾਨਾ ਰੁਟੀਨ ਵਿੱਚ ਹਰ ਥਾਂ ਪਾਇਆ ਜਾਂਦਾ ਹੈ।

ਜਿੱਥੇ ਇੱਕ ਪਾਸੇ ਮਨੁੱਖ ਵਿਗਿਆਨਕ ਤਰੱਕੀ ਦੇ ਉੱਚੇ ਸਿਖਰ 'ਤੇ ਪਹੁੰਚਣ ਲਈ ਯਤਨਸ਼ੀਲ ਹੈ, ਉਥੇ ਦੂਜੇ ਪਾਸੇ ਅਜੋਕੇ ਯੁੱਗ ਵਿੱਚ ਮਨੁੱਖੀ ਕਦਰਾਂ-ਕੀਮਤਾਂ ਅਤੇ ਵਿਸ਼ਵਾਸ, ਹਮਦਰਦੀ, ਇਮਾਨਦਾਰੀ, ਦਿਆਲਤਾ, ਪਿਆਰ, ਸੰਜਮ ਆਦਿ ਦਾ ਨਿਘਾਰ ਹੋ ਰਿਹਾ ਹੈ। ਮਨੁੱਖ ਵਿਅਕਤੀਵਾਦੀ ਅਤੇ ਭੌਤਿਕਵਾਦੀ ਹੁੰਦਾ ਜਾ ਰਿਹਾ ਹੈ, ਜਿਸ ਦਾ ਤਰੱਕੀ ਵੱਲ ਝੁਕਾਅ ਭਲਾਈ ਨਾਲੋਂ ਵੱਧ ਸ਼ੋਸ਼ਣ ਵੱਲ ਵੱਧ ਹੋ ਗਿਆ ਹੈ। ਇਨ੍ਹਾਂ ਦੋਹਾਂ ਰੁਝਾਨਾਂ ਦੇ ਗੁਣਾਂ ਦੀ ਘੋਖ ਕਰਨ ਨਾਲ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਵਿਗਿਆਨ ਦੀ ਤਰੱਕੀ ਕਾਰਨ ਮਨੁੱਖੀ ਕਦਰਾਂ-ਕੀਮਤਾਂ ਦਾ ਨਿਘਾਰ ਹੋ ਰਿਹਾ ਹੈ। ਜੇਕਰ ਦੇਖਿਆ ਜਾਵੇ ਤਾਂ ਇਹ ਧਾਰਨਾ ਅਸਲੀ ਜਾਪਦੀ ਹੈ, ਪਰ ਕੀ ਦੋਵਾਂ ਵਿੱਚ ਕਾਰਨ ਅਤੇ ਪ੍ਰਭਾਵ ਦਾ ਰਿਸ਼ਤਾ ਹੈ ਜਾਂ ਇਹ ਮਹਿਜ਼ ਇਤਫ਼ਾਕ ਹੈ ਕਿ ਇੱਕ ਵਿੱਚ ਵਾਧਾ, ਦੂਜੇ ਵਿੱਚ ਗਿਰਾਵਟ ਦਾ ਕਾਰਨ ਬਣ ਰਿਹਾ ਹੈ।

ਕਿਉਂਕਿ ਰੋਜ਼ਾਨਾ ਜੀਵਨ ਵਿੱਚ ਅਸੀਂ ਸਹੀ-ਗਲਤ, ਸਭ ਤੋਂ ਮਾੜੇ, ਸਵੀਕਾਰ-ਨਕਾਰ ਆਦਿ ਬਾਰੇ ਜੋ ਵੀ ਫੈਸਲੇ ਲੈਂਦੇ ਹਾਂ, ਉਹ ਮਨੁੱਖੀ ਕਦਰਾਂ-ਕੀਮਤਾਂ 'ਤੇ ਆਧਾਰਿਤ ਹੁੰਦੇ ਹਨ। ਉਹ ਮਾਪਦੰਡ ਜਿਸ 'ਤੇ ਕਿਸੇ ਘਟਨਾ ਦੀ ਸੱਚਾਈ, ਵਿਅਕਤੀਆਂ ਅਤੇ ਸਮਾਜ 'ਤੇ ਲਾਭਦਾਇਕ ਜਾਂ ਨੁਕਸਾਨਦੇਹ ਪ੍ਰਭਾਵ ਜਾਂ ਕਿਸੇ ਚੀਜ਼ ਦੇ ਕਿਸੇ ਗੁਣ ਦੀ ਉੱਤਮਤਾ ਜਾਂ ਨਵੀਨਤਾ ਨੂੰ ਮਾਪਿਆ ਜਾਂਦਾ ਹੈ, ਨੂੰ ਮੁੱਲ ਕਿਹਾ ਜਾਂਦਾ ਹੈ। ਕਦਰਾਂ-ਕੀਮਤਾਂ ਅਨੁਸਾਰ ਕਿਸੇ ਚੀਜ਼ ਜਾਂ ਵਿਅਕਤੀ ਦੀਆਂ ਖ਼ੂਬੀਆਂ, ਔਗੁਣਾਂ, ਕਾਬਲੀਅਤਾਂ ਆਦਿ ਦੀ ਪਛਾਣ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੀ ਮਹੱਤਤਾ ਸਥਾਪਤ ਕੀਤੀ ਜਾਂਦੀ ਹੈ।

ਜੋ ਭਾਰਤ ਸਮੇਤ ਕਈ ਦੇਸ਼ਾਂ ਵਿੱਚ ਮਨੁੱਖੀ ਕਦਰਾਂ-ਕੀਮਤਾਂ ਦਾ ਨਿਘਾਰ ਇੱਕ ਵਰਤਾਰਾ ਜਿਹਾ ਬਣ ਗਿਆ ਹੈ। ਮਨੁੱਖੀ ਕਦਰਾਂ-ਕੀਮਤਾਂ ਦੇ ਨਿਘਾਰ ਦਾ ਇਹ ਰੁਝਾਨ ਨਾ ਸਿਰਫ਼ ਦੇਸ਼ ਦੇ ਵਿਕਾਸ ਦੇ ਭਵਿੱਖ ਦੇ ਰਾਹ ਨੂੰ ਗੰਭੀਰ ਖਤਰਾ ਪੈਦਾ ਕਰਦਾ ਹੈ, ਸਗੋਂ ਇਸ ਦੀ ਹੋਂਦ, ਮਾਨ-ਸਨਮਾਨ ਅਤੇ ਅਧਿਕਾਰ ਲਈ ਵੀ ਗੰਭੀਰ ਖਤਰਾ ਪੈਦਾ ਕਰਦਾ ਹੈ। ਹਾਲਾਂਕਿ ਨੌਜਵਾਨ ਪੀੜ੍ਹੀ ਵਿੱਚ ਸਮਾਜਿਕ/ਮਨੁੱਖੀ ਕਦਰਾਂ-ਕੀਮਤਾਂ ਵਿੱਚ ਤਬਦੀਲੀ ਸਮੇਂ ਦੇ ਨਾਲ ਅਟੱਲ ਹੈ ਪਰ ਭਾਰਤੀ ਨੌਜਵਾਨ ਪੀੜ੍ਹੀ ਵਿੱਚ ਗਿਰਾਵਟ ਵਿਸ਼ਵ ਭਰ ਦੇ ਕਿਸੇ ਵੀ ਹੋਰ ਦੇਸ਼ ਦੇ ਮੁਕਾਬਲੇ ਚਿੰਤਾਜਨਕ ਦਰ ਨਾਲ ਹੈ। ਇਹ ਨੌਜਵਾਨ ਪੀੜ੍ਹੀ ਵਿੱਚ ਲੋੜੀਂਦੀਆਂ ਮਨੁੱਖੀ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਨ ਲਈ ਮਾਪਿਆਂ, ਅਧਿਆਪਕਾਂ ਅਤੇ ਸਮਾਜ ਉੱਤੇ ਨਿਰਭਰ ਕਰਦਾ ਹੈ।

ਮਨੁੱਖੀ ਕਦਰਾਂ-ਕੀਮਤਾਂ ਮਨੁੱਖੀ ਵਿਹਾਰ ਦਾ ਇੱਕ ਗੁੰਝਲਦਾਰ ਅਤੇ ਵਿਅਕਤੀਗਤ ਪਹਿਲੂ ਹਨ, ਜੋ ਬਹੁਤ ਸਾਰੇ ਕਾਰਕਾਂ ਜਿਵੇਂ ਕਿ ਸੱਭਿਆਚਾਰ, ਧਰਮ, ਸਿੱਖਿਆ, ਨਿੱਜੀ ਅਨੁਭਵ ਅਤੇ ਸਮਾਜਿਕ ਨਿਯਮਾਂ ਦੁਆਰਾ ਪ੍ਰਭਾਵਿਤ ਹੁੰਦੇ ਹਨ। ਹਾਲ ਹੀ ਦੇ ਸਾਲਾਂ ਵਿੱਚ, ਇਹ ਚਿੰਤਾ ਵਧ ਰਹੀ ਹੈ ਕਿ ਇਹ ਮਾਨ-ਸਨਮਾਨ , ਕਦਰਾਂ-ਕੀਮਤਾਂ ਖਤਮ ਹੋ ਰਹੀਆਂ ਹਨ। । ਕੁਝ ਲੋਕ ਦਲੀਲ ਦਿੰਦੇ ਹਨ ਕਿ ਇਹ ਗਿਰਾਵਟ ਕਈ ਕਾਰਕਾਂ ਦੇ ਕਾਰਨ ਹੈ, ਜਿਵੇਂ ਕਿ ਵਿਅਕਤੀਵਾਦ, ਪਦਾਰਥਵਾਦ ਅਤੇ ਧਾਰਮਿਕ ਅਤੇ ਨੈਤਿਕ ਕਦਰਾਂ-ਕੀਮਤਾਂ ਵਿੱਚ ਗਿਰਾਵਟ ਜੋ ਸੱਚ ਵੀ ਹੈ। ਨਾ ਤਾਂ ਧਾਰਮਿਕ ਆਗੂ ਤੇ ਨਾ ਹੀ ਕੋਈ ਲੀਡਰ, ਨੇਤਾ ਲੋਕ, ਨਾ ਹੀ ਕੋਈ ਆਮ ਵਿਆਕਤੀ ਸਾਹਮਣੇ ਆ ਕੇ ਕਿਸੇ ਨਾਲ ਖੜ੍ਹਾ ਹੋ ਰਿਹਾ, ਸਭ ਆਪਣੇ ਤੱਕ ਹੀ ਲਾਲਚ ਦੇ ਦੰਗਲ ਵਿਚ ਮੈਂ-ਮੇਰੀ ਵਿਚ ਫਸੇ ਪਏ ਹਨ।

ਇੱਥੇ ਮਨੁੱਖੀ ਕਦਰਾਂ-ਕੀਮਤਾਂ ਦੇ ਨਿਘਾਰ ਵਿੱਚ ਯੋਗਦਾਨ ਪਾਉਣ ਵਾਲਾ ਇੱਕ ਵੱਡਾ ਕਾਰਕ ਵਿਅਕਤੀਵਾਦ ਦਾ ਉਭਾਰ ਹੈ। ਬਹੁਤ ਸਾਰੇ ਸਮਾਜਾਂ ਵਿੱਚ, ਸਮੂਹਵਾਦੀ ਕਦਰਾਂ-ਕੀਮਤਾਂ ਤੋਂ ਦੂਰ ਹੋ ਕੇ ਵਿਅਕਤੀਵਾਦੀ ਕਦਰਾਂ-ਕੀਮਤਾਂ ਵੱਲ ਵਧਿਆ ਹੈ। ਇਸ ਨਾਲ ਭਾਈਚਾਰਕ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਕੀਮਤ 'ਤੇ ਨਿੱਜੀ ਲਾਭ ਅਤੇ ਸਵੈ-ਹਿੱਤ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਲੋਕ ਦੂਜਿਆਂ 'ਤੇ ਉਨ੍ਹਾਂ ਦੀਆਂ ਕਾਰਵਾਈਆਂ ਦੇ ਪ੍ਰਭਾਵ ਨੂੰ ਵਿਚਾਰਨ ਦੀ ਬਜਾਏ, ਆਪਣੀਆਂ ਇੱਛਾਵਾਂ ਅਤੇ ਲੋੜਾਂ ਨੂੰ ਤਰਜੀਹ ਦੇਣ ਦੀ ਜ਼ਿਆਦਾ ਸੰਭਾਵਨਾ ਰੱਖਦੇ ਹਨ। ਇਸ ਦੇ ਨਤੀਜੇ ਵਜੋਂ ਸੁਆਰਥੀ ਵਿਵਹਾਰ, ਹਮਦਰਦੀ ਦੀ ਘਾਟ ਅਤੇ ਆਮ ਭਲੇ ਲਈ ਅਣਦੇਖੀ ਹੋ ਰਹੀ ਹੈ।

ਪਦਾਰਥਵਾਦ ਇੱਕ ਹੋਰ ਕਾਰਕ ਹੈ, ਜੋ ਮਨੁੱਖੀ ਕਦਰਾਂ-ਕੀਮਤਾਂ ਦੇ ਪਤਨ ਵਿੱਚ ਯੋਗਦਾਨ ਪਾ ਰਿਹਾ ਹੈ। ਬਹੁਤ ਸਾਰੇ ਸਮਾਜਾਂ ਵਿੱਚ, ਭੌਤਿਕ ਦੌਲਤ ਅਤੇ ਚੀਜ਼ਾਂ ਦੀ ਮਹੱਤਤਾ ਵਧਦੀ ਰਹੀ ਹੈ। ਲੋਕ ਜੀਵਨ ਦੀਆਂ ਵਧੇਰੇ ਮਹੱਤਵਪੂਰਨ ਚੀਜ਼ਾਂ ਜਿਵੇਂ ਕਿ ਰਿਸ਼ਤੇ, ਪਰਵਾਰ ਅਤੇ ਭਾਈਚਾਰੇ 'ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ, ਪਦਾਰਥਕ ਵਸਤੂਆਂ ਅਤੇ ਸਥਿਤੀ ਦੇ ਚਿੰਨ੍ਹਾਂ ਨੂੰ ਪ੍ਰਾਪਤ ਕਰਨ ਲਈ ਵਧੇਰੇ ਚਿੰਤਤ ਹਨ। ਇਸ ਨਾਲ ਖਪਤਵਾਦ ਦਾ ਸੱਭਿਆਚਾਰ ਪੈਦਾ ਹੋਇਆ ਹੈ, ਜਿੱਥੇ ਲੋਕਾਂ ਨੂੰ ਆਪਣੀ ਭਲਾਈ ਜਾਂ ਦੂਜਿਆਂ ਦੀ ਭਲਾਈ 'ਤੇ ਪ੍ਰਭਾਵ ਦੀ ਪਰਵਾਹ ਕੀਤੇ ਬਿਨਾਂ ਵੱਧ ਤੋਂ ਵੱਧ ਚੀਜ਼ਾਂ ਇਕੱਠੀਆਂ ਕਰਨ ਲਈ ਉਤਸ਼ਾਹਿਤ ਹੋ ਰਹੇ ਹਨ। ਧਾਰਮਿਕ ਅਤੇ ਨੈਤਿਕ ਕਦਰਾਂ-ਕੀਮਤਾਂ ਵਿੱਚ ਗਿਰਾਵਟ ਇੱਕ ਹੋਰ ਕਾਰਕ ਹੈ, ਜੋ ਮਨੁੱਖੀ ਕਦਰਾਂ-ਕੀਮਤਾਂ ਦੇ ਨਿਘਾਰ ਵਿੱਚ ਯੋਗਦਾਨ ਪਾ ਰਿਹਾ ਹੈ। ਬਹੁਤ ਸਾਰੇ ਸਮਾਜਾਂ ਵਿੱਚ ਧਰਮ ਨੇ ਸੱਭਿਆਚਾਰਕ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਰੂਪ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਹਾਲਾਂਕਿ ਹਾਲ ਹੀ ਦੇ ਸਾਲਾਂ ਵਿੱਚ ਧਾਰਮਿਕ ਰੀਤੀ-ਰਿਵਾਜ ਵਿੱਚ ਗਿਰਾਵਟ ਆਈ ਹੈ ਅਤੇ ਧਾਰਮਿਕ ਅਤੇ ਨੈਤਿਕ ਕਦਰਾਂ-ਕੀਮਤਾਂ ਵਿੱਚ ਇੱਕ ਅਨੁਸਾਰੀ ਗਿਰਾਵਟ ਆਈ ਹੈ। ਇਸ ਨਾਲ ਲੋਕਾਂ ਦੇ ਜੀਵਨ ਵਿੱਚ ਮਾਰਗਦਰਸ਼ਨ ਅਤੇ ਢਾਂਚੇ ਦੀ ਘਾਟ ਹੋ ਸਕਦੀ ਹੈ, ਜੋ ਸੁਆਰਥੀ ਅਤੇ ਅਨੈਤਿਕ ਵਿਵਹਾਰ ਵਿੱਚ ਯੋਗਦਾਨ ਪਾ ਰਹੀ ਹੈ। ਜਿਵੇਂ ਕਿ ਉਪਰ ਜ਼ਿਕਰ ਕੀਤਾ ਹੈ, ਸਭ ਆਪੋ-ਧਾਪੀ, ਮੈਂ ਮੇਰੀ ਦੇ ਗੁਣਗਾਇਨ ਕਰ ਰਹੇ ਹਨ। ਮੈਂ ਮੇਰੀ ਦੀ ਹਉਮੈਂ ਵਿਚ ਫਸੇ ਪਏ ਹਨ।

ਉਥੇ ਤਕਨਾਲੋਜੀ ਦਾ ਮਨੁੱਖੀ ਕਦਰਾਂ-ਕੀਮਤਾਂ 'ਤੇ ਵੀ ਅਸਰ ਪੈ ਰਿਹਾ ਹੈ। ਤਕਨਾਲੋਜੀ ਦੀ ਵਧ ਰਹੀ ਵਰਤੋਂ ਨੇ ਲੋਕਾਂ ਦੇ ਸੰਚਾਰ ਅਤੇ ਇੱਕ-ਦੂਜੇ ਨਾਲ ਗੱਲਬਾਤ ਕਰਨ ਦੇ ਤਰੀਕੇ ਨੂੰ ਬਦਲ ਦਿੱਤਾ ਹੈ। ਸੋਸ਼ਲ ਮੀਡੀਆ ਅਤੇ ਤਕਨਾਲੋਜੀ ਦੇ ਹੋਰ ਰੂਪਾਂ ਨੇ ਲੋਕਾਂ ਲਈ ਨੁਕਸਾਨਦੇਹ ਜਾਂ ਅਨੈਤਿਕ ਵਿਵਹਾਰ ਵਿੱਚ ਸ਼ਾਮਲ ਹੋਣਾ ਆਸਾਨ ਬਣਾ ਦਿੱਤਾ ਹੈ, ਜਿਵੇਂ ਕਿ ਸਾਈਬਰ ਧੱਕੇਸ਼ਾਹੀ, ਗਲਤ ਜਾਣਕਾਰੀ ਫੈਲਾਉਣਾ ਅਤੇ ਗੋਪਨੀਯਤਾ 'ਤੇ ਹਮਲਾ ਕਰਨਾ। ਤਕਨਾਲੋਜੀ ਦੁਆਰਾ ਪ੍ਰਦਾਨ ਕੀਤੀ ਗਈ ਗੁਮਨਾਮਤਾ ਅਤੇ ਦੂਰੀ ਲੋਕਾਂ ਨੂੰ ਉਹਨਾਂ ਦੀਆਂ ਕਾਰਵਾਈਆਂ ਲਈ ਘੱਟ ਜਵਾਬਦੇਹ ਮਹਿਸੂਸ ਕਰ ਰਹੀ ਹੈ, ਜਿਸ ਨਾਲ ਹਮਦਰਦੀ, ਇਮਾਨਦਾਰੀ ਅਤੇ ਜ਼ਿੰਮੇਵਾਰੀ ਵਰਗੇ ਫਰਜ਼ਾਂ ਵਿੱਚ ਗਿਰਾਵਟ ਆ ਰਹੀ ਹੈ। ਸਿੱਖਿਆ ਪ੍ਰਣਾਲੀ ਵੀ ਇੱਕ ਅਜਿਹਾ ਕਾਰਕ ਹੈ, ਜੋ ਮਨੁੱਖੀ ਕਦਰਾਂ-ਕੀਮਤਾਂ ਦੇ ਨਿਘਾਰ ਵਿੱਚ ਯੋਗਦਾਨ ਪਾ ਰਹੀ ਹੈ। ਬਹੁਤ ਸਾਰੇ ਸਮਾਜਾਂ ਵਿੱਚ, ਸਿੱਖਿਆ ਪ੍ਰਣਾਲੀ ਚਰਿੱਤਰ ਵਿਕਾਸ ਅਤੇ ਨੈਤਿਕ ਸਿੱਖਿਆ ਦੀ ਬਜਾਏ ਅਕਾਦਮਿਕ ਪ੍ਰਾਪਤੀ ਅਤੇ ਨੌਕਰੀ ਦੀ ਤਿਆਰੀ 'ਤੇ ਜ਼ਿਆਦਾ ਧਿਆਨ ਦਿੰਦੀ ਹੈ। ਇਸ ਦੇ ਨਤੀਜੇ ਵਜੋਂ ਹਮਦਰਦੀ ਅਤੇ ਜ਼ਿੰਮੇਵਾਰੀ ਵਰਗੀਆਂ ਮਹੱਤਵਪੂਰਨ ਕਦਰਾਂ-ਕੀਮਤਾਂ 'ਤੇ ਧਿਆਨ ਭਟਕ ਰਿਹਾ ਹੈ।

ਸਿੱਟੇ ਵਜੋਂ ਮਨੁੱਖੀ ਕਦਰਾਂ-ਕੀਮਤਾਂ ਦਾ ਨਿਘਾਰ ਇੱਕ ਗੁੰਝਲਦਾਰ ਅਤੇ ਬਹੁਪੱਖੀ ਮੁੱਦਾ ਹੈ, ਜੋ ਵਿਅਕਤੀਵਾਦ, ਪਦਾਰਥਵਾਦ, ਧਾਰਮਿਕ ਅਤੇ ਨੈਤਿਕ ਕਦਰਾਂ-ਕੀਮਤਾਂ ਦਾ ਪਤਨ, ਤਕਨਾਲੋਜੀ ਅਤੇ ਸਿੱਖਿਆ ਪ੍ਰਣਾਲੀ ਵਰਗੇ ਕਾਰਕਾਂ ਦੀ ਇੱਕ ਸ਼੍ਰੇਣੀ ਤੋਂ ਪ੍ਰਭਾਵਿਤ ਹੈ। ਸਾਰਿਆਂ ਲਈ ਇੱਕ ਹੋਰ ਨਿਆਂਪੂਰਨ ਅਤੇ ਬਰਾਬਰੀ ਵਾਲਾ ਸਮਾਜ ਸਿਰਜਣ ਲਈ, ਵਿਅਕਤੀਆਂ, ਪਰਵਾਰਾਂ ਅਤੇ ਸਮਾਜਾਂ ਲਈ ਸਕਾਰਾਤਮਕ ਮਨੁੱਖੀ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਅਤੇ ਸੁਰੱਖਿਅਤ ਰੱਖਣ ਲਈ ਇਕੱਠੇ ਕੰਮ ਕਰਨਾ ਮਹੱਤਵਪੂਰਨ ਅਤੇ ਸਹੀ ਸਾਬਿਤ ਹੋ ਸਕਦਾ ਹੈ। ਇਸ ਵਿੱਚ ਭਾਈਚਾਰਕ ਨਿਰਮਾਣ, ਹਮਦਰਦੀ ਅਤੇ ਪਿਆਰ, ਨੇੜਤਾ, ਇਕ-ਦੂਜੇ ਨਾਲ ਰਲ-ਮਿਲ ਕੇ ਚੱਲਣ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨਾਂ ਨੂੰ ਨੈਤਿਕਤਾ ਦੀ ਮਹੱਤਤਾ ਬਾਰੇ ਸਿਖਾਉਣ 'ਤੇ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ। ਅੱਜ ਸਾਡੇ ਸਮਾਜ ਵਿੱਚ ਮਨੁੱਖੀ ਕਦਰਾਂ-ਕੀਮਤਾਂ ਦਾ ਘਾਣ ਇੱਕ ਵਰਤਾਰਾ ਬਣ ਗਿਆ ਹੈ। ਸਾਡੇ ਵਿੱਚ ਮਨੁੱਖਤਾ ਨੂੰ ਪੂਰੀ ਤਰ੍ਹਾਂ ਬੇਦਖਲ ਕਰਨ ਲਈ ਦੌਲਤ, ਸ਼ਕਤੀ ਅਤੇ ਰੁਤਬਾ ਹਾਸਲ ਕਰਨ ਦੀ ਦੌੜ ਲੱਗੀ ਹੋਈ ਹੈ, ਅਸਲ ਜੀਵਨ ਦੀਆਂ ਸਥਿਤੀਆਂ ਵਿੱਚ ਅਸੀਂ ਤੰਗ ਸੰਕੀਰਨ ਵਿਚਾਰਾਂ ਦੁਆਰਾ ਪ੍ਰਭਾਵਿਤ ਹੁੰਦੇ ਹਾਂ ਅਤੇ ਉੱਥੇ ਸਥਿਤੀ ਹਿੰਸਾ, ਲਾਲਚ, ਚੋਰੀਆਂ, ਨਸ਼ਾਖੋਰੀ ਅਤੇ ਅੱਤਵਾਦ ਵਰਗੇ ਮਾਹੌਲ 'ਚ ਧੱਸ ਰਹੇ ਹਾਂ। ਸਾਡੇ ਸਿੱਖਣ ਦੇ ਅਦਾਰੇ ਕੁਸ਼ਲ ਵਿਅਕਤੀ ਤਿਆਰ ਕਰ ਰਹੇ ਹਨ, ਪਰ ਚੰਗੇ ਨਾਗਰਿਕ ਜਾਂ ਇਨਸਾਨ ਨਹੀਂ। ਇਸ ਤਰ੍ਹਾਂ ਇਹ ਆਮ ਮੰਨਿਆ ਜਾਂਦਾ ਰਿਹਾ ਹੈ ਕਿ ਭਾਰਤੀ ਸਮਾਜ ਵਿੱਚ ਨੈਤਿਕ ਕਦਰਾਂ-ਕੀਮਤਾਂ ਦਾ ਤੇਜ਼ੀ ਨਾਲ ਨਿਘਾਰ ਹੋ ਰਿਹਾ ਹੈ।

ਅਜੋਕੀ ਵਿੱਦਿਅਕ ਪ੍ਰਣਾਲੀ ਆਪਣੀਆਂ ਸਾਰੀਆਂ ਗੁੰਝਲਾਂ ਅਤੇ ਪੇਚੀਦਗੀਆਂ ਦੇ ਨਾਲ ਹੁਣ ਤੱਕ ਇਸ ਪੱਖੋਂ ਕਮਜ਼ੋਰ ਸਾਬਤ ਹੋਈ ਹੈ ਕਿ ਇਹ ਮਨੁੱਖੀ ਜੀਵਨ ਵਿੱਚ ਕਦਰਾਂ-ਕੀਮਤਾਂ ਨੂੰ ਉਚਿਤ ਮਹੱਤਵ ਨਹੀਂ ਦੇ ਰਹੀ। ਇਸ ਤਰ੍ਹਾਂ ਗਿਆਨ ਮੁੱਲਾਂ ਦੇ ਅਸਾਧਾਰਨ ਵਿਸਫੋਟ ਦੇ ਬਾਵਜੂਦ ਮਨੁੱਖੀ ਦੁੱਖਾਂ ਅਤੇ ਤਕਲੀਫਾਂ ਵਿਚ ਵਾਧਾ ਹੋ ਰਿਹਾ ਹੈ, ਮੌਜੂਦਾ ਵਿਦਿਅਕ ਪ੍ਰਣਾਲੀ ਵਿਚ ਅਣਗਹਿਲੀ ਦਾ ਵਿਸ਼ਾ ਬਣ ਗਿਆ ਹੈ ਅਤੇ ਸਿੱਟੇ ਵਜੋਂ ਅਧਿਕਤਮ "ਸਿੱਖਿਆ ਮਨੁੱਖ ਨੂੰ ਬਦਲਦੀ ਹੈ" ਲੱਗਭੱਗ ਆਪਣਾ "ਮੁਕਾਮ" ਗੁਆ ਚੁੱਕਾ ਹੈ ।ਅਪਰਾਧ; ਮਿਸ਼ਨ ਤੋਂ ਬਿਨਾਂ ਸਿੱਖਿਆ ਜੀਵਨ ਦਾ ਬੋਝ ਹੈ। ਸਾਡੇ ਜੀਵਨ ਵਿੱਚ ਸਿੱਖਿਆ ਸਾਨੂੰ ਆਰਾਮਦਾਇਕ ਬਣਨ ਅਤੇ ਆਪਣੇ ਪਰਵਾਰ ਦੀ ਚੰਗੀ ਤਰ੍ਹਾਂ ਦੇਖਭਾਲ ਕਰਨ ਦੇ ਯੋਗ ਬਣਾਉਂਦੀ ਹੈ, ਜਿੱਥੇ ਤੱਕ ਸਮਾਜਿਕ ਤਰੱਕੀ ਦਾ ਸਬੰਧ ਹੈ, ਇਸ ਉਦੇਸ਼ ਲਈ ਮੁੱਲ ਅਧਾਰਤ ਸਿੱਖਿਆ ਇੱਕ ਲਾਜ਼ਮੀ ਉਪਕਰਣ ਹੈ।

***# ਸੰਪਰਕ : 647-829-9397***

# ਤਰਨ ਤਾਰਨ ਪੁਲਸ ਦਾ ਤਾਨਾਸ਼ਾਹੀ ਚਿਹਰਾ

**ਨਰਭਿੰਦਰ**

ਪੰਜਾਬ ਦੇ ਤਰਨ ਤਾਰਨ ਜ਼ਿਲ੍ਹੇ ਦੀ ਪੁਲਸ ਦਾ ਰਵੱਈਆ ਐਨਾ ਤਾਨਾਸ਼ਾਹ ਅਤੇ ਗੈਰ ਜਮਹੂਰੀ ਹੈ ਕਿ ਪੀੜਤ ਵਿਅਕਤੀ ਦੀ ਫਰਿਆਦ ਨੂੰ ਥਾਂ ਨਹੀਂ ਦਿੰਦੀ। ਇਹ ਜਾਣਕਾਰੀ ਨਹੀਂ ਕਿ ਕਿਸ ਅਧਿਕਾਰੀ ਦਾ ਫੁਰਮਾਨ ਹੈ ਕਿ ਥਾਣੇ ਵਿੱਚ ਜਦੋਂ ਕੋਈ ਦਰਖਾਸਤ ਦੇਵੇ ਤਾਂ ਕਰਮਚਾਰੀ ਲੈ ਕੇ ਰੱਖ ਲੈਣਗੇ, ਨੰਬਰ ਨਹੀਂ ਦੇਣਗੇ। ਇਹ ਥਾਣੇ ਤੋਂ ਲੈ ਕੇ ਐੱਸ ਐੱਸ ਪੀ ਦਫ਼ਤਰ ਤੱਕ ਇਕੋ ਜਿਹਾ ਹੀ ਵਰਤਾਰਾ ਹੈ।

ਮੈਂ ਆਪਣੇ ਤੋਂ ਹੀ ਸ਼ੁਰੂ ਕਰਾਂਗਾ। ਬੀਤੀ 3 ਨਵੰਬਰ ਨੂੰ ਸ਼ਾਮੀਂ ਜਦੋਂ ਮੈਂ ਅੰਮ੍ਰਿਤਸਰ ਤੋਂ ਪਿੰਡ ਪੱਧਰੀ ਕਲਾਂ ਵੱਲ ਐਕਟਿਵਾ 'ਤੇ ਆ ਰਿਹਾ ਸਾਂ ਤਾਂ ਇੱਕ ਕਾਰ ਨੇ ਲਗਾਤਾਰ ਮੈਨੂੰ ਫੇਟ ਮਾਰਨ ਦੀ ਕੋਸ਼ਿਸ਼ ਕੀਤੀ, ਪਰ ਵਾਹਨਾਂ ਦੇ ਆਉਣ-ਜਾਣ ਕਰਕੇ ਸਫ਼ਲ ਨਾ ਹੋ ਸਕਿਆ। ਕਸਬਾ ਝਬਾਲ ਵਿੱਚ ਉਹ ਕਾਰ ਰੁਕੀ, ਜਿਸ 'ਚੋਂ ਇੱਕ ਵਿਅਕਤੀ ਨਿਕਲਿਆ ਅਤੇ ਮੇਰਾ ਸਕੂਟਰ ਘੇਰਨ ਲੱਗਾ, ਪਰ ਪਿੱਛੋਂ ਆ ਰਹੀ ਤੇਜ਼ ਕਾਰ ਕਾਰਨ ਸਫ਼ਲ ਨਾ ਹੋ ਸਕਿਆ। ਮੈਂ ਕਾਰ ਦਾ ਨੰਬਰ ਵੀ ਤੇ ਸੰਬੰਧਤ ਵਿਅਕਤੀ ਨੂੰ ਵੀ ਪਛਾਣ ਲਿਆ ਅਤੇ ਥੋੜ੍ਹੀ ਦੂਰ ਥਾਣਾ ਝਬਾਲ ਵਿੱਚ ਗਿਆ, ਪਰ ਥਾਣਾ ਮੁਖੀ ਹਾਜ਼ਰ ਨਹੀਂ ਸਨ। ਥਾਣਾ ਮੁਨਸ਼ੀ ਮੁਤਾਬਕ ਉਸ ਕੋਲ ਕੋਈ ਫੋਰਸ ਨਹੀਂ ਤੇ ਥਾਣੇਦਾਰ ਸਾਹਿਬ ਹੈ ਨਹੀਂ। ਕੱਲ੍ਹ ਆ ਜਾਇਓ ਤੇ ਲਿਖਤੀ ਦਰਜ ਕਰ ਲਵਾਂਗੇ। ਸੰਬੰਧਤ ਵਿਅਕਤੀ ਥਾਣੇ ਮੂਹਰੇ ਫਿਰ ਕਾਰ ਲਈ ਜਾ ਰਿਹਾ ਸੀ। ਥਾਣਾ ਮੁਖੀ ਨੂੰ ਮੈਂ ਫੋਨ ਉੱਤੇ ਘਟਨਾ ਦੱਸਣ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਚੁੱਕਿਆ ਨਹੀਂ। ਦੂਸਰੇ ਦਿਨ ਥਾਣਾ ਝਬਾਲ ਲਿਖਤ ਦਰਖਾਸਤ ਦਿੱਤੀ ਅਤੇ ਨੰਬਰ ਦੇਣ ਲਈ ਕਿਹਾ ਤਾਂ ਉਨ੍ਹਾਂ ਦਾ ਜੁਆਬ ਸੀ, ਦਰਖਾਸਤ ਨੰਬਰ ਦੇਣ ਦੀ ਹਦਾਇਤ ਨਹੀਂ ਤੇ ਨੰਬਰ ਲੱਗਦੇ ਵੀ ਨਹੀਂ। ਕਿਸ ਦੀ ਹਦਾਇਤ ਹੈ ਇਹਦਾ ਜੁਆਬ ਉਸ ਕੋਲ ਨਹੀਂ ਸੀ। ਮੇਰੇ ਅਤੇ ਮੇਰੇ ਨਾਲ ਗਏ ਸਾਥੀਆਂ ਦੇ ਜ਼ੋਰ ਪਾਉਣ ਉੱਤੇ ਉਨ੍ਹਾ ਇਹ ਪ੍ਰਵਾਨ ਕਰ ਲਿਆ ਕਿ ਰਜਿਸਟਰ ਉੱਤੇ 4.11.23 ਤਰੀਕ ਹੇਠ ਦਰਜ ਕਰ ਲੈਂਦੇ ਹਾਂ, ਪਰ ਨੰਬਰ ਤੁਹਾਨੂੰ ਐੱਸ ਐੱਸ ਪੀ ਸਾਹਿਬ ਨੂੰ ਦਿੱਤੀ ਦਰਖਾਸਤ ਉਤੇ ਹੀ ਮਿਲੇਗਾ।

ਜਿਹੜਾ ਵਿਅਕਤੀ 3 ਨਵੰਬਰ ਨੂੰ ਮੇਰਾ ਪਿੱਛਾ ਕਰਦਾ ਤੇ ਮੈਨੂੰ ਨੁਕਸਾਨ ਪਹੁੰਚਾਉਣ ਦੇ ਮਨਸ਼ੇ ਨਾਲ ਮੇਰਾ ਪਿੰਡ ਤੱਕ ਰਾਹ ਰੋਕਣ ਦੀ ਕੋਸ਼ਿਸ਼ ਕਰਦਾ ਰਿਹਾ, ਉਹ ਵਿਅਕਤੀ ਉਨ੍ਹਾਂ ਦੋਸ਼ੀਆਂ 'ਚੋਂ ਇਕ ਸੀ, ਜਿਸ ਨੇ ਮੇਰੇ ਭਰਾ ਸਲਵਿੰਦਰ ਸਿੰਘ ਨੂੰ 13 ਸਤੰਬਰ ਨੂੰ ਸ਼ਾਮ ਨੂੰ ਗੋਲੀਆਂ ਮਾਰ ਕੇ ਕਤਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਜਿਸ ਦੇ ਸਰੀਰ ਵਿੱਚ ਦੋ ਗੋਲੀਆਂ ਲੱਗੀਆਂ ਸਨ। ਇੱਕ ਮੋਢੇ ਵਾਲੇ ਪਾਸਿਉਂ ਫੇਫੜੇ ਨੂੰ ਨੁਕਸਾਨ ਪਹੁੰਚਾਉਂਦੀ ਦਿਲ ਤੋਂ ਦੋ ਸੈਂਟੀਮੀਟਰ ਪਿੱਛੇ ਰਹਿ ਗਈ ਸੀ। ਦੂਸਰੀ ਲੱਕ 'ਚੋਂ ਰੀੜ੍ਹ ਦੀ ਹੱਡੀ ਨਾਲ ਖਹਿ ਕੇ ਪੱਸਲੀ ਨੂੰ ਨੁਕਸਾਨ ਪਹੁੰਚਾ ਕੇ ਮਾਸ ਵਿੱਚ ਚਲੇ ਗਈ ਸੀ। ਡਾਕਟਰਾਂ ਮੁਤਾਬਕ ਇਹ ਖ਼ਤਰਨਾਕ ਹਮਲਾ ਸੀ ਅਤੇ ਜਾਨ ਜਾਣ ਦਾ 90 ਫ਼ੀਸਦੀ ਖ਼ਤਰਾ ਸੀ।

ਇਸੇ ਹਾਲਤ ਵਿੱਚ ਐੱਸ ਐੱਚ ਓ ਤੇ ਡੀ ਐੱਸ ਪੀ ਨੇ ਡਾਕਟਰੀ ਇਲਾਜ ਤੋਂ ਪਹਿਲਾਂ ਜੋ ਬਿਆਨ ਦਰਜ ਕੀਤੇ, ਉਸ ਆਧਾਰ ਉਤੇ ਐੱਫ ਆਈ ਆਰ 0126/23 ਦਰਜ ਕਰ ਲਈ। ਸੰਬੰਧਤ ਵਿਅਕਤੀਆਂ ਨਾਲ ਉਹਦੀ ਕੋਈ ਨਿੱਜੀ ਰੰਜਿਸ਼ ਨਹੀਂ ਸੀ। ਉਹਨੇ ਸਰਪੰਚ ਵੱਲੋਂ ਪਿੰਡ ਪੱਧਰੀ ਕਲਾਂ ਦੇ ਪੰਚਾਇਤੀ ਫੰਡਾਂ ਦੇ ਤਿੰਨ ਕਰੋੜ ਦੇ ਘਪਲਿਆਂ ਦੀ ਜਾਂਚ ਕਰਵਾਈ ਸੀ, ਜਿਸ ਦੇ ਆਧਾਰ ਉੱਤੇ 93 ਲੱਖ 40 ਹਜ਼ਾਰ ਰੁਪਏ ਦੇ ਫੰਡਾਂ ਦੇ ਹਿਸਾਬ ਵਿੱਚ ਹੇਰਾਫੇਰੀ ਦਾ ਮੁੱਦਾ ਸਾਹਮਣੇ ਆਇਆ ਸੀ ਤੇ ਡਾਇਰੈਕਟਰ ਪੇਂਡੂ ਤੇ ਪੰਚਾਇਤ ਵਿਭਾਗ ਨੇ ਸਰਪੰਚ ਨੂੰ ਸਸਪੈਂਡ ਕਰਕੇ ਉਸ ਉਤੇ ਕੇਸ ਦਰਜ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਇਹ ਜਾਂਚ ਏ ਡੀ ਸੀ ਕਪੂਰਥਲਾ ਦੀ ਨਿਗਰਾਨੀ ਹੇਠ ਹੋਈ ਸੀ ਅਤੇ ਡਾਇਰੈਕਟਰ ਨੇ ਪੱਤਰ ਨੰ: 5443-47 ਮਿਤੀ 14.7.23 ਨੂੰ ਆਦੇਸ਼ ਦਿੱਤੇ ਸਨ, ਜਿਸ ਦੇ ਆਧਾਰ ਉਤੇ ਏ ਡੀ ਸੀ ਤਰਨ ਤਾਰਨ ਅਤੇ ਡੀ ਡੀ ਪੀ ਓ ਤਰਨ ਤਾਰਨ ਵੱਲੋਂ ਪੱਤਰ ਨੰ: 2023/5477 ਮਿਤੀ 22.9.23 ਅਤੇ 491-ਡੀ ਸੀ ਮਿਤੀ 29-09-23 ਅਧੀਨ ਐੱਸ ਐੱਸ ਪੀ ਨੂੰ ਕੇਸ ਦਰਜ ਕਰਨ ਭਾਵ ਮੁਕੱਦਮਾ ਦਰਜ ਕਰਨ ਦੀ ਹਦਾਇਤ ਕੀਤੀ ਸੀ।

ਪਰ ਪਿਛਲੇ 80 ਦਿਨ ਤੋਂ ਤਰਨ ਤਾਰਨ ਪੁਲਸ ਨੇ ਸੰਬੰਧਤ ਹਮਲਾਵਰਾਂ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਉਹ ਪਿੰਡ ਤੇ ਇਲਾਕੇ 'ਚ ਖੁੱਲ੍ਹੇ ਘੁੰਮ ਰਹੇ ਹਨ। ਸਲਵਿੰਦਰ ਸਿੰਘ ਉੱਤੇ ਇਹ ਹਮਲਾ ਪਹਿਲਾ ਨਹੀਂ ਸੀ, ਉਸ ਨੇ ਮਾਨਯੋਗ ਹਾਈਕੋਰਟ ਵਿੱਚ ਸਾਲ 2021 ਵਿੱਚ ਸੀ ਡਬਲਯੂ ਪੀ ਹੇਠ ਰਿੱਟ ਪਾ ਕੇ ਪੰਚਾਇਤੀ ਫੰਡਾਂ ਦੇ ਗਬਨ ਸੰਬੰਧੀ ਜਾਂਚ ਕਰਾਉਣ ਦੀ ਮੰਗ ਕੀਤੀ ਸੀ ਤਾਂ ਉਸ ਸਮੇਂ ਤੋਂ ਹੀ ਉਸ ਨੂੰ ਡਰਾਇਆ-ਧਮਕਾਇਆ ਤੇ ਹਮਲੇ ਕੀਤੇ ਜਾ ਰਹੇ ਸਨ। ਮਿਤੀ 30.6.2022 ਨੂੰ ਪਿੰਡ ਦੇ ਜਨਰਲ ਇਜਲਾਸ (ਗ੍ਰਾਮ ਸਭਾ ਦੇ ਇਜਲਾਸ) ਸਮੇਂ ਵੀ ਇੱਕ ਮੈਂਬਰ ਪੰਚਾਇਤ ਵੱਲੋਂ ਫੰਡਾਂ ਦੇ ਹਿਸਾਬ ਮੰਗਣ 'ਤੇ ਨਿਸ਼ਾਨਾ ਬਣਾਇਆ ਸੀ। ਸਲਵਿੰਦਰ ਸਿੰਘ ਸਮੇਤ ਪੰਜ ਵਿਅਕਤੀਆਂ ਨੂੰ ਗੰਭੀਰ ਸੱਟਾਂ ਲੱਗੀਆਂ ਸਨ। ਸਰਪੰਚ ਦੇ ਪਤੀ ਨੇ ਇਸ ਇਜਲਾਸ ਸਮੇਂ ਬਾਹਰੋਂ ਵਿਅਕਤੀ ਲਿਆਂਦੇ ਸਨ ਅਤੇ ਸਕੂਲ ਦੇ ਕਮਰੇ ਉਤੇ ਚੜ੍ਹ ਕੇ ਇੱਟਾਂ ਮਾਰਦੇ ਦੀ ਵੀਡੀਓ ਵੀ ਖੁਦ ਜਾਰੀ ਕੀਤੀ ਸੀ। ਤਿੰਨ ਮੋਟਰ ਸਾਈਕਲ ਭੰਨੇ ਗਏ ਸਨ, ਇੱਕ ਮੋਬਾਈਲ, ਜੋ ਰਿਕਾਰਡਿੰਗ ਕਰ ਰਿਹਾ ਸੀ, ਖੋਹ ਲਿਆ ਗਿਆ ਸੀ। ਮੌਕੇ 'ਤੇ ਥਾਣਾ ਮੁਖੀ ਪਹੁੰਚੇ ਸਨ ਅਤੇ ਜ਼ਖ਼ਮੀਆਂ ਨੂੰ ਹਸਪਤਾਲ ਲਿਜਾ ਕੇ ਮੁਕੱਦਮਾ ਨੰਬਰ 94 ਮਿਤੀ 30.6.22 ਦਰਜ ਕਰ ਲਿਆ ਸੀ, ਪਰ ਕਾਰਵਾਈ ਕੋਈ ਨਹੀਂ ਸੀ ਕੀਤੀ, ਸਗੋਂ 15 ਦਿਨਾਂ ਪਿੱਛੋਂ ਇੱਕ ਫ਼ਰਜ਼ੀ ਸੱਟ ਦੇ ਬਹਾਨੇ ਹੇਠ ਪੁਲਸ ਨੇ ਕਰਾਸ ਕੇਸ ਬਣਾ ਕੇ ਦੋਵਾਂ ਧਿਰਾਂ ਵਿੱਚ ਸਮਝੌਤਾ ਕਰਾਉਣ ਦੀ ਖੇਡ ਖੇਡੀ ਸੀ। ਉਸ ਕੇਸ ਉੱਤ ਅਜੇ ਕੋਈ ਕਾਰਵਾਈ ਨਹੀਂ ਹੋਈ।

ਉਸ ਸਰਪੰਚ ਦੇ ਪਤੀ ਦੀਆਂ ਗੁੰਡਾਗਰਦੀ ਦੀਆਂ ਕਈ ਘਟਨਾਵਾਂ ਹਨ। ਸਾਲ 2018 ਵਿੱਚ ਬਾਰਿਸ਼ਾਂ ਨਾਲ ਲੋਕਾਂ ਦੇ ਘਰ ਨੁਕਸਾਨੇ ਗਏ। ਦਿਲਬਾਗ ਸਿੰਘ ਪੁੱਤਰ ਨਰਵਿੰਦਰ ਸਿੰਘ ਨੁਕਸਾਨੇ ਘਰਾਂ ਦੀ ਲਿਸਟ ਬਣਾ ਰਹੇ ਸਨ ਕਿ ਸੰਬੰਧਤ ਵਿਅਕਤੀ ਇੱਕ ਗਰੋਹ ਦੀ ਸ਼ਕਲ 'ਚ ਆਏ, ਉਹਦੇ ਸੱਟਾਂ ਲਾਈਆਂ, ਉਹਦੀ ਮੈਡੀਕਲ ਰਿਪੋਰਟ ਤੇ ਦਰਖਾਸਤ ਥਾਣੇ ਦਿੱਤੀ, ਪਰ ਕੋਈ ਕਾਰਵਾਈ ਨਹੀਂ ਹੋਈ। ਹਾਈਕੋਰਟ ਵਿੱਚ ਰਿੱਟ ਨੰ: 10306/2020 ਦਾਇਰ ਕੀਤੀ ਤਾਂ ਤਰਨ ਤਾਰਨ ਜ਼ਿਲ੍ਹਾ ਪੁਲਸ ਨੇ ਕੇਸ ਦਰਜ ਕਰਨਾ ਲਿਖਤ ਰੂਪ 'ਚ ਹਾਈਕੋਰਟ ਵਿੱਚ ਪ੍ਰਵਾਨ ਤਾਂ ਕੀਤਾ, ਪਰ ਕੋਈ ਕਾਰਵਾਈ ਨਹੀਂ ਕੀਤੀ।

ਸਾਲ 2020 ਵਿੱਚ ਹੀ ਅਨਾਜ ਮੰਡੀ ਪੱਧਰੀ ਕਲਾਂ 'ਚ ਗਰੀਬ ਲੋਕਾਂ ਨੂੰ ਵੰਡਣ ਆਈ ਕਣਕ ਦੀ ਜ਼ਖੀਰੇਬਾਜ਼ੀ ਜੋ ਸਰਪੰਚ ਦੇ ਪਤੀ ਨੇ ਕੀਤੀ ਸੀ ਤੇ ਜਿਸ ਬਾਰੇ ਰਿਪੋਰਟ ਲੈਣ ਦੋ ਪੱਤਰਕਾਰ ਵੀ ਆਏ ਸਨ, ਅਤੇ ਪਿੰਡ ਦੇ ਨੌਜਵਾਨ ਵੀ ਹਾਜ਼ਰ ਸਨ ਨੂੰ ਸਰਪੰਚ ਦੇ ਪਤੀ ਨੇ ਆਪਣੇ ਪਰਵਾਰ ਤੇ ਹੋਰ ਸਹਿਯੋਗੀ ਲੱਗਭੱਗ 30-35 ਲੱਠਮਾਰਾਂ ਨਾਲ ਘੇਰ ਲਿਆ, ਜਿਸ ਦੀ ਰਿਪੋਰਟ 3412-20-11 2020,360,391 ਆਦਿ ਥਾਣਾ ਝਬਾਲ ਵਿੱਚ ਦਰਜ ਹੈ, ਪਰ ਕੋਈ ਕਾਰਵਾਈ ਨਹੀਂ ਕੀਤੀ ਗਈ।

ਇੱਕ ਮਜ਼ਦੂਰ ਨਿਹੰਗ ਬਲਕਾਰ ਸਿੰਘ ਨੇ ਜਦੋਂ ਸਰਪੰਚ ਦੇ ਲੜਕਿਆਂ ਨੂੰ ਸਕੂਲ ਦੇ ਗੇਟ ਸਾਹਮਣੇ ਮੋਟਰ ਸਾਈਕਲ ਖੜਾ ਕਰਕੇ ਪੜ੍ਹਨ ਆ ਰਹੀਆਂ ਲੜਕੀਆਂ ਨੂੰ ਕੁਮੈਂਟ ਕੱਸਣ ਤੋਂ ਜਦੋਂ ਵਰਜਿਆ ਤਾਂ 70 ਸਾਲਾਂ ਬਜ਼ੁਰਗ ਦੀ ਸਾਰੇ ਪਰਵਾਰ ਨੇ ਦਾਹੜੀ ਪੁੱਟੀ ਅਤੇ ਕੁੱਟਮਾਰ ਕੀਤੀ, ਜਿਸ ਦੀ ਰਪਟ ਥਾਣਾ ਝਬਾਲ ਵਿੱਚ 3491-ਮਿਤੀ 16-9-19 ਹੇਠ ਦਰਜ ਹੈ, ਪਰ ਕੋਈ ਕਾਰਵਾਈ ਨਹੀਂ ਹੋਈ।

ਮਿਤੀ 27-6-2022 ਨੂੰ ਜਦੋਂ ਜਾਂਚ ਚੱਲ ਰਹੀ ਸੀ ਤਾਂ ਵਿਕਾਸ ਕੰਮਾਂ ਦੀ ਰਿਪੋਰਟ ਲੈਣ ਪੱਤਰਕਾਰਾਂ ਦੀ ਟੀਮ ਆਈ, ਜਿਸ ਨਾਲ ਪਿੰਡ ਦੇ ਲੋਕ ਵੀ ਇਕੱਠੇ ਹੋ ਗਏ, ਸੰਬੰਧਤ ਸਰਪੰਚ ਦੇ ਪਰਵਾਰ ਨੇ ਇੱਟਾਂ-ਰੋੜਿਆਂ ਨਾਲ ਹਮਲਾ ਕੀਤਾ, ਜਿਸ ਦੀ ਰਿਪੋਰਟ 386 ਮਿਤੀ 20-6-22 ਨੂੰ ਦਰਜ ਹੈ।

ਇਵੇਂ ਹੀ ਭਗਵੰਤ ਸਿੰਘ ਨਾਂਅ ਦੇ ਇੱਕ ਨਾਗਰਿਕ ਨੇ ਸਰਪੰਚ ਦੇ ਪਤੀ ਦੇ ਗਲਤ ਨਾਂਅ 'ਤੇ ਪਹਿਚਾਣ ਪੱਤਰ ਹੇਠ ਅਸਲਾ ਲਾਸੰਸ ਲੈਣ ਅਤੇ ਦੋ ਪਹਿਚਾਣ ਪੱਤਰਾਂ ਉੱਤੇ ਇਕੋ ਸਮੇਂ ਸਕੀਮਾਂ ਦੇ ਲਾਹੇ ਲੈਣ ਨੂੰ ਲੈ ਕੇ ਹਾਈਕੋਰਟ ਵਿੱਚ ਰਿੱਟ ਨੰ: 5383 ਦਾਇਰ ਕੀਤੀ ਤਾਂ ਪੁਲਸ ਨੇ ਇਸ 'ਤੇ ਵੀ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ।

ਸਲਵਿੰਦਰ ਸਿੰਘ ਉੱਤੇ ਕਾਤਲਾਨਾ ਹਮਲੇ ਦੇ ਸੰਬੰਧ ਵਿੱਚ ਐੱਸ ਐੱਸ ਪੀ ਨੂੰ 30-9-23 ਨੂੰ ਮਿਲੀ ਦਰਖਾਸਤ ਨੰ: 1009, ਮਿਤੀ 4-10-23 ਨੂੰ 1019 ਮਿਤੀ 10-10-23 ਨੂੰ ਦਰਖਾਸਤ ਨੰ: 1091 ਦਿੱਤੀਆਂ, ਡੀ ਜੀ ਪੀ ਸਾਹਿਬ ਨੂੰ ਕੰਪਲੈਂਟ ਨੰ: 4313 ਮਿਤੀ 25-9-23 ਅਤੇ ਕੰਪਲੇਟ ਨੰ: 5000 ਮਿਤੀ 21-11-23 ਵੀ ਭੇਜੀਆਂ, ਪਰ ਇਸ ਦੇ ਬਾਵਜੂਦ ਪਿਛਲੇ 80 ਦਿਨਾਂ ਤੋਂ ਸੰਬੰਧਤ ਕਾਤਲਾਨਾ ਹਮਲਾ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕਰਨ ਦੀ ਕੋਈ ਵੀ ਕਾਰਵਾਈ ਨਹੀਂ ਕੀਤੀ।

ਅਫ਼ਸੋਸ ਦੀ ਗੱਲ ਇਹ ਕਿ ਮੈਂ ਖੁਦ ਅਜਿਹੀ ਹੀ ਦਰਖਾਸਤ ਲੈ ਕੇ ਮਿਤੀ 21-11-2023 ਨੂੰ ਐੱਸ ਐੱਸ ਪੀ ਤਰਨ ਤਾਰਨ ਨੂੰ ਮਿਲਿਆ ਅਤੇ ਲਿਖਤ ਤੌਰ 'ਤੇ ਕਿਹਾ ਕਿ, "ਡੀ ਐੱਸ ਪੀ ਸਿਟੀ ਜਾਂਚ ਨੂੰ ਜਾਣ-ਬੁੱਝ ਕੇ ਲਮਕਾਅ ਰਹੇ ਹਨ ਅਤੇ ਦੋਸ਼ੀਆਂ ਨੂੰ ਸਲਵਿੰਦਰ ਸਿੰਘ ਦੇ ਪਰਵਾਰ ਅਤੇ ਹਮਾਇਤੀਆਂ ਨੂੰ ਦਹਿਸ਼ਤਜ਼ਦਾ ਕਰਨ ਲਈ ਖੁੱਲ੍ਹਾ ਛੱਡਿਆ ਹੋਇਆ ਹੈ, ਤਾਂ ਉਹ ਦਰਖਾਸਤ ਰੱਖ ਤਾਂ ਲਈ, ਪਰ ਨੰਬਰ ਨਹੀਂ ਦਿੱਤਾ। ਅਗਲੇਰੇ ਦਿਨ ਜਦੋਂ ਐੱਸ ਐੱਸ ਪੀ ਸਾਹਿਬ ਦੇ ਰੀਡਰ ਪਾਸੋਂ ਦਰਖਾਸਤ ਦਾ ਨੰਬਰ ਮੰਗਿਆ ਤਾਂ ਉਨ੍ਹਾਂ ਦਾ ਜੁਆਬ ਸੀ, "ਕਿਹੜੀ ਦਰਖਾਸਤ, ਕਿਹੜਾ ਨੰਬਰ, ਤੁਸੀਂ ਇੱਕ ਹੀ ਗੱਲ ਕਹਿੰਦੇ ਹੋ 'ਗ੍ਰਿਫ਼ਤਾਰ ਕਰੋ' 'ਗ੍ਰਿਫ਼ਤਾਰ ਕਰੋ', ਇਸ ਤੋਂ ਬਿਨਾਂ ਹੈ ਕੀ ਹੈ। ਉਸ ਵਿੱਚ ਡੀ ਐੱਸ ਪੀ ਜਾਂਚ ਕਰ ਰਹੇ ਹਨ, ਜੋ ਰਿਪੋਰਟ ਦੇਣਗੇ, ਉਸ 'ਤੇ ਕਾਰਵਾਈ ਹੋਵੇਗੀ। ਭਾਵ ਸਾਫ਼ ਕਿ ਐੱਸ ਐੱਸ ਪੀ ਤਰਨ ਤਾਰਨ ਤੱਕ ਪੀੜਤ ਵਿਅਕਤੀ ਦੀ ਫਰਿਆਦ ਸੁਣਨ ਲਈ ਵੀ ਪੁਲਸ ਤਿਆਰ ਨਹੀਂ।

ਇਹ ਵਰਤਾਰਾ ਸਿਰਫ਼ ਐਨਾ ਹੀ ਨਹੀਂ। ਐੱਸ ਐੱਸ ਪੀ ਆਪਣੇ ਘੇਰੇ ਨੂੰ ਉਲੰਘ ਕੇ ਕਿਵੇਂ ਕੰਮ ਕਰਦੇ ਹਨ, ਇਹਦੀ ਮਿਸਾਲ ਵੀ ਸਾਹਮਣੇ ਹੈ। ਜਿਵੇਂ ਉਪਰ ਜ਼ਿਕਰ ਕੀਤਾ ਕਿ ਹਾਈਕੋਰਟ ਦੇ ਆਦੇਸ਼ ਤਹਿਤ ਏ ਡੀ ਸੀ ਦੀ ਨਿਗਰਾਨੀ ਹੇਠ ਪਿੰਡ ਪੱਧਰੀ ਕਲਾਂ ਦੇ ਫੰਡਾਂ 'ਚ 93 ਲੱਖ 40 ਹਜ਼ਾਰ 320 ਰੁਪਏ ਪੰਚਾਇਤੀ ਫੰਡਾਂ 'ਚ ਗਬਨ ਦਾ ਕੇਸ ਡਾਇਰੈਕਟਰ ਪੇਂਡੂ ਵਿਕਾਸ ਤੇ ਪੰਚਾਇਤ ਦੇ ਆਦੇਸ਼ਾਂ ਤਹਿਤ ਜਾਰੀ ਕਰਨ ਦੀ ਹਦਾਇਤ ਹੋਈ, ਜਿਸ ਉਤੇ ਡੀ ਡੀ ਪੀ ਓ ਅਤੇ ਏ ਡੀ ਸੀ ਨੇ ਕੇਸ ਤਿਆਰ ਕਰਕੇ ਮਿਤੀ 22-09-22 ਨੂੰ ਕੇਸ ਨੰ: 5477 ਐੱਸ ਐੱਸ ਪੀ ਸਾਹਿਬ ਨੂੰ ਭੇਜਿਆ। ਐਸ ਐਸ ਪੀ ਨੇ ਪੱਤਰ ਨੰਬਰ 1844 ਪੀ ਸੀ ਮਿਤੀ 9-10-2023 ਤਹਿਤ ਵਾਪਸ ਭੇਜ ਕੇ ਦੁਬਾਰਾ ਜਾਂਚ ਦੇ ਆਦੇਸ਼ ਦਿੱਤੇ ਹਨ। ਜੇ ਡਾਇਰੈਕਟਰ ਪੇਂਡੂ ਪੰਚਾਇਤ ਦੀ ਨਿਗਰਾਨੀ ਹੇਠ ਹੋਈ ਜਾਂਚ 'ਚ ਕੋਈ ਤਰੁੱਟੀ ਸੀ ਤਾਂ ਉਹ ਡਾਇਰੈਕਟਰ ਸਾਹਿਬ ਨੂੰ ਵਾਪਸ ਭੇਜਿਆ ਜਾਣਾ ਚਾਹੀਦਾ ਸੀ। ਐੱਸ ਐੱਸ ਪੀ ਨੇ ਤਾਂ ਕੇਸ ਫਾਈਲ ਕਰਨਾ ਸੀ। ਮੁੜ ਜਾਂਚ ਦੇ ਆਦੇਸ਼ ਦੇਣੇ ਅਤੇ ਉਨ੍ਹਾਂ ਹੀ ਅਧਿਕਾਰੀਆਂ ਨੂੰ ਜਿਨ੍ਹਾਂ ਉਤੇ ਫਰਾਡ ਵਿੱਚ ਸ਼ਾਮਲ ਹੋਣਾ ਪਾਇਆ ਗਿਆ ਹੈ, ਕਿੱਥੋਂ ਕੁ ਤੱਕ ਉਚਿੱਤ ਹਨ।' ਜੇ ਐੱਸ ਐੱਸ ਪੀ ਜਾਂਚ ਹੀ ਕਰਵਾਉਣੀ ਚਾਹੁੰਦੇ ਸਨ ਤਾਂ ਵਿਜੀਲੈਂਸ ਵਿਭਾਗ ਨੂੰ ਭੇਜਦੇ।

ਅਜਿਹੀ ਸਥਿਤੀ ਵਿੱਚ ਮੇਰੀ ਜਾਂ ਮੇਰੇ ਪਰਵਾਰ ਜਾਂ ਸਾਡੀ ਹਮਾਇਤ ਕਰਨ ਵਾਲਿਆਂ ਦੀ ਸੁਰੱਖਿਆ ਦੀ ਕੀ ਗਾਰੰਟੀ ਹੋ ਸਕਦੀ ਹੈ। ਕੀ ਪੁਲਸ ਸੁਰੱਖਿਆ ਦੇ ਸਕੇਗੀ, ਜੋ ਨੰਗੀ ਚਿੱਟੀ ਉਨ੍ਹਾਂ ਨਾਲ ਖਲੋਤੀ ਹੈ ਜੋ ਅਪਰਾਧਿਕ ਕਾਰਵਾਈਆਂ ਵਿੱਚ ਲਿਪਤ ਹਨ। ਪੰਚਾਇਤ ਵਿਭਾਗ ਦੇ ਆਲ੍ਹਾ ਅਫ਼ਸਰ ਵੀ ਜਾਣਦੇ ਹਨ ਕਿ ਉਹ ਕਈ ਪਿੰਡਾਂ ਵਿੱਚ ਕੰਮ ਕਰਦੇ ਅਪਰਾਧੀਆਂ ਦਾ ਗਰੋਹ ਹੈ, ਜਿਨ੍ਹਾਂ ਦਾ ਨਸ਼ਿਆਂ ਦੇ ਕਾਰੋਬਾਰ ਤੋਂ ਲੈ ਕੇ ਲੁੱਟਾਂ-ਖੋਹਾਂ ਵਾਲੇ ਗੈਂਗਾਂ ਤੱਕ ਰਿਸ਼ਤਾ ਹੈ। ਪੂਰਾ ਰਾਜਤੰਤਰ, ਅਪਰਾਧਿਕ ਅਤੇ ਗੁੰਡਾ ਗਰੋਹਾਂ ਦੇ ਦਬਾਅ ਹੇਠ ਕੰਮ ਕਰਦਾ ਹੈ। ਪੁਲਸ ਉਨ੍ਹਾਂ ਦੀ ਸੁਰੱਖਿਅਕ ਹੈ। ਸਲਵਿੰਦਰ ਸਿੰਘ ਉਤੇ ਕਾਤਲਾਨਾ ਹਮਲਾ ਕਰਨ ਵਾਲੇ ਹੀ ਜਦੋਂ ਗ੍ਰਿਫ਼ਤਾਰ ਨਹੀਂ ਹੋਣਗੇ, ਤਾਂ ਮੈਨੂੰ ਦਹਿਸ਼ਤਜ਼ਦਾ ਕਰਨ ਤੇ ਨੁਕਸਾਨ ਪਹੁੰਚਾਉਣ ਵਾਲਿਆਂ ਵਿਰੁੱਧ ਕਾਰਵਾਈ ਕਿੱਥੇ? ਮੈਂ ਪੰਜਾਬ ਦੇ ਜਮਹੂਰੀ ਲੋਕਾਂ ਤੇ ਜਥੇਬੰਦੀਆਂ ਤੋਂ ਮੰਗ ਕਰਦਾ ਹਾਂ ਕਿ ਇਸ ਤਾਨਾਸ਼ਾਹੀ ਰਵੱਈਏ ਵਿਰੁੱਧ ਆਵਾਜ਼ ਉਠਾਉਣ।

***# ਸੰਪਰਕ : 93544-30211***

# ਪਾਵਰਕਾਮ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਸ਼ਹਿਰੀ ਤੇ ਪੇਂਡੂ ਇਕਾਈਆਂ ਦੇ ਪੈਨਸ਼ਨਰਾਂ ਦੀ ਮੀਟਿੰਗ



**ਮੋਗਾ (ਅਮਰਜੀਤ ਬੱਬਰੀ)** ਪਾਵਰਕਾਮ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਸ਼ਹਿਰੀ ਅਤੇ ਦਿਹਾਤੀ ਯੂਨਿਟ ਦੇ ਪੈਨਸ਼ਨਰਾਂ ਦੀ ਮਹੀਨਾਵਾਰ ਮੀਟਿੰਗ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਯਾਦਗਾਰੀ ਭਵਨ ਦੇ ਕਾਮਰੇਡ ਸ਼ਹੀਦ ਸਤੀਸ਼ ਲੂੰਬਾ ਹਾਲ ਵਿਖੇ ਪ੍ਰਿਅਵਰਤ ਗੁਪਤਾ, ਗੁਰਮੀਤ ਸਿੰਘ ਧਾਲੀਵਾਲ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ।

ਮੀਟਿੰਗ ਵਿੱਚ ਪਾਵਰਕੌਮ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਸਕੱਤਰ ਗੁਰਮੇਲ ਸਿੰਘ ਨਾਹਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਮੀਟਿੰਗ ਵਿੱਚ ਪੈਨਸ਼ਨਰਜ਼ ਯੂਨੀਅਨ ਦੇ ਨੁਮਾਇੰਦਿਆਂ ਦਿਆਲ ਸਿੰਘ, ਗੁਰਮੇਲ ਸਿੰਘ ਨਾਹਰ, ਪ੍ਰਿਅਵਰਤ ਗੁਪਤਾ, ਗੁਰਮੀਤ ਸਿੰਘ ਧਾਲੀਵਾਲ ਨੇ ਆਪਣੇ ਸੰਬੋਧਨ ਵਿੱਚ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਪ੍ਰਤੀ ਪੰਜਾਬ ਸਰਕਾਰ ਅਤੇ ਪਾਵਰਕਾਮ ਮੈਨੇਜਮੈਂਟ ਦੀ ਅਣਦੇਖੀ ਬਾਰੇ ਵਿਸ਼ੇਸ਼ ਤੌਰ 'ਤੇ ਚਰਚਾ ਕਰਦਿਆਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਪੰਜਾਬ ਸਰਕਾਰ ਨੇ ਸਾਰੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਤੋਂ ਵਿਕਾਸ ਟੈਕਸ ਦੇ ਨਾਂਅ 'ਤੇ ਜਜ਼ੀਆ ਟੈਕਸ ਵਜੋਂ 200 ਰੁਪਏ ਪ੍ਰਤੀ ਮਹੀਨਾ ਕੱਟਣ ਦੇ ਹੁਕਮ ਜਾਰੀ ਕੀਤੇ ਸ, ਪਰ ਹਾਲ ਹੀ ਵਿੱਚ ਹੋਈ ਮੀਟਿੰਗ ਦੌਰਾਨ ਪਾਵਰਕਾਮ ਦੀ ਡਾਇਰੈਕਟਰ ਮੈਨੇਜਮੈਂਟ ਨੇ ਪੈਨਸ਼ਨਰਜ਼ ਯੂਨੀਅਨ ਪੰਜਾਬ ਨੂੰ ਭਰੋਸਾ ਦਿੱਤਾ ਸੀ ਕਿ ਉਹ ਪਾਵਰਕਾਮ ਦੇ ਅਧਿਕਾਰੀਆਂ ਤੇ ਪੰਜਾਬ ਸਰਕਾਰ ਨਾਲ ਨਿੱਜੀ ਤੌਰ 'ਤੇ ਗੱਲਬਾਤ ਕਰਕੇ ਇਸ ਮਸਲੇ ਨੂੰ ਹੱਲ ਕਰਾਉਣ ਦੀ ਪੂਰੀ ਕੋਸ਼ਿਸ਼ ਕਰਨਗੇ।ਪਰ ਹੁਣ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਸਰਕਾਰ ਦੇ ਸਮੂਹ ਮੁਲਾਜ਼ਮਾਂ ਤੇ ਪੈਨਸ਼ਨਰਾਂ 'ਤੇ ਇਹ ਨਜਾਇਜ਼ ਸ਼ਿਕੰਜਾ ਕੱਸ ਦਿੱਤਾ ਹੈ।

ਪੰਜਾਬ ਅਤੇ ਪਾਵਰਕੌਮ ਦੇ ਪੈਨਸ਼ਨਰਜ਼ ਇਸ ਜਲਦਬਾਜ਼ੀ ਵਿੱਚ ਜਾਰੀ ਨਾਦਿਰਸ਼ਾਹੀ ਫ਼ਰਮਾਨ ਦੀ ਸਖ਼ਤ ਨਿਖੇਧੀ ਕਰਦੇ ਹਨ, ਜਿਸ ਵਿੱਚ ਜਜ਼ੀਆ ਨੂੰ ਵਿਕਾਸ ਟੈਕਸ ਵਜੋਂ ਸ਼ਾਮਲ ਕੀਤਾ ਗਿਆ ਹੈ, ਕਿਉਂਕਿ ਇਹ ਟੈਕਸ ਸਾਰੇ ਪੈਨਸ਼ਨਰਾਂ 'ਤੇ ਬਰਾਬਰ ਲਾਇਆ ਗਿਆ ਹੈ, ਜੋ ਕਿਸੇ ਵੀ ਤਰ੍ਹਾਂ ਤਰਕਸੰਗਤ ਨਹੀਂ ਹੈ, ਕਿਉਂਕਿ 1-00 ਲੱਖ ਰੁਪਏ ਪੈਨਸ਼ਨ ਅਤੇ 25 ਹਜ਼ਾਰ ਰੁਪਏ ਪੈਨਸ਼ਨ ਲੈਣ ਵਾਲਿਆਂ 'ਤੇ 200 ਰੁਪਏ ਪ੍ਰਤੀ ਮਹੀਨਾ ਬਰਾਬਰ ਲਾਇਆ ਗਿਆ ਹੈ, ਜੋ ਬਿਲਕੁਲ ਵੀ ਜਾਇਜ਼ ਨਹੀਂ ਹੈ।ਪੈਨਸ਼ਨਰਜ਼ ਯੂਨੀਅਨ ਪੰਜਾਬ ਦੀ 'ਆਪ' ਸਰਕਾਰ ਅਤੇ ਪਾਵਰਕੌਮ ਟਰਾਂਸਕੋ ਮੈਨੇਜਮੈਂਟ ਨੂੰ ਪੁਰਜ਼ੋਰ ਅਪੀਲ ਕਰਦੀ ਹੈ ਕਿ ਇਹ ਹੁਕਮ ਤੁਰੰਤ ਵਾਪਸ ਲਏ ਜਾਣ, ਨਹੀਂ ਤਾਂ ਪੰਜਾਬ ਸਰਕਾਰ ਇਨ੍ਹਾਂ ਨਾਦਰਸ਼ਾਹੀ ਹੁਕਮਾਂ ਦੇ ਨਤੀਜੇ ਭੁਗਤਣ ਲਈ ਤਿਆਰ ਰਹੇ। ਇਸ ਤੋਂ ਇਲਾਵਾ ਸਰਕਾਰ ਅਤੇ ਮੈਨੇਜਮੈਂਟ ਨੇ ਜਾਇਜ਼ ਮੰਗਾਂ ਬਾਰੇ ਆਪਸੀ ਵਿਚਾਰ ਕਰਨ ਨੂੰ ਅਣਗੌਲਿਆ ਕੀਤਾ ਹੋਇਆ ਹੈ। ਜਿਸ ਕਾਰਨ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਇਨਸਾਫ਼ ਲੈਣ ਲਈ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਪਟੀਸ਼ਨਾਂ ਦਾਇਰ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਮਾਣਯੋਗ ਅਦਾਲਤਾਂ ਨੇ ਵੀ ਪਟੀਸ਼ਨਾਂ 'ਤੇ ਸਰਕਾਰ ਵਿਰੋਧੀ ਫ਼ੈਸਲੇ ਦੇਣੇ ਸ਼ੁਰੂ ਕਰ ਦਿੱਤੇ ਹਨ, ਪਰ ਸਰਕਾਰ ਇਨ੍ਹਾਂ ਹੁਕਮਾਂ ਨੂੰ ਗੰਭੀਰਤਾ ਨਾਲ ਲਾਗੂ ਨਹੀਂ ਕਰ ਰਹੀ।

ਪੈਨਸ਼ਨਰਾਂ ਦੀਆਂ ਮੁੱਖ ਜਾਇਜ਼ ਮੰਗਾਂ ਹਨ ਕਿ 1-7-2015 ਤੋਂ 31-12-2015 ਤੱਕ ਦੀ ਮੁੱਢਲੀ ਤਨਖ਼ਾਹ ਵਿੱਚ ਮਹਿੰਗਾਈ ਭੱਤੇ ਨੂੰ 113 ਤੋਂ 119 ਫ਼ੀਸਦੀ ਤੱਕ ਸ਼ਾਮਲ ਕਰਕੇ ਤਨਖਾਹ ਅਤੇ ਪੈਨਸ਼ਨ ਨੂੰ ਸੋਧਿਆ ਜਾਵੇ।ਤਨਖ਼ਾਹ ਕਮਿਸ਼ਨ ਦੀ ਰਿਪੋਰਟ ਅਤੇ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਸਾਰੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ 2-59 ਦੇ ਗੁਣਾਂਕ, 1-1-2016 ਤੋਂ 30-6-2021 ਤੱਕ 66 ਮਹੀਨਿਆਂ ਦੇ ਸਕੇਲ, ਪੈਨਸ਼ਨ ਰੀਵਿਜ਼ਨ ਦੇ ਬਕਾਏ, ਕੇਂਦਰੀ ਪੈਟਰਨ 'ਤੇ ਡੀ.ਏ ਦੀਆਂ ਤਿੰਨ ਕਿਸ਼ਤਾਂ ਦਾ ਭੁਗਤਾਨ, ਕੈਸ਼ਲੈੱਸ ਮੈਡੀਕਲ ਸਕੀਮ, ਬਿਨਾਂ ਸ਼ਰਤ 23 ਸਾਲ ਦਾ ਐਡਵਾਂਸ ਪ੍ਰਮੋਸ਼ਨਲ ਇੰਕਰੀਮੈਂਟ ਦੇਣਾ, ਜਨਵਰੀ 2016 ਤੋਂ ਸੇਵਾਮੁਕਤ ਹੋਏ ਸਾਰੇ ਪੈਨਸ਼ਨਰਾਂ ਨੂੰ ਸੋਧੀ ਹੋਈ ਲੀਵ ਐਨਕੈਸ਼ਮੈਂਟ, ਗ੍ਰੈਚੁਟੀ ਅਤੇ ਕਮਿਊਟੇਸ਼ਨ ਦੀ ਤੁਰੰਤ ਅਦਾਇਗੀ, ਬਿਨਾਂ ਕਿਸੇ ਹੋਰ ਮੰਗ ਦੇ ਕਿਸੇ ਵੀ ਦੇਰੀ ਨਾਲ ਨਿਪਟਿਆ ਜਾਵੇ ? ਪੰਜਾਬ ਸਰਕਾਰ ਅਤੇ ਪਾਵਰਕਾਮ ਮੈਨੇਜਮੈਂਟ ਨੇ ਦੀਵਾਲੀ ਅਤੇ ਗੁਰਪੁਰਬ ਦੇ ਪਵਿੱਤਰ ਤਿਉਹਾਰ ਮੌਕੇ ਮੁਲਾਜ਼ਮਾਂ ਤੇ ਸਮੂਹ ਪੈਨਸ਼ਨਰਾਂ ਨੂੰ ਸੋਧੀਆਂ ਤਨਖ਼ਾਹਾਂ ਅਤੇ ਪੈਨਸ਼ਨਾਂ ਦੇ ਬਕਾਏ ਬਾਰੇ ਜਾਣੂ ਕਰਾਇਆ ਹੈ।

2-59 ਦੇ ਗੁਣਾਂਕ ਨੇ ਸਰਕਾਰ ਨੂੰ ਪੈਨਸ਼ਨ ਰਿਵੀਜ਼ਨ ਅਤੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੀ ਅਦਾਇਗੀ ਨਾ ਕਰਕੇ ਕਾਲੀ ਦੀਵਾਲੀ ਮਨਾਉਣ ਲਈ ਮਜ਼ਬੂਰ ਕੀਤਾ ਹੈ, ਭਵਿੱਖ ਵਿੱਚ ਸਰਕਾਰ ਨੂੰ ਇਸ ਦੇ ਨਤੀਜੇ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ।ਇਸ ਦੇ ਨਾਲ ਹੀ ਪੰਜਾਬ ਸਟੇਟ ਮਨਿਸਟਰੀਅਲ ਸਰਵਿਸਿਜ਼ ਯੂਨੀਅਨ ਅਤੇ ਪੰਜਾਬ ਸਿਵਲ ਸਕੱਤਰੇਤ ਐਸੋਸੀਏਸ਼ਨ ਵੱਲੋਂ ਕੀਤੀ ਜਾ ਰਹੀ ਹੜਤਾਲ ਤੇ ਸੰਘਰਸ਼ ਦੀ ਪੂਰਨ ਹਮਾਇਤ ਕਰਨ ਦਾ ਮਤਾ ਪਾਸ ਕੀਤਾ ਗਿਆ।

# ਹੜ੍ਹ ਪ੍ਰਭਾਵਤ ਇਲਾਕਿਆਂ 'ਚ ਐਕਸਪ੍ਰੈਸ ਵੇਅ ਪਿੱਲਰਾਂ 'ਤੇ ਬਣੇਗਾ

## ਪੰਜ ਮਹੀਨੇ ਤੋਂ ਚੱਲਦਾ ਪੱਕਾ ਮੋਰਚਾ ਮੁਲਤਵੀ, ਐਕਸਪ੍ਰੈਸ ਵੇਅ ਦਾ ਕੰਮ ਸ਼ੁਰੂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** -ਕੇਂਦਰ ਸਰਕਾਰ ਵੱਲੋਂ ਭਾਰਤ ਵਾਲਾ ਪਰਿਯੋਜਨਾ ਤਹਿਤ ਬਣਾਏ ਜਾ ਰਹੇ ਦਿੱਲੀ ਜੰਮੂ ਕੱਟੜਾ ਐਕਸਪ੍ਰੈਸ ਵੇਅ ਦੇ ਡਾਫ ਲੱਗਣ ਨਾਲ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਘੱਗਰ ਪ੍ਰਭਾਵਤ ਇਲਾਕਿਆਂ ਵਿੱਚ ਕੁਝ ਸਮਾਂ ਪਹਿਲਾਂ ਆਏ ਭਿਆਨਕ ਹੜ੍ਹਾਂ ਕਰਕੇ ਹੋਈ ਵੱਡੇ ਪੱਧਰ ਉੱਤੇ ਤਬਾਹੀ ਮਗਰੋਂ ਇਲਾਕੇ ਦੇ ਕਿਸਾਨਾਂ ਵੱਲੋਂ ਪਿੰਡ ਸ਼ੁਤਰਾਣਾ ਵਿਖੇ ਹੜ੍ਹ ਪ੍ਰਭਾਵਤ ਇਲਾਕਿਆਂ ਵਿੱਚ ਐਕਸਪ੍ਰੈਸ ਵੇਅ ਨੂੰ ਪਿਲਰਾਂ ਉੱਤੇ ਬਣਾਏ ਜਾਣ ਦੀ ਮੰਗ ਨੂੰ ਲੈ ਕੇ ਪੱਕਾ ਮੋਰਚਾ ਲਾਇਆ ਗਿਆ ਸੀ। ਇਲਾਕੇ ਦੇ ਅੱਧੀ ਦਰਜਨ ਦੇ ਕਰੀਬ ਪਿੰਡਾਂ ਦੇ ਕਿਸਾਨਾਂ ਵੱਲੋਂ ਲਾਏ ਗਏ ਇਸ ਪੱਕੇ ਮੋਰਚੇ ਨੂੰ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਭਰਵਾਂ ਸਮਰਥਨ ਮਿਲਣ ਮਗਰੋਂ ਮਾਮਲਾ ਗਰਮਾ ਗਿਆ ਸੀ, ਜਿਸ ਦੇ ਚੱਲਦਿਆਂ ਨੈਸ਼ਨਲ ਹਾਈਵੇ ਅਥਾਰਟੀ ਦੀਆਂ ਟੀਮਾਂ ਵੱਲੋਂ ਸਮੇਂ-ਸਮੇਂ 'ਤੇ ਮੋਰਚੇ ਵਾਲੀ ਥਾਂ ਉੱਤੇ ਪਹੁੰਚ ਕੇ ਕਿਸਾਨਾਂ ਦਾ ਪੱਖ ਸੁਣਨ ਮਗਰੋਂ ਨੈਸ਼ਨਲ ਹਾਈਵੇ ਅਥਾਰਟੀ ਵੱਲੋਂ ਐਕਸਪ੍ਰੈਸ ਵੇਅ ਦੇ ਡਿਜ਼ਾਇਨ ਵਿੱਚ ਤਬਦੀਲੀ ਕੀਤੀ ਗਈ ਹੈ।

ਐਸਡੀਐਮ ਦਫ਼ਤਰ ਵਿਖੇ ਪੱਕੇ ਮੋਰਚੇ ਦੀ ਅਗਵਾਈ ਕਰ ਰਹੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂਆਂ ਅਤੇ ਆਸ-ਪਾਸ ਦੇ ਪਿੰਡਾਂ ਦੇ ਕਿਸਾਨਾਂ ਨਾਲ ਮੀਟਿੰਗ ਮਗਰੋਂ ਮੰਗਲਵਾਰ ਨੂੰ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ, ਐਸਡੀਐਮ ਪਾਤੜਾਂ ਨਵਦੀਪ ਕੁਮਾਰ ਅਤੇ ਐਨਐਚਏਆਈ ਦੇ ਐਸਸੀ ਕਨਿਸਕ ਡਾਂਗੀ ਨੇ ਮੋਰਚੇ ਵਾਲੀ ਥਾਂ ਉੱਤੇ ਪਹੁੰਚ ਕੇ ਕਿਸਾਨਾਂ ਨੂੰ ਕੀਤੀ ਗਈ ਤਬਦੀਲੀ ਸਬੰਧੀ ਜਾਣਕਾਰੀ ਦਿੰਦਿਆਂ ਐਨ ਐਚ ਏ ਆਈ ਵੱਲੋਂ ਨਵੀਂ ਤਿਆਰ ਕੀਤੀ ਗਈ ਡਰਾਇੰਗ ਦੀ ਕਾਪੀ ਕਿਸਾਨ ਆਗੂਆਂ ਨੂੰ ਸੌਂਪੀ, ਜਿਸ ਮਗਰੋਂ ਕਿਸਾਨਾਂ ਵੱਲੋਂ ਪੱਕਾ ਮੋਰਚਾ ਮੁਲਤਵੀ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ। ਮੋਰਚੇ ਦੀ ਸਮਾਪਤੀ ਮਗਰੋਂ ਨੈਸ਼ਨਲ ਹਾਈਵੇ ਅਥਾਰਟੀ ਵੱਲੋਂ ਐਕਸਪ੍ਰੈਸ ਵੇਅ ਦਾ ਪਿਛਲੇ ਪੰਜ ਮਹੀਨਿਆਂ ਤੋਂ ਰੁਕਿਆ ਕੰਮ ਸ਼ੁਰੂ ਹੋ ਗਿਆ ਹੈ।

ਮੋਰਚੇ ਵਾਲੀ ਥਾਂ ਉੱਤੇ ਜੁੜੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਦੱਸਿਆ ਕਿ ਕਿਸਾਨਾਂ ਵੱਲੋਂ ਲੜੀ ਗਈ ਲੜਾਈ ਕਰਕੇ ਹੀ ਨੈਸ਼ਨਲ ਹਾਈਵੇ ਅਥਾਰਟੀ ਨੂੰ ਨਕਸ਼ੇ ਵਿੱਚ ਬਦਲਾਅ ਕਰਨਾ ਪਿਆ ਹੈ। ਉਨ੍ਹਾਂ ਕਿਹਾ ਕਿ ਕੁਦਰਤ ਨੇ ਸਮਾਂ ਰਹਿੰਦਿਆਂ ਸਭ ਕੁਝ ਬਦਲ ਦਿੱਤਾ। ਜੇ ਐਕਸਪ੍ਰੈਸ ਵੇਅ ਮੁਕੰਮਲ ਹੋ ਜਾਂਦਾ ਤਾਂ ਆਉਣ ਵਾਲੇ ਸਮੇਂ ਵਿੱਚ ਅਜਿਹੀ ਆਫਤ ਦੇ ਸਮੇਂ ਵਿੱਚ ਕਿਸਾਨਾਂ ਦੇ ਬਚਣ ਦਾ ਕੋਈ ਰਾਹ ਬਾਕੀ ਨਹੀਂ ਸੀ ਬਚਦਾ। ਉਨ੍ਹਾਂ ਸੰਘਰਸ਼ਸ਼ੀਲ ਕਿਸਾਨਾਂ ਨੂੰ ਜਿੱਤ ਦੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਪੂਰੀ ਤਰ੍ਹਾਂ ਕਿਸਾਨਾਂ ਦੇ ਨਾਲ ਹੈ। ਇਸ ਦੌਰਾਨ ਐਸਡੀਐਮ ਪਾਤੜਾਂ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਪ੍ਰਸ਼ਾਸਨ ਕਿਸਾਨਾਂ ਨੂੰ ਆਉਣ ਵਾਲੀ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨੂੰ ਹੱਲ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਨੈਸ਼ਨਲ ਹਾਈਵੇ ਅਥਾਰਟੀ ਦੇ ਐਸਸੀ ਕਨਿਸਕ ਡਾਂਗੀ ਨੇ ਕਿਸਾਨਾਂ ਨੂੰ ਕੀਤੇ ਗਏ ਬਦਲਾਅ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਘੱਗਰ ਦਰਿਆ ਦੇ ਹੜ੍ਹ ਪ੍ਰਭਾਵਤ ਇਲਾਕੇ ਵਿੱਚ ਕਰੀਬ 1200 ਮੀਟਰ ਵਿੱਚ ਐਕਸਪ੍ਰੈਸ ਵੇਅ ਨੂੰ ਪਿਲਰਾਂ ਉੱਤੇ ਬਣਾਇਆ ਜਾਵੇਗਾ, ਜਦੋਂ ਕਿ ਪਹਿਲਾਂ ਇਹ ਸਿਰਫ਼ ਸਾਢੇ ਤਿੰਨ ਸੌ ਮੀਟਰ ਬਣਾਇਆ ਜਾਣਾ ਸੀ। ਉਨ੍ਹਾਂ ਕਿਹਾ ਕਿ ਇਸ ਵਾਰ ਆਏ ਹੜ੍ਹਾਂ ਨਾਲ ਇਲਾਕੇ ਵਿੱਚ ਵੱਡੇ ਪੱਧਰ ਉੱਤੇ ਨੁਕਸਾਨ ਹੋਇਆ, ਜਿਸ ਨੂੰ ਧਿਆਨ ਵਿੱਚ ਰੱਖਦਿਆਂ ਇਹ ਬਦਲਾਅ ਕੀਤਾ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਵਾਰ ਆਏ ਹੜ੍ਹਾਂ ਨਾਲੋਂ ਕਈ ਗੁਣਾ ਵੱਧ ਪਾਣੀ ਦੀ ਨਿਕਾਸੀ ਨਵੇਂ ਬਣਾਏ ਜਾਣ ਵਾਲੇ ਪਾਣੀ ਦੇ ਰਸਤਿਆਂ ਵਿੱਚੋਂ ਹੋ ਸਕੇਗੀ। ਕੁਝ ਕਿਸਾਨਾਂ ਵੱਲੋਂ ਸ਼ੁਤਰਾਣਾ ਖਰਕਾਂ ਅਤੇ ਬਾਦਸ਼ਾਹਪੁਰ ਸੜਕ ਉੱਤੇ ਐਕਸਪ੍ਰੈਸ ਵੇਅ ਦੇ ਬਣਾਏ ਜਾਣ ਵਾਲੇ ਪੁਲਾਂ ਦੇ ਨੀਵੇਂ ਹੋਣ ਸਬੰਧੀ ਮਾਮਲਾ ਧਿਆਨ ਵਿੱਚ ਲਿਆਉਣ ਤੇ ਉਨ੍ਹਾਂ ਕਿਹਾ ਕਿ ਉਹ ਇਨ੍ਹਾਂ ਪੁਲਾਂ ਸਬੰਧੀ ਵੀ ਰਿਪੋਰਟ ਤਿਆਰ ਕਰਨਗੇ।

ਇਸ ਦੌਰਾਨ ਕਿਸਾਨਾਂ ਵੱਲੋਂ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਕਿਸਾਨ ਆਗੂਆਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਮੋਰਚੇ ਦੀ ਤਰਫੋਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਹਰਭਜਨ ਸਿੰਘ ਬੁੱਟਰ ਨੇ ਪ੍ਰਸ਼ਾਸਨ ਨੂੰ ਕੀਤੇ ਗਏ ਵਾਅਦਿਆਂ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਦੀ ਅਪੀਲ ਕਰਨ ਦੇ ਨਾਲ ਨਾਲ ਕਿਸਾਨਾਂ ਨੂੰ ਆਉਣ ਵਾਲੇ ਸੰਘਰਸ਼ਾਂ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ।

## ਕਾਤਰਾਂ

### ਪ੍ਰੈਕਟੀਸ਼ਨਰਾਂ ਨੂੰ ਸਿਹਤ ਵਿਭਾਗ ਵੱਲੋਂ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ : ਪ੍ਰੇਮ ਸਿੰਘ

**ਬਰੇਟਾ (ਰੀਤਵਾਲ)**-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਇਕਾਈ ਬਰੇਟਾ ਦੀ ਮੀਟਿੰਗ ਪ੍ਰਧਾਨ ਪ੍ਰੇਮ ਸਿੰਘ ਕਿਸ਼ਨਗੜ੍ਹ ਦੀ ਅਗਵਾਈ ਵਿੱਚ ਹੋਈ । ਜਿਸ ਵਿੱਚ ਰੋਸ ਜਤਾਇਆ ਗਿਆ ਕਿ ਸਿਹਤ ਵਿਭਾਗ ਅਤੇ ਸਰਕਾਰ ਦੀ ਧੱਕਾਸ਼ਾਹੀ ਖਿਲਾਫ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ 11 ਦਸੰਬਰ ਨੂੰ ਮਾਨਸਾ ਵਿਖੇ ਵੱਡੀ ਰੈਲੀ ਕੀਤੀ ਜਾਵੇਗੀ। ਆਗੂ ਨੇ ਕਿਹਾ ਕਿ ਪਿੰਡਾਂ ਵਿੱਚ ਸਾਫ ਸੁਥਰੀ ਪ੍ਰੈਕਟਿਸ ਕਰ ਰਹੇ ਪ੍ਰੈਕਟੀਸ਼ਨਰਾਂ ਨੂੰ ਸਿਹਤ ਵਿਭਾਗ ਵੱਲੋਂ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ । ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸਰਕਾਰ ਅਤੇ ਸਿਹਤ ਵਿਭਾਗ ਦੇ ਮਾੜੇ ਰਵੱਈਏ ਖਿਲਾਫ ਹੋਰ ਵੀ ਵੱਡਾ ਸੰਘਰਸ਼ ਉਲੀਕਿਆ ਜਾਵੇਗਾ। ਇਸ ਮੌਕੇ ਆਗੂ ਤਾਰਾ ਚੰਦ ਭਾਵਾ, ਗਿਆਨ ਚੰਦ ਅਜ਼ਾਦ, ਸਤੀਸ਼ ਕੁਮਾਰ ਬਰੇਟਾ, ਬਿੱਟੂ ਸ਼ਰਮਾ ਬਰੇਟਾ, ਗੁਰਪ੍ਰੀਤ ਸਿੰਘ ਕਿਸ਼ਨਗੜ੍ਹ, ਜੋਰਾ ਸਿੰਘ ਕੁਲਰੀਆਂ, ਗੁਲਾਬ ਸਿੰਘ ਕਾਹਨਗੜ੍ਹ, ਕੁਲਵੰਤ ਸਿੰਘ ਬਖਸ਼ੀਵਾਲਾ, ਗਿਆਨ ਚੰਦ ਰੰਘੜਿਆਲ ਅਤੇ ਹੋਰ ਮੈਂਬਰ ਹਾਜ਼ਰ ਸਨ ।

### ਬਲੌਜ਼ਮਜ਼ ਸਕੂਲ ਵੱਲੋਂ ਦਰਿਆ ਦੇ ਪਾਣੀ ਦੀ ਸਾਂਭ ਸੰਭਾਲ ਸੰਬੰਧੀ ਜਾਗਰੂਕ ਕੈਂਪ




**ਜਗਰਾਉਂ (ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਵੱਲੋਂ ਸਤਲੁਜ ਦਰਿਆ ਤੇ ਲੋਕਾਂ ਲਈ ਪਾਣੀ ਨੂੰ ਸਾਫ ਰੱਖਣ ਲਈ ਇੱਕ ਜਾਗਰੂਕ ਕੈਂਪ ਲਗਾਇਆ ਗਿਆ। ਜਿਸ ਵਿੱਚ ਲੁਧਿਆਣੇ ਦੇ ਨਾਮੀ ਸਕੂਲਾਂ ਨੇ ਵੀ ਹਿੱਸਾ ਲਿਆ। ਇਹ ਪ੍ਰੋਗਰਾਮ ਬੀ.ਸੀ.ਐਮ ਸਕੂਲ ਸ਼ਾਸਤਰੀ ਨਗਰ ਵੱਲੋਂ ਵਾਤਾਵਰਨ ਸਾਂਭ ਸੰਭਾਲ ਸਬੰਧੀ ਦੇ ਮੈਨੇਜਰ ਮਿਸਿਜ਼ ਵਿਪਰਾ ਵੱਲੋਂ ਕਰਵਾਇਆ ਗਿਆ। ਹਰ ਸਾਲ ਦੀ ਤਰ੍ਹਾਂ ਸਕੂਲ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ ਤੇ ਉੱਥੇ ਜਾ ਕੇ ਸਾਫ ਸਫਾਈ ਕੀਤੀ ਤਾਂ ਜੋ ਲੋਕਾਂ ਵਿੱਚ ਇੱਕ ਚੇਤਨਾ ਆ ਸਕੇ ਕਿ ਅਸੀਂ ਪਾਣੀ ਨੂੰ ਦੂਸ਼ਤ ਕਰਾਂਗੇ ਤਾਂ ਬਹੁਤ ਸਾਰੀਆਂ ਬਿਮਾਰੀਆਂ ਸਾਡੇ ਘਰ ਖੁਦ ਦਸਤਕ ਦੇਣਗੀਆਂ। ਇਸ ਮੌਕੇ ਸਕੂਲ ਦੇ ਪ੍ਰਿੰ. ਡਾ.ਅਮਰਜੀਤ ਕੌਰ ਨਾਜ ਨੇ ਵਿਦਿਆਰਥੀਆਂ ਨੂੰ ਵਧਾਈ ਦੇ ਪਾਤਰ ਦੱਸਦੇ ਹੋਏ ਕਿਹਾ ਕਿ ਸਮਾਜ ਵਿੱਚ ਇਕੱਲਾ ਪਾਣੀ ਨਹੀਂ ਹੋਰ ਵੀ ਬਹੁਤ ਸਾਰੀਆਂ ਕੁਰੀਤੀਆਂ ਫੈਲ ਰੱਖੀਆਂ ਹਨ। ਜਿਨਾਂ ਨੂੰ ਸਾਫ ਕਰਨਾ ਅੱਜ ਦੀ ਨੌਜਵਾਨ ਪੀੜ੍ਹੀ ਦਾ ਫਰਜ਼ ਹੈ। ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ ਨੇ ਵੀ ਇਸ ਕਦਮ ਦੀ ਸ਼ਲਾਘਾ ਕੀਤੀ।

### ਨੈਸ਼ਨਲ ਲੋਕ ਅਦਾਲਤ 9 ਨੂੰ

**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** ਸ੍ਰੀ ਗੁਰਮੀਤ ਸਿੰਘ, ਸੰਧਾਵਾਲੀਆ, ਜੱਜ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੇ ਕਾਰਜਕਾਰੀ ਚੇਅਰਮੈਨ, ਕਾਨੂੰਨੀ ਸੇਵਾਵਾਂ ਅਥਾਰਟੀ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਭਰ ਵਿਚ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਜਾਵੇਗਾ। ਇਹ ਜਾਣਕਾਰੀ ਸ੍ਰੀ ਰਾਜ ਕੁਮਾਰ ਜ਼ਿਲ੍ਹਾ ਅਤੇ ਸ਼ੈਸਨਜ਼ ਜੱਜ ਕਮ ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਪ੍ਰੈਸ ਕਾਨਫਰੰਸ ਦੌਰਾਨ ਦਿੱਤੀ। ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ 9 ਦਸੰਬਰ ਨੂੰ ਜ਼ਿਲ੍ਹੇ ਦੀਆਂ ਅਦਾਲਤਾਂ ਵਿੱਚ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 39-ਏ ਵਿੱਚ ਇਹ ਉਪਬੰਧ ਕੀਤਾ ਗਿਆ ਹੈ ਕਿ ਸਰਕਾਰ ਗਰੀਬ ਅਤੇ ਸਮਾਜ ਦੇ ਕਮਜ਼ੋਰ ਵਰਗ ਦੇ ਲੋਕਾਂ ਨੂੰ ਇਸ ਵਿਚਾਰ ਨਾਲ ਕਾਨੂੰਨੀ ਸਹਾਇਤ ਦੇਵੇਗੀ ਕਿ ਨਿਆਂ ਪ੍ਰਨਾਲੀ ਉਹਨਾਂ ਦੀ ਪਹੁੰਚ ਦੇ ਅੰਦਰ ਹੋਵੇ ਅਤੇ ਇਹ ਸੁਨਿਸਚਿਤ ਕਰੇਗੀ ਕਿ ਆਰਥਿਕ ਜਾਂ ਅਜਿਹੀ ਕਿਸੇ ਘਾਟ ਕਾਰਨ ਕੋਈ ਨਾਗਰਿਕ ਨਿਆਂ ਪ੍ਰਾਪਤ ਕਰਨ ਦੇ ਮੌਕੇ ਤੋਂ ਵਾਂਝਾ ਨਾ ਰਹੇ।

# ਸਾਂਝੀ ਐਕਸ਼ਨ ਕਮੇਟੀ ਵੱਲੋਂ ਐੱਸ ਡੀ ਐੱਮ ਦਫ਼ਤਰ ਅੱਗੇ ਰੋਸ ਧਰਨਾ



ਆਈ.ਡੀ.ਪੀ ਦੇ ਸੂਬਾ ਆਗੂ ਗੁਰਮੀਤ ਸਿੰਘ ਥੂਹੀ, ਜੈਡ ਪੀ ਐਸ ਸੀ ਦੇ ਗੁਰਵਿੰਦਰ ਸਿੰਘ ਬੌੜਾਂ ਨੇ ਕਿਹਾ ਕਿ ਪੁਲਸ ਦੇ ਇਸ ਰਵੱਈਏ ਕਾਰਨ ਲੋਕਾਂ ਵਿੱਚ ਬੇਭਰੋਸਗੀ ਦਾ ਮਾਹੌਲ ਹੈ ਤੇ ਸੂਬੇ ਵਿੱਚ ਅਪਰਾਧਿਕ ਗਤੀਵਿਧੀਆਂ ਵਿੱਚ ਵਾਧਾ ਹੋ ਰਿਹਾ ਹੈ। ਧਰਮਵੀਰ ਹਰੀਗੜ੍ਹ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਬਲਾਕ ਪ੍ਰਧਾਨ ਸਰਬਜੀਤ ਕੌਰ ਸਹੇਲੀਆਂ, ਕ੍ਰਿਸ਼ਨ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ 12 ਦਸੰਬਰ ਤੱਕ ਇਸ ਮਾਮਲੇ ਵਿੱਚ ਕੋਈ ਕਾਰਵਾਈ ਨਾ ਹੋਈ ਤਾਂ ਐਕਸ਼ਨ ਕਮੇਟੀ ਮੀਟਿੰਗ ਕਰਕੇ ਅੱਗੇ ਦਾ ਸੰਘਰਸ਼ ਉਲੀਕੇਗੀ।

ਜ਼ਿਕਰਯੋਗ ਹੈ ਕਿ ਲੋਕਾਂ ਵੱਲੋਂ ਦੋਸ਼ ਲਾਏ ਗਏ ਹਨ ਕਿ ਅੱਠ ਤਰੀਕ ਨੂੰ ਰੋਹਟੀ ਪੁਲ ਦੇ ਨਜ਼ਦੀਕ ਲੁਬਾਣਾ ਪਿੰਡ ਵਾਸੀ ਸੁਖਵੀਰ ਸਿੰਘ ਨੂੰ ਕੁਝ ਪੁਲਸ ਵਾਸੀਆਂ ਨੇ ਸੜਕ ਉੱਪਰ ਲਿਟਾ ਕੇ ਡਾਂਗਾਂ ਨਾਲ ਕੁੱਟਿਆ, ਜਿਸ ਪਿੱਛੋਂ ਉਹ ਕਈ ਦਿਨ ਹਸਪਤਾਲ ਦਾਖਲ ਰਿਹਾ, ਹਾਲਾਂਕਿ ਪੁਲਸ ਦਾ ਕਹਿਣਾ ਸੀ ਕਿ ਉਹ ਸਕੂਟਰ ਤੋਂ ਡਿੱਗ ਕੇ ਜ਼ਖ਼ਮੀ ਹੋਇਆ ਸੀ।

ਇਸ ਮੌਕੇ ਰਾਜ ਕੁਮਾਰ ਕਨਸੂਹਾ, ਕੁਲਵਿੰਦਰ ਕੌਰ ਰਾਮਗੜ੍ਹ, ਰਮਨਜੋਤ ਬਾਬਰਪੁਰ, ਰਾਮਧਨ ਰਾਮਗੜ੍ਹ, ਕੁਲਵੰਤ ਸਿੰਘ ਥੂਹੀ, ਗੁਰਦਰਸ਼ਨ ਖੱਟੜਾ, ਕੇਸਰ ਸਿੰਘ ਲੁਬਾਣਾ, ਅਵਤਾਰ ਸਿੰਘ ਅਗੇਤੀ ਆਦਿ ਨੇ ਸੰਬੋਧਨ ਕੀਤਾ।

**ਨਾਭਾ (ਵਰਿੰਦਰ ਵਰਮਾ)** ਐੱਸ ਡੀ ਐਮ ਦਫਤਰ ਦੇ ਬਾਹਰ ਪੁਲਸ ਵਿਭਾਗ ਖਿਲਾਫ਼ ਰੋਸ ਮੁਜਾਹਰਾ ਕਰਦੇ ਹੋਏ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਨਾਭਾ ਸਦਰ ਪੁਲਸ ਉੱਪਰ ਲੁਬਾਣਾ ਦੇ ਨੌਜਵਾਨ ਦੀ ਕਥਿਤ ਨਜਾਇਜ਼ ਕੁੱਟਮਾਰ ਅਤੇ ਉਸ ਮਾਮਲੇ ਨੂੰ ਪਟਿਆਲਾ ਐੱਸ ਐੱਸ ਪੀ ਵੱਲੋਂ ਕਥਿਤ ਗੈਰ ਸੰਜੀਦਗੀ ਨਾਲ ਲਏ ਜਾਣ ਦੇ ਦੋਸ਼ ਲਾਉਂਦੇ ਹੋਏ ਲੁਬਾਣਾ ਪਿੰਡ ਨਿਵਾਸੀਆਂ ਨੇ ਜਥੇਬੰਦੀਆਂ ਦੀ ਸਾਂਝੀ ਐਕਸ਼ਨ ਕਮੇਟੀ ਸਮੇਤ ਸੰਕੇਤਕ ਧਰਨਾ ਦਿੱਤਾ ਤੇ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ ਭੇਜਿਆ। ਇਸ ਮੌਕੇ ਨਾਭਾ ਤਹਿਸੀਲਦਾਰ ਨੇ ਮੰਗ ਪੱਤਰ ਪ੍ਰਾਪਤ ਕੀਤਾ। ਉਨ੍ਹਾਂ ਮੰਗ ਕੀਤੀ ਕਿ ਕੁੱਟਮਾਰ ਤੋਂ ਇੱਕ ਮਹੀਨਾ ਬੀਤ ਜਾਣ ਅਤੇ ਅਧਿਕਾਰੀਆਂ ਨੂੰ ਸੂਚਿਤ ਕਰਨ ਦੇ ਬਾਵਜੂਦ ਅਜੇ ਤੱਕ ਨਾ ਤਾਂ ਦੋਸ਼ੀਆਂ ਖਿਲਾਫ ਐੱਫ ਆਈ ਆਰ ਦਰਜ ਹੋਈ ਅਤੇ ਨਾ ਹੀ ਦੋਸ਼ਾਂ ਨੂੰ ਨਕਾਰਦੀ ਕੋਈ ਰਿਪੋਰਟ ਕਿਸੇ ਇਨਕੁਆਇਰੀ ਅਫ਼ਸਰ ਨੇ ਪੇਸ਼ ਕੀਤੀ।

## ਲੱਕੀ ਇਨਕਲੇਵ ਦੇ ਵਸਨੀਕਾਂ ਨੂੰ ਪੀਣ ਵਾਲੇ ਪਾਣੀ ਦੀ ਕਿੱਲਤ ਤੋਂ ਮਿਲੇਗਾ ਛੁਟਕਾਰਾ

**ਲੁਧਿਆਣਾ (ਰਾਜ ਸਿੰਗਲਾ)** ਵਿਧਾਨ ਸਭਾ ਹਲਕਾ ਲੁਧਿਆਣਾ ਪੂਰਬੀ ਤੋਂ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਵੱਲੋਂ ਹਲਕੇ ਅੰਦਰ ਵਿਕਾਸ ਕਾਰਜਾਂ ਦੇ ਉਦਘਾਟਨ ਅਤੇ ਵਿਕਾਸ ਕਾਰਜਾਂ ਨੂੰ ਫੌਰੀ ਤੌਰ 'ਤੇ ਸ਼ੁਰੂ ਕਰਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸੇ ਲੜੀ ਤਹਿਤ ਵਾਰਡ ਨੰਬਰ 6 ਅਧੀਨ ਲੱਕੀ ਇਨਕਲੇਵ ਵਿਖੇ ਕਰੀਬ 12.5 ਲੱਖ ਰੁਪਏ ਦੀ ਲਾਗਤ ਨਾਲ ਲੱਗਣ ਵਾਲੇ ਨਵੇਂ ਟਿਊਬਵੈਲ ਦੇ ਕੰਮਾਂ ਦਾ ਉਦਘਾਟਨ ਕੀਤਾ ਗਿਆ।

ਵਿਧਾਇਕ ਗਰੇਵਾਲ ਨੇ ਦੱਸਿਆ ਕਿ ਸੂਬੇ ਦੀਆਂ ਪਿਛਲੀਆਂ ਸਰਕਾਰਾਂ ਦੀਆਂ ਨਾਕਾਮੀਆਂ ਦਾ ਨਤੀਜਾ ਹੈ ਕਿ ਇਲਾਕੇ ਦੇ ਲੋਕਾਂ ਨੂੰ ਪੀਣ ਵਾਲੇ ਪਾਣੀ ਤੱਕ ਦੀ ਸਹੂਲਤ ਵੀ ਸਹੀ ਤਰੀਕੇ ਨਾਲ ਮੁਹੱਈਆ ਨਹੀਂ ਕਰਾਈ ਗਈ। ਉਨ੍ਹਾਂ ਕਿਹਾ ਕਿ ਇਲਾਕਾ ਨਿਵਾਸੀਆਂ ਦੀ ਚਿਰੋਕਣੀ ਮੰਗ ਸੀ ਕਿ ਉਨਾਂ ਦੇ ਇਲਾਕੇ ਅੰਦਰ ਇੱਕ ਟਿਊਬਵੈਲ ਜ਼ਰੂਰ ਲਾਇਆ ਜਾਵੇ, ਸੋ ਉਨ੍ਹਾਂ ਦੀ ਮੰਗ ਨੂੰ ਦੇਖਦੇ ਹੋਏ ਇੱਕ ਨਵੇਂ ਟਿਊਬਵੈਲ ਦਾ ਉਦਘਾਟਨ ਕਰ ਉਸਦੇ ਕੰਮ ਦੀ ਸ਼ੁਰੂਆਤ ਕਰਾ ਦਿੱਤੀ ਗਈ ਹੈ, ਇਸ ਦੇ ਕਰੀਬ 12.5 ਲੱਖ ਰੁਪਏ ਦੀ ਲਾਗਤ ਆਵੇਗੀ।ਵਿਧਾਇਕ ਗਰੇਵਾਲ ਨੇ ਕਿਹਾ ਕਿ ਇਸ ਟਿਊਬਵੈਲ ਦੇ ਸ਼ੁਰੂ ਹੋਣ ਨਾਲ ਇਲਾਕਾ ਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਕਿੱਲਤ ਤੋਂ ਛੁਟਕਾਰਾ ਮਿਲੇਗਾ। ਵਿਧਾਇਕ ਗਰੇਵਾਲ ਨੇ ਕਿਹਾ ਕਿ ਹਲਕਾ ਪੂਰਬੀ ਅੰਦਰ ਰਿਕਾਰਡਤੋੜ ਵਿਕਾਸ ਕਾਰਜ ਕਰਾਏ ਜਾ ਰਹੇ ਹਨ ਅਤੇ ਇਹ ਸਿਲਸਿਲਾ ਲਗਾਤਾਰ ਜਾਰੀ ਰਹੇਗਾ। ਇਸ ਮੌਕੇ ਇਲਾਕਾ ਵਾਸੀਆਂ ਵੱਲੋਂ ਵਿਧਾਇਕ ਗਰੇਵਾਲ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਗੁਰਮੀਤ ਸਿੰਘ ਮੀਤਾ, 'ਆਪ' ਦੇ ਯੂਥ ਆਗੂ ਭੂਸ਼ਣ ਸ਼ਰਮਾ, ਇੰਦਰਦੀਪ ਸਿੰਘ, ਵਿਸ਼ਾਲ ਅਵਸਥੀ, ਧਰਮਿੰਦਰ ਸਿੰਘ ਫੌਜੀ ਅਤੇ ਵਿਧਾਇਕ ਪੀ.ਏ. ਗੁਰਸ਼ਰਨਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਵੀ ਹਾਜ਼ਰ ਸਨ।

# ਜੌੜਾਮਾਜਰਾ ਨੇ ਨਵੇਂ ਬੱਸ ਅੱਡੇ ਦਾ ਨੀਂਹ ਪੱਥਰ ਰੱਖਿਆ



**ਸਮਾਣਾ, (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)** ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਨਵੇਂ ਤੇ ਅਤਿ-ਆਧੁਨਿਕ ਬੱਸ ਅੱਡੇ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਬੱਸ ਅੱਡੇ ਲਈ ਕਰੀਬ ਸਵਾ 6 ਕਰੋੜ ਰੁਪਏ ਭੇਜ ਕੇ ਸ਼ਹਿਰ ਵਾਸੀਆਂ ਤੇ ਆਸ-ਪਾਸ ਦੇ ਇਲਾਕਿਆਂ ਦੀਆਂ ਸਵਾਰੀਆਂ ਦੀ ਚਿਰੋਕਣੀ ਮੰਗ ਪੂਰੀ ਕੀਤੀ ਹੈ।

ਜੌੜਾਮਾਜਰਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਵੀ ਬਹੁਤ ਵਾਰ ਇਸ ਬੱਸ ਅੱਡੇ ਦੇ ਨਵੀਨੀਕਰਨ ਦਾ ਲਾਰਾ ਲਾਇਆ ਸੀ, ਪ੍ਰੰਤੂ ਕਿਸੇ ਨੇ ਕੋਈ ਫੰਡ ਨਹੀਂ ਭੇਜਿਆ, ਪ੍ਰੰਤੂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਮੌਜੂਦਾ 'ਆਪ' ਸਰਕਾਰ ਨੇ ਗ੍ਰਾਂਟ ਜਾਰੀ ਕਰ ਦਿੱਤੀ ਹੈ ਅਤੇ ਅਗਲੇ 6 ਮਹੀਨਿਆਂ ਵਿੱਚ ਇਹ ਬੱਸ ਅੱਡਾ ਬਣ ਕੇ ਤਿਆਰ ਹੋ ਜਾਵੇਗਾ।

ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਸਮਾਣਾ ਦੇ ਪੁਰਾਣੇ ਬੱਸ ਅੱਡੇ ਦੀ ਕਰੀਬ ਪੌਣੇ 2 ਏਕੜ ਜ਼ਮੀਨ 'ਚ ਨਵਾਂ ਤੇ ਅਤਿ-ਆਧੁਨਿਕ ਬੱਸ ਅੱਡਾ ਬਣਾਇਆ ਜਾ ਰਿਹਾ ਹੈ ਤੇ ਇੱਥੇ ਘੱਟੋ-ਘੱਟ ਜਗ੍ਹਾ ਦੀ ਵੱਧ ਤੋਂ ਵੱਧ ਵਰਤੋਂ ਕਰਕੇ ਇਸਦੇ ਪੁਰਾਣੇ ਢਾਂਚੇ ਤੋਂ ਵੀ ਕੰਮ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਥੇ ਪਾਣੀ ਦੀ ਨਿਕਾਸੀ, ਨਵੀਆਂ ਦੁਕਾਨਾਂ, ਬੱਸਾਂ ਸਮੇਤ ਸਵਾਰੀਆਂ ਦੇ ਸਕੂਟਰਾਂ ਤੇ ਕਾਰਾਂ ਆਦਿ ਦੀ ਪਾਰਕਿੰਗ ਤੋਂ ਇਲਾਵਾ ਛੱਤ 'ਤੇ ਸੋਲਰ ਸਿਸਟਮ ਤੇ ਰੇਨ ਵਾਟਰ ਹਾਰਵੈਸਟਿੰਗ ਪ੍ਰਣਾਲੀ ਵੀ ਲਾਈ ਜਾਵੇਗੀ।

ਸੂਚਨਾ ਤੇ ਲੋਕ ਸੰਪਰਕ ਮੰਤਰੀ ਜੌੜਾਮਾਜਰਾ, ਜਿਨ੍ਹਾਂ ਕੋਲ, ਜਲ ਸਰੋਤ, ਖਣਨ ਤੇ ਭੂ-ਵਿਗਿਆਨ, ਜਲ ਤੇ ਭੂਮੀ ਰੱਖਿਆ, ਬਾਗਬਾਨੀ, ਸੁਤੰਤਰਤਾ ਸੰਗਰਾਮੀ ਅਤੇ ਰੱਖਿਆ ਸੇਵਾਵਾਂ ਭਲਾਈ ਬਾਰੇ ਵਿਭਾਗ ਵੀ ਹਨ, ਨੇ ਕਿਹਾ ਕਿ ਸਮਾਣਾ ਦਾ ਬੱਸ ਅੱਡਾ ਸ਼ਹਿਰ ਤੋਂ ਬਾਹਰ ਲਿਜਾਣ ਲਈ ਜ਼ਮੀਨ ਵੀ ਦੇਖੀ ਗਈ ਸੀ, ਪ੍ਰੰਤੂ ਸਵਾਰੀਆਂ ਦੀ ਸਹੂਲਤ ਅਤੇ ਸ਼ਹਿਰ ਦੇ ਬਾਜ਼ਾਰਾਂ ਦੇ ਦੁਕਾਨਦਾਰਾਂ ਦੇ ਵਪਾਰ ਨੂੰ ਦੇਖਦਿਆਂ ਹੋਇਆਂ ਇੱਥੇ ਪੁਰਾਣੇ ਬੱਸ ਅੱਡੇ ਵਿਖੇ ਹੀ ਨਵਾਂ ਬੱਸ ਅੱਡਾ ਬਣਾਉਣ ਦਾ ਫੈਸਲਾ ਕੀਤਾ ਗਿਆ।

ਇਸ ਮੌਕੇ ਹਰਜਿੰਦਰ ਸਿੰਘ ਮਿੰਟੂ ਜੌੜਾਮਾਜਰਾ, ਓ.ਐਸ.ਡੀ. ਗੁਲਜ਼ਾਰ ਸਿੰਘ ਵਿਰਕ, ਗੁਰਦੇਵ ਸਿੰਘ ਟਿਵਾਣਾ ਤੇ ਬਲਕਾਰ ਸਿੰਘ ਗੱਜੂਮਾਜਰਾ, ਐਸ.ਡੀ.ਐਮ. ਚਰਨਜੀਤ ਸਿੰਘ, ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ ਬਰਜਿੰਦਰ ਸਿੰਘ, ਮਦਨ ਮਿੱਤਲ, ਸੁਨੈਨਾ ਮਿੱਤਲ, ਯੂਥ ਪ੍ਰਧਾਨ ਪਾਰਸ ਸ਼ਰਮਾ, ਗੋਪਾਲ ਗਰਗ, ਵੀ.ਕੇ ਗੁਪਤਾ, ਦਰਸ਼ਨ ਮਿੱਤਲ, ਸੰਦੀਪ ਲੂੰਬਾ, ਸੰਜੂ ਕਕਰਾਲਾ ਸਮੇਤ ਕੌਂਸਲਰ ਤੇ ਸ਼ਹਿਰ ਦੇ ਹੋਰ ਪਤਵੰਤੇ ਵੀ ਮੌਜੂਦ ਸਨ।

## ਕਵਿੱਤਰੀ ਸੁਖਵਿੰਦਰ ਅੰਮ੍ਰਿਤ ਨੇ ਕੀਤਾ ਪੁਰਅਦਬ ਕੌਰ ਦਾ ਸਨਮਾਨ

**ਮਲੋਟ, (ਗੁਰਮੀਤ ਸਿੰਘ ਮੱਕੜ)**:-ਸ਼ਹਿਰ ਦੇ ਸਾਹਿਤਕ ਪਰਵਾਰ ਦੀ ਤੀਜੀ ਪੀੜ੍ਹੀ ਪੁਰਅਦਬ ਕੌਰ ਜਿਸ ਨੇ 8 ਸਾਲ ਦੀ ਉਮਰ ਵਿਚ ਸਫ਼ਰਨਾਮਾ ਲਿਖ ਕੇ ਪਹਿਲਾਂ ਇੰਡੀਆ ਅਤੇ ਫਿਰ ਏਸ਼ੀਆ ਦੀ ਸਭ ਤੋਂ ਘੱਟ ਉਮਰ ਦੀ ਸਫ਼ਰਨਾਮਾ ਲੇਖਕ ਹੋਣ ਦਾ ਖਿਤਾਬ ਹਾਸਲ ਕੀਤਾ ਅਤੇ ਜੋ ਪਿਛਲੇ ਦਿਨੀਂ ਮਲੋਟ ਸ਼ਹਿਰ ਦਾ ਨਾਂਅ ਰੁਸ਼ਨਾਉਣ ਵਿਚ ਉਦੋਂ ਸਫ਼ਲ ਹੋਈ ਸੀ, ਜਦੋਂ ਉਸ ਨੂੰ 'ਤਾਰੇ ਭਲਕ ਦੇ ਪ੍ਰਤਿਭਾ ਮੰਚ ਪਟਿਆਲਾ' ਵਲੋਂ ਉਸ ਦੇ ਲਿਖੇ ਸਫ਼ਰਨਾਮਾ 'ਵਾਕਿੰਗ ਆੱਨ ਕਲਾਊਡਸ' ਲਈ 'ਸਰਵੋਤਮ ਪੁਸਤਕ ਪੁਰਸਕਾਰ' ਲਈ ਚੁਣਿਆ ਗਿਆ। ਪਿਛਲੇ ਦਿਨੀਂ ਟੀਮ ਕਹਿਕਸ਼ਾਂ ਵਲੋਂ ਕਰਵਾਏ ਗਏ ਪੰਜਵੇਂ ਸ਼ਬਦ ਮੰਗਲ ਮੁਸ਼ਾਇਰੇ ਵਿਚ ਪੁਰਅਦਬ ਕੌਰ ਨੂੰ ਉਘੀ ਪੰਜਾਬੀ ਕਵਿੱਤਰੀ ਸੁਖਵਿੰਦਰ ਅੰਮ੍ਰਿਤ, ਉਰਦੂ ਪੰਜਾਬੀ ਸ਼ਾਇਰਾ ਰੇਣੂ ਨਈਅਰ, ਪੰਜਾਬੀ ਕਵਿਤਾ ਦੇ ਨਵੇਂ ਹਸਤਾਖ਼ਰ ਰੂਹੀ ਸਿੰਘ ਨੇ 'ਤਾਰੇ ਭਲਕ ਦੇ ਪ੍ਰਤਿਭਾ ਮੰਚ ਪਟਿਆਲਾ' ਵਲੋਂ ਸਨਮਾਨ ਚਿੰਨ੍ਹ, ਇਨਾਮ ਰਾਸ਼ੀ ਅਤੇ ਪੁਸਤਕਾਂ ਦਾ ਸੈੱਟ ਭੇਟ ਕਰਦਿਆਂ ਉਸ ਨੂੰ ਉਸ ਦੀ ਨਿੱਕੀ ਪੁਲਾਂਘ ਲਈ ਮੁਬਾਰਕਬਾਦ ਦਿੱਤੀ। ਇਸ ਸਨਮਾਨ ਮੌਕੇ ਪੁਰਅਦਬ ਦੇ ਮਾਤਾ ਪ੍ਰੋ. ਗੁਰਮਿੰਦਰ ਜੀਤ ਕੌਰ, ਦਾਦੀ ਕੁਲਵੰਤ ਕੌਰ, ਭੂਆ ਹਰਨੀਤ ਕੌਰ ਸਮੇਤ ਦਰਸ਼ਨ ਬੁੱਟਰ, ਅਜੀਤਪਾਲ ਜਟਾਣਾ, ਸੁਆਮੀ ਅੰਤਰ ਨੀਰਵ, ਮੁਕੇਸ਼ ਆਲਮ, ਕਰਨਜੀਤ ਨਕੋਦਰ, ਵਰਿੰਦਰ ਔਲਖ ਉਚੇਚੇ ਰੂਪ ਵਿਚ ਹਾਜ਼ਰ ਰਹੇ। ਪੁਰਅਦਬ ਕੌਰ ਸ਼ਾਇਰ ਮੰਗਲ ਮਦਾਨ ਦੀ ਪੋਤੀ ਅਤੇ ਰਿਸ਼ੀ ਹਿਰਦੇਪਾਲ ਦੀ ਧੀ ਹੈ। ਇਸ ਮੌਕੇ ਪ੍ਰੋ. ਯਸ਼ਪਾਲ ਮੱਕੜ, ਪਰਮਿੰਦਰ ਸਿੰਘ ਪੰਮਾ ਬਰਾੜ, ਕੁਲਵਿੰਦਰ ਪੂਨੀਆ, ਡਾ. ਆਰ.ਪੀ ਸਿੰਘ, ਰਜਿੰਦਰ ਮਾਜੀ, ਫ਼ਤਿਹ ਸਿੰਘ ਬਰਾੜ, ਸੁਦਰਸ਼ਨ ਜੱਗਾ, ਕਹਿਕਸ਼ਾਂ ਟੀਮ ਦੇ ਮੈਂਬਰ ਤਰਸੇਮ ਰਾਹੀ, ਪਰਮਜੀਤ ਢਿੱਲੋਂ, ਮਨਜੀਤ ਸੂਖਮ, ਸੁਖਦੇਵ, ਸੰਜੈ ਕੁਮਾਰ, ਪਵਨਦੀਪ ਚੌਹਾਨ, ਪਰਦੀਪ ਆਦਿ ਨੇ ਪੁਰਅਦਬ ਕੌਰ ਨੂੰ ਇਸ ਸਨਮਾਨ ਲਈ ਮੁਬਾਰਕਬਾਦ ਦਿੱਤੀ।

# ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਵੱਲੋਂ ਰੋਸ ਮਾਰਚ ਕਰਕੇ ਵਿਧਾਇਕ ਨੂੰ ਦਿੱਤਾ ਮੰਗ ਪੱਤਰ

## ਮੰਗਾਂ ਨਾ ਮੰਨੇ ਜਾਣ 'ਤੇ 9 ਨੂੰ ਨੈਸ਼ਨਲ ਹਾਈਵੇ ਜਾਮ ਕਰਨ ਦਾ ਸੱਦਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ ਪੂਜਾ)** ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ ਠੇਕਾ ਮੁਲਾਜ਼ਮਾਂ ਵੱਲੋਂ ਮੇਨ ਵਾਟਰ ਵਰਕਸ ਤੋਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦੇ ਘਰ ਤੱਕ ਰੋਸ ਮਾਰਚ ਕੀਤਾ ਗਿਆ ਅਤੇ ਮੰਗ ਪੱਤਰ ਦਿੱਤਾ ਗਿਆ। ਜ਼ਿਲ੍ਹਾ ਆਗੂ ਬਲਜੀਤ ਸਿੰਘ ਭੱਟੀ, ਕੇਸਰ ਸਿੰਘ, ਚੌਧਰ ਸਿੰਘ, ਸੁਰਜੀਤ ਸਿੰਘ ਤੱਖੀ, ਜਸਬੀਰ ਸਿੰਘ ਕਾਲਾ, ਬਿਕਰਮ ਜੀਤ ਸਿੰਘ ਕਪੂਰ, ਮਨਜਿੰਦਰ ਸਿੰਘ ਨੇ ਦੱਸਿਆ ਕਿ ਅਸੀਂ ਪੰਜਾਬ ਦੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿਚ ਬਤੌਰ ਆਊਟਸੋਰਸਡ ਤੇ ਇਨਲਿਸਟਮੈਂਟ ਦੇ ਨਿਗੂਣੀਆਂ ਤਨਖਾਹਾਂ ਤੇ ਪਿਛਲੇ ਲੰਬੇ ਅਰਸੇ ਤੋਂ ਸੇਵਾ ਕਰਦੇ ਆ ਰਹੇ ਹਾਂ।

ਇਸ ਅਰਸੇ ਤੋਂ ਹੀ ਅਸੀਂ ਸਰਕਾਰ ਪਾਸੋਂ ਪੱਕੇ ਕੰਮ ਖੇਤਰ ਵਿੱਚ ਪੱਕੇ ਰੁਜ਼ਗਾਰ ਅਤੇ ਗੁਜ਼ਾਰੇਯੋਗ ਤਨਖਾਹ ਦੀ ਮੰਗ ਕਰਦੇ ਆ ਰਹੇ ਹਾਂ, ਪਰ ਸਮੇਂ ਦੀ ਕਿਸੇ ਵੀ ਸਰਕਾਰ ਨੇ ਸਾਡੀਆਂ ਇਨ੍ਹਾਂ ਮੰਗਾਂ ਨੂੰ ਪ੍ਰਵਾਨ ਕਰਨ ਦੀ ਥਾਂ ਹਮੇਸ਼ਾ ਕੰਪਨੀਆਂ, ਧਨਾਡ ਠੇਕੇਦਾਰਾਂ ਅਤੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਮੁਨਾਫੇ ਦੇ ਹਿੱਤਾਂ ਨੂੰ ਹੀ ਤਰਜੀਹ ਦਿੱਤੀ ਹੈ। ਇਸ ਤੋਂ ਵੀ ਅਗਾਂਹ ਪੰਜਾਬ ਦੇ ਇਨਸਾਫ਼ ਪਸੰਦ ਲੋਕਾਂ ਨੂੰ ਮੁਲਾਜ਼ਮਾਂ ਵਿਰੁੱਧ ਭੜਕਾ ਕੇ ਫਿਰਕੂ ਸਾਜ਼ਿਸ਼ ਰਾਹੀਂ ਸੰਘਰਸ਼ ਨੂੰ ਕੁਚਲਨ ਦੀਆਂ ਸਾਜ਼ਿਸ਼ਾਂ ਰਚੀਆਂ ਹਨ।

ਅਜਿਹੀ ਹੀ ਇੱਕ ਬਿਆਨਬਾਜ਼ੀ ਮੌਜੂਦਾ ਮੁੱਖ ਮੰਤਰੀ ਵੱਲੋਂ ਪਿਛਲੇ ਦਿਨਾਂ 'ਚ ਕੀਤੀ ਗਈ ਸੀ ਕਿ ਸੰਘਰਸ਼ ਕਰਨ ਵਾਲੀਆਂ ਜਥੇਬੰਦੀਆਂ ਸੜਕਾਂ ਤੇ ਰੇਲਾਂ ਜਾਮ ਕਰਕੇ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਦੀਆਂ ਹਨ, ਜਦ ਕਿ ਮੰਗਾਂ ਦਾ ਹੱਲ ਸੜਕਾਂ 'ਤੇ ਨਹੀਂ, ਚੰਡੀਗੜ੍ਹ ਪੰਜਾਬ ਭਵਨ ਸੈਕਟਰੀਏਟ ਮੰਤਰੀ ਦੇ ਦਫ਼ਤਰ ਮੇਰੇ ਘਰ ਗੱਲਬਾਤ ਰਾਹੀਂ ਕੀਤਾ ਜਾ ਸਕਦਾ ਹੈ।

ਇਸ ਸਬੰਧ ਵਿੱਚ ਅਸੀਂ ਠੇਕਾ ਮੋਰਚੇ ਵੱਲੋਂ ਮੁੱਖ ਮੰਤਰੀ ਦੇ ਵਿਹਾਰ ਸਬੰਧੀ ਆਪ ਜੀ ਨੂੰ ਜਾਣਕਾਰੀ ਦਿੱਤੀ ਸੀ ਕਿ ਪਿਛਲੇ ਡੇਢ ਸਾਲ ਦੇ ਅਰਸੇ ਵਿੱਚ ਮੋਰਚੇ ਨੂੰ ਮੁੱਖ ਮੰਤਰੀ ਸਾਹਿਬ ਦੇ ਦਫਤਰ ਵਲੋਂ ਅਠਾਰਾਂ ਮੀਟਿੰਗਾਂ ਲਿਖਤੀ ਦਿੱਤੀਆਂ ਗਈਆਂ ਸਨ ਅਤੇ ਸਾਡੇ ਚੰਡੀਗੜ੍ਹ ਪਹੁੰਚਣ 'ਤੇ ਜ਼ਰੂਰੀ ਰੁਝੇਵਿਆਂ ਦੇ ਬਹਾਨੇ ਰੱਦ ਕਰ ਦਿਤੀਆਂ ਗਈਆਂ ਸਨ। ਅਸੀਂ ਮੁੱਖ ਮੰਤਰੀ ਦੀ ਅਸਲੀਅਤ ਨੂੰ ਜ਼ਾਹਰ ਕਰਨ ਲਈ ਇਹ ਵੀ ਕਿਹਾ ਸੀ ਕਿ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਪੈਂਦੀ। ਅਸੀਂ 9-12-2023 ਨੂੰ ਮਜਬੂਰਨ ਨੈਸਨਲ ਹਾਈਵੇ ਜਾਮ ਕਰਨ ਦਾ ਸੱਦਾ ਦਿੱਤਾ ਹੋਇਆ ਹੈ। ਜੇ ਮੁੱਖ ਮੰਤਰੀ ਆਪਣੇ ਬਿਆਨ 'ਤੇ ਕਾਇਮ ਹਨ ਤਾਂ ਉਹ 7-12-2023 ਤੱਕ ਮੋਰਚੇ ਨਾਲ ਖੁਦ ਮੀਟਿੰਗ ਕਰਕੇ ਮੰਗਾਂ ਪ੍ਰਵਾਨ ਕਰਨ, ਅਸੀਂ ਨੈਸ਼ਨਲ ਹਾਈਵੇ ਜਾਮ ਨਹੀਂ ਕਰਾਂਗੇ, ਕਿਉਂਕਿ ਸੜਕਾਂ ਜਾਮ ਕਰਨਾ ਸਾਡਾ ਸ਼ੌਕ ਨਹੀਂ ਮਜਬੂਰੀ ਹੈ, ਜੋ ਸਰਕਾਰ ਵੱਲੋਂ ਪੈਦਾ ਕੀਤੀ ਜਾਂਦੀ ਹੈ।

## ਪਬਲੀਕੇਸ਼ਨ ਨੋਟਿਸ

ਬਾ ਅਦਾਲਤ-ਸ੍ਰੀ ਕੁਲਵਿੰਦਰ ਸਿੰਘ ਸਹਾਇਕ ਕੁਲੈਕਟਰ ਦਰਜਾ ਅੱਵਲ ਤਹਿਸੀਲਦਾਰ ਨਕੋਦਰ।
ਮਿਸਲ ਨੰਬਰ-24/ਟੀ/2023 ਪਿੰਡ : ਚਾਨੀਆਂ

1 ਸਤਵੀਰ ਸਿੰਘ ਪੁੱਤਰ ਸ੍ਰੀ ਸਤਨਾਮ ਸਿੰਘ ਪੁੱਤਰ ਮੋਹਣ ਸਿੰਘ 2 ਦਵਿੰਦਰ ਸਿੰਘ ਪੁੱਤਰ ਹਰਦਿਆਲ ਸਿੰਘ ਪੁੱਤਰ ਮੋਹਣ ਸਿੰਘ, 3 ਗੁਰਵੀਰ ਸਿੰਘ ਪੁੱਤਰ ਹਰਦਿਆਲ ਸਿੰਘ ਪੁੱਤਰ ਮੋਹਣ ਸਿੰਘ ਵਾਸੀ ਪਿੰਡ ਚਾਨੀਆਂ ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ। ਫਰੀਕੈਨ ਅੱਵਲ

ਬਨਾਮ-1 ਜਸਵੀਰ ਸਿੰਘ ਪੁੱਤਰ ਸਤਨਾਮ ਸਿੰਘ ਪੁੱਤਰ ਮੋਹਣ ਸਿੰਘ, 2 ਪ੍ਰਕਾਸ਼ ਕੌਰ ਵਿਧਵਾ ਸੋਹਣ ਸਿੰਘ ਪੁੱਤਰ ਪ੍ਰੰਨੂੰ, 3 ਸੁਰਿੰਦਰ ਸਿੰਘ ਪੁੱਤਰ ਸੋਹਣ ਸਿੰਘ ਪੁੱਤਰ ਪ੍ਰੰਨੂੰ, 4 ਭੁਪਿੰਦਰ ਸਿੰਘ ਪੁੱਤਰ ਸੋਹਣ ਸਿੰਘ ਪੁੱਤਰ, 5 ਜਿੰਦਰ ਕੌਰ ਪੁੱਤਰੀ ਸੋਹਣ ਸਿੰਘ ਪੁੱਤਰ ਪ੍ਰੰਨੂੰ, 6 ਕੁਲਵਿੰਦਰ ਕੌਰ ਪੁੱਤਰੀ ਸੋਹਣ ਸਿੰਘ ਪੁੱਤਰ ਪ੍ਰੰਨੂੰ, 7 ਮਹਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ ਪੁੱਤਰ ਪ੍ਰੰਨੂੰ (ਮੋਬਾਇਲ 98787-95459) 8 ਚੈਂਚਲ ਸਿੰਘ ਪੁੱਤਰ ਗੁਰਦਿਆਲ ਸਿੰਘ ਪੁੱਤਰ ਪ੍ਰੰਨੂੰ (ਮੋਬਾਇਲ 92176-91405) 9 ਬਚਿੱਤਰ ਸਿੰਘ ਪੁੱਤਰ ਗੁਰਦਿਆਲ ਸਿੰਘ ਪੁੱਤਰ ਪ੍ਰੰਨੂੰ, 10 ਹਰਜਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ ਪੁੱਤਰ ਪ੍ਰੰਨੂੰ (ਮੋਬਾਇਲ 90230-25011), 11 ਜਗਜੀਤ ਕੌਰ ਪੁੱਤਰੀ ਗੁਰਦਿਆਲ ਸਿੰਘ ਪੁੱਤਰ ਪ੍ਰੰਨੂੰ, 12 ਮਨਜੀਤ ਕੌਰ ਪੁੱਤਰੀ ਗੁਰਦਿਆਲ ਸਿੰਘ ਪੁੱਤਰ ਪ੍ਰੰਨੂੰ, 13 ਹਰੋ ਵਿਧਵਾ ਗੁਰਦਿਆਲ ਸਿੰਘ ਪੁੱਤਰ ਪ੍ਰੰਨੂੰ ਰਾਹੀਂ ਐੱਲ ਆਰ ਐੱਸ 7 ਮਹਿੰਦਰ ਸਿੰਘ, 8 ਚੈਂਚਲ ਸਿੰਘ, 9 ਬਚਿੱਤਰ ਸਿੰਘ, 10 ਹਰਜਿੰਦਰ ਸਿੰਘ ਬੇਟੇ ਵਾ 11 ਜਗਜੀਤ ਕੌਰ, 12 ਮਨਜੀਤ ਕੌਰ ਪੁੱਤਰੀਆਂ ਗੁਰਦਿਆਲ ਸਿੰਘ ਪੁੱਤਰ ਪ੍ਰੰਨੂੰ, 14 ਬਲਵਿੰਦਰ ਕੌਰ ਵਿਧਵਾ ਇੰਦਰਜੀਤ ਸਿੰਘ ਪੁੱਤਰ ਗੁਰਦਿਆਲ ਸਿੰਘ, 15 ਗੁਰਵਿੰਦਰ ਸਿੰਘ ਪੁੱਤਰ ਇੰਦਰਜੀਤ ਸਿੰਘ ਪੁੱਤਰ ਗੁਰਦਿਆਲ ਸਿੰਘ, 16 ਜਗਤਾਰ ਸਿੰਘ ਪੁੱਤਰ ਇੰਦਰਜੀਤ ਸਿੰਘ ਪੁੱਤਰ ਗੁਰਦਿਆਲ ਸਿੰਘ (ਮੋਬਾਇਲ 98144-33162), 17 ਮਹਿੰਦਰ ਸਿੰਘ ਪੁੱਤਰ ਨਰੰਜਣ ਸਿੰਘ ਪੁੱਤਰ ਮਿਲਖਾ, 18 ਜੋਗਿੰਦਰ ਸਿੰਘ ਪੁੱਤਰ ਨਰੰਜਣ ਸਿੰਘ ਪੁੱਤਰ ਮਿਲਖਾ, 19 ਸੁਰਜੀਤ ਸਿੰਘ ਪੁੱਤਰ ਨਰੰਜਣ ਸਿੰਘ ਪੁੱਤਰ ਮਿਲਖਾ, 20 ਸੁਖਦੇਵ ਸਿੰਘ ਪੁੱਤਰ ਨਰੰਜਣ ਸਿੰਘ ਪੁੱਤਰ ਮਿਲਖਾ, 21 ਲਾਭ ਕੌਰ ਵਿਧਵਾ ਮਨੋਹਰ ਸਿੰਘ ਪੁੱਤਰ ਨਰੰਜਣ ਸਿੰਘ, 22 ਹਰਵਿੰਦਰ ਸਿੰਘ ਪੁੱਤਰ ਮਨੋਹਰ ਸਿੰਘ ਪੁੱਤਰ ਨਰੰਜਣ ਸਿੰਘ, 23 ਬਲਵੀਰ ਸਿੰਘ ਪੁੱਤਰ ਹਰਬੰਸ ਸਿੰਘ ਪੁੱਤਰ ਨਰੰਜਣ ਸਿੰਘ, 24 ਹਾਕਮ ਸਿੰਘ ਪੁੱਤਰ ਹਰਬੰਸ ਸਿੰਘ ਪੁੱਤਰ ਨਰੰਜਣ ਸਿੰਘ, 25 ਹਰਦਿਆਲ ਸਿੰਘ ਪੁੱਤਰ ਮੋਹਣ ਸਿੰਘ ਪੁੱਤਰ ਪ੍ਰੰਨੂੰ, 26 ਈਸ਼ਰ ਸਿੰਘ ਪੁੱਤਰ ਕਰਮ ਸਿੰਘ ਪੁੱਤਰ ਮਿਲਖਾ ਸਿੰਘ, 27 ਹਰਕੰਵਲਜੋਤ ਸਿੰਘ ਪੁੱਤਰ ਪਿਆਰਾ ਸਿੰਘ ਪੁੱਤਰ ਕਰਮ ਸਿੰਘ, 28 ਪਰੀਤਗਗਨ ਸਿੰਘ ਪੁੱਤਰ ਪਿਆਰਾ ਸਿੰਘ ਪੁੱਤਰ ਕਰਮ ਸਿੰਘ, 29 ਕੇਵਲ ਸਿੰਘ ਪੁੱਤਰ ਮਹਿਗਾ ਸਿੰਘ ਪੁੱਤਰ ਨੱਥਾ ਸਿੰਘ, 30 ਜਰਨੈਲ ਸਿੰਘ ਪੁੱਤਰ ਕਰਮ ਸਿੰਘ ਪੁੱਤਰ ਮਿਲਖਾ ਸਿੰਘ, 31 ਭਜਨ ਕੌਰ ਮਾਤਾ ਕੁਲਵਿੰਦਰ ਸਿੰਘ ਪੁੱਤਰ ਸੁਰਿੰਦਰ ਸਿੰਘ, 32 ਕਮਲਜੀਤ ਕੌਰ ਵਿਧਵਾ ਕੁਲਵਿੰਦਰ ਸਿੰਘ ਪੁੱਤਰ ਸੁਰਿੰਦਰ ਸਿੰਘ, 33 ਮਨਪ੍ਰੀਤ ਕੌਰ ਕੁਲਵਿੰਦਰ ਸਿੰਘ ਪੁੱਤਰ ਸੁਰਿੰਦਰ ਸਿੰਘ, 34 ਹਰਪ੍ਰੀਤ ਕੌਰ ਪੁੱਤਰੀ ਕੁਲਵਿੰਦਰ ਸਿੰਘ ਪੁੱਤਰ ਸੁਰਿੰਦਰ ਸਿੰਘ, 35 ਚਤਰ ਸਿੰਘ ਪੁੱਤਰ ਕਰਮ ਸਿੰਘ ਪੁੱਤਰ ਮਿਲਖਾ ਸਿੰਘ, 36 ਪਰਮਿੰਦਰ ਸਿੰਘ ਚਾਨੀ ਪੁੱਤਰ ਸੰਪੂਰਨ ਸਿੰਘ ਪੁੱਤਰ ਰਾਮ ਕਿਸ਼ਨ, 37 ਤਰਵਿੰਦਰ ਸਿੰਘ ਚਾਨੀ ਪੁੱਤਰ ਸੰਪੂਰਨ ਸਿੰਘ, ਪੁੱਤਰ ਰਾਮ ਕਿਸ਼ਨ, 38 ਰਵਿੰਦਰ ਸਿੰਘ ਪੁੱਤਰ ਸੰਪੂਰਨ ਸਿੰਘ ਪੁੱਤਰ ਰਾਮ ਕਿਸ਼ਨ, 39 ਮਿਲਖਾ ਸਿੰਘ ਪੁੱਤਰ ਨਿਹਾਲ ਸਿੰਘ ਪੁੱਤਰ ਘਨੱਈਆ ਸਾਰੇ ਵਾਸੀਆਨ ਪਿੰਡ ਚਾਨੀਆਂ ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ । ਫਰੀਕੈਨ ਦੋਮ

ਦਰਖਾਸਤ ਤਕਸੀਮ ਅਰਾਜ਼ੀ ਖੇਵਟ/ਖਤੌਨੀ ਨੰਬਰ 152/230, 515/228, 359/536, 149/217, 148/216, 153/231, 150/219, ਹਦਬਸਤ ਨੰਬਰ 6 ਵਾਕਿਆ ਰਕਬਾ ਪਿੰਡ ਚਾਨੀਆਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਜਮ੍ਹਾਂਬੰਦੀ ਸਾਲ 2021-2022।

ਉਕਤ ਅਨੁਵਾਨ ਤਕਸੀਮ ਕੇਸ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਚੱਲ ਰਿਹਾ ਹੈ। ਇਸ ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਫਰੀਕੈਨ ਦੋਮ ਦੀ ਤਲਬੀ ਆਸਾਨ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਇਸ਼ਤਿਹਾਰ ਰਾਹੀਂ ਫਰੀਕੈਨ ਦੋਮ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਕੇਸ ਵਿੱਚ ਨਿਸ਼ਚਿਤ ਮਿਤੀ 18-12-2023 ਨੂੰ ਸਮਾਂ 2 ਵਜੇ ਦੁਪਹਿਰ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਅਸਾਲਤਨ/ਵਕਾਲਤਨ ਜਾਂ ਕਿਸੇ ਮੁਖਤਾਰ ਰਾਹੀਂ ਹਾਜ਼ਰ ਹੋ ਕੇ ਆਪਣੇ ਕੇਸ ਦੀ ਪੈਰਵਾਈ ਕਰ ਸਕਦੇ ਹਨ। ਨਿਸ਼ਚਿਤ ਮਿਤੀ ਨੂੰ ਹਾਜ਼ਰ ਅਦਾਲਤ ਨੂੰ ਆਉਣ ਦੀ ਸੂਰਤ ਵਿੱਚ ਫਰੀਕੈਨ ਦੋਮ ਦੇ ਖਿਲਾਫ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਨੋਟਿਸ ਅੱਜ ਮਿਤੀ 30-11-2023 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਜਾਰੀ ਹੋਇਆ।

ਸਹਾਇਕ ਕੁਲੈਕਟਰ ਦਰਜਾ ਅੱਵਲ, ਤਹਿਸੀਲਦਾਰ ਨਕੋਦਰ।
ਨੰਬਰ -1885, ਰੀਡਰ-1, ਮਿਤੀ : 30-11-2023

## ਸਨਮੁੱਖ ਸਾਲਸੀ ਟ੍ਰਿਬਿਊਨਲ ਸੁਖਜੀਤ ਸਿੰਘ ਜੌਲੀ ਐਡਵੋਕੇਟ, ਇਕਮਾਤਰ ਸਾਲਸੀ, ਜਲੰਧਰ।

ਕੈਪੀਟਲ ਸਮਾਲ ਫਾਇਨਾਂਸ ਬੈਂਕ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ), ਕੰਪਨੀਜ਼ ਐਕਟ ਅਧੀਨ ਇਕ ਕਾਰਪੋਰੇਟ ਬਾਡੀ, ਜਿਸ ਦਾ ਮੁੱਖ ਦਫਤਰ 37, ਮਿਡਾਸ ਕਾਰਪੋਰੇਟ ਪਾਰਕ, ਜੀ ਟੀ ਰੋਡ ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚ ਇਕ ਸ਼ਾਖਾ ਦਫਤਰ ਜਮਸ਼ੇਰ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ।

ਬਨਾਮ ਬਿਨੈਕਾਰ

1 ਊਧਮ ਕੌਰ ਊਧੀ (ਮ੍ਰਿਤਕ) ਪਤਨੀ ਸਾਧੂ ਸਿੰਘ ਪ੍ਰਤੀਨਿਧ ਹੇਠਾਂ ਲਿਖੇ ਕਾਨੂੰਨੀ ਪ੍ਰਤੀਨਿਧ ਰਾਹੀਂ (ਏ) ਰਾਣੋ ਉਰਫ ਪਰਮਜੀਤ ਕੌਰ ਪਤਨੀ ਬਖਸ਼ੀਸ਼ ਸਿੰਘ ਵਾਸੀ ਪਿੰਡ ਦਿਆਪੁਰ ਤਹਿਸੀਲ ਜਲੰਧਰ (ਪੁੱਤਰੀ) (ਬੀ) ਭਜਨ ਕੌਰ ਪਤਨੀ ਸੁਰਿੰਦਰ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਮਾਲੜੀ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ।

(ਸੀ) ਕੁਲਦੀਪ ਸਿੰਘ ਪੁੱਤਰ ਕਰਮ ਸਿੰਘ (ਮ੍ਰਿਤਕ) ਹੇਠਾਂ ਲਿਖੇ ਕਾਨੂੰਨੀ ਵਾਰਸਾਂ ਰਾਹੀਂ
(I) ਸੁਖਵੀਰ ਕੌਰ ਪਤਨੀ ਸੁਖਜਿੰਦਰ ਸਿੰਘ ਪਿੰਡ ਤੇ ਡਾਕਖਾਨਾ ਪੱਤੜ ਕਲਾਂ, ਤਹਿਸੀਲ ਤੇ ਜ਼ਿਲ੍ਹਾ ਜਲੰਧਰ (ਪੁੱਤਰੀ)
(II) ਸੁਖਜਿੰਦਰ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਜਮਸ਼ੇਰ ਖਾਸ, ਤਹਿਸੀਲ ਤੇ ਜ਼ਿਲ੍ਹਾ ਜਲੰਧਰ।
(III) ਮਨਜੀਤ ਕੌਰ ਪਤਨੀ ਕੁਲਦੀਪ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਜਮਸ਼ੇਰ ਖਾਸ, ਤਹਿਸੀਲ ਤੇ ਜ਼ਿਲ੍ਹਾ ਜਲੰਧਰ (ਪਤਨੀ)
(IV) ਗੁਰਪ੍ਰੀਤ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਜਮਸ਼ੇਰ ਖਾਸ, ਤਹਿਸੀਲ ਤੇ ਜ਼ਿਲ੍ਹਾ ਜਲੰਧਰ (ਪੁੱਤਰ)
(V) ਜਤਿੰਦਰ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਜਮਸ਼ੇਰ ਖਾਸ, ਤਹਿਸੀਲ ਤੇ ਜ਼ਿਲ੍ਹਾ ਜਲੰਧਰ (ਪੁੱਤਰ)
(2) ਕੁਲਦੀਪ ਸਿੰਘ ਪੁੱਤਰ ਕਰਮ ਸਿੰਘ (ਮ੍ਰਿਤਕ) ਰਾਹੀਂ ਕਾਨੂੰਨੀ ਵਾਰਿਸਾਂ ਦੇ ਪ੍ਰਤੀਨਿਧ
(I) ਸੁਖਵੀਰ ਕੌਰ ਪਤਨੀ ਸੁਖਜਿੰਦਰ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਪੱਤੜ ਕਲਾਂ, ਤਹਿਸੀਲ ਤੇ ਜ਼ਿਲ੍ਹਾ ਜਲੰਧਰ (ਪੁੱਤਰੀ)
(II) ਸੁਖਜਿੰਦਰ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਜਮਸ਼ੇਰ ਖਾਸ, ਤਹਿਸੀਲ ਤੇ ਜ਼ਿਲ੍ਹਾ ਜਲੰਧਰ।
(III) ਮਨਜੀਤ ਕੌਰ ਪਤਨੀ ਕੁਲਦੀਪ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਜਮਸ਼ੇਰ ਖਾਸ, ਤਹਿਸੀਲ ਤੇ ਜ਼ਿਲ੍ਹਾ ਜਲੰਧਰ (ਪਤਨੀ)
(IV) ਗੁਰਪ੍ਰੀਤ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਜਮਸ਼ੇਰ ਖਾਸ, ਤਹਿਸੀਲ ਤੇ ਜ਼ਿਲ੍ਹਾ ਜਲੰਧਰ (ਪੁੱਤਰ)
(V) ਜਤਿੰਦਰ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਜਮਸ਼ੇਰ ਖਾਸ, ਤਹਿਸੀਲ ਤੇ ਜ਼ਿਲ੍ਹਾ ਜਲੰਧਰ (ਪੁੱਤਰ)
(3) ਸੁਖਜਿੰਦਰ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਜਮਸ਼ੇਰ ਖਾਸ, ਤਹਿਸੀਲ ਤੇ ਜ਼ਿਲ੍ਹਾ ਜਲੰਧਰ।
(4) ਕਰਮਬੀਰ ਸਿੰਘ ਮਾਨ ਪੁੱਤਰ ਅਵਤਾਰ ਸਿੰਘ ਮਾਨ ਵਾਸੀ ਪਿੰਡ ਤੇ ਡਾਕਖਾਨਾ ਜਮਸ਼ੇਰ, ਜਲੰਧਰ।

ਜਵਾਬਦੇਹ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚੱਲਦਿਆਂ ਸਾਰੇ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹਾਂ ਨੂੰ ਪਹਿਲੀ ਵਾਰ ਭੇਜੇ ਗਏ ਨੋਟਿਸ ਵਾਪਸ ਪ੍ਰਾਪਤ ਨਹੀਂ ਹੋਏ। ਜਵਾਬਦੇਹਾਂ ਨੂੰ ਦੂਸਰੀ ਵਾਰ ਭੇਜਿਆ ਗਿਆ ਨੋਟਿਸ, ਜੋ ਕਿ ਲਿਫਾਫੇ ਅਤੇ ਪ੍ਰਾਪਤੀ ਰਸੀਦਾਂ ਸਨ, ਫਿਰ ਵਾਪਸ ਪ੍ਰਾਪਤ ਨਹੀਂ ਹੋਇਆ। ਜਿਸ ਤੋਂ ਸਪੱਸ਼ਟ ਹੈ ਕਿ ਜਵਾਬਦੇਹਾਂ ਨੇ ਬਕਾਇਦਾ ਨੋਟਿਸ ਪ੍ਰਾਪਤ ਕਰ ਲਏ ਹਨ ਪ੍ਰੰਤੂ ਜਾਣਬੁੱਝ ਕੇ ਮੇਰੇ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਿਹਾ ਹੈ। ਬੇਸ਼ੱਕ ਉਕਤ ਜਵਾਬਦੇਹਾਂ ਨੂੰ ਇਕ ਹੋਰ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖ਼ਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 08.01.2024 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੈਂਬਰ ਨੰਬਰ 113, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ-4.12.2023 ਸੁਖਜੀਤ ਸਿੰਘ ਜੌਲੀ
ਜਲੰਧਰ ਸਾਲਸ

# ਦਿਵਸ ਜਯੋਤੀ ਜਾਗ੍ਰਿਤੀ ਸੰਸਥਾ ਨੇ ਕਥਾ ਗਿਆਨਯੱਗ ਕਰਾਇਆ



**ਰਾਜਪੁਰਾ (ਰਮੇਸ਼ ਕਟਾਰੀਆ)** ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਵੱਲੋਂ ਝੰਡਾ ਗਰਾਊਂਡ ਵਿਖੇ ਸ੍ਰੀਮਦ ਭਾਗਵਤ ਸਪਤਾਹਿਕ ਕਥਾ ਗਿਆਨਯੱਗ ਦੇ ਤਹਿਤ ਚੌਥੇ ਦਿਨ ਦੀ ਸਭਾ ਵਿੱਚ ਵਿਜੇ ਮੈਨਰੋ (ਬਲਾਕ ਪ੍ਰਧਾਨ, ਰਾਜਪੁਰਾ) ਵੱਲੋਂ ਭਾਗਵਤ ਪੂਜਨ ਕਰਕੇ ਕਥਾ ਦਾ ਸ਼ੁਭ ਆਰੰਭ ਕੀਤਾ ਗਿਆ। ਸੁਸ਼ੀਲ ਕੁਮਾਰ ਜੈਨ (ਜੈਨ ਟਿੰਬਰ, ਰਾਜਪੁਰਾ), ਦੀਪਕ ਸੂਦ (ਸਕੱਤਰ ਪੰਜਾਬ ਬਲਾਕ, ਆਮ ਆਦਮੀ ਪਾਰਟੀ), ਪ੍ਰਵੀਨ ਗੋਇਲ (ਐਮ.ਡੀ. ਸੌਰਵ ਕੈਮੀਕਲਜ਼) ਨੇ ਜਯੋਤੀ ਪ੍ਰਚੰਡ ਕੀਤੀ।

ਦਿਵਯ ਗੁਰੂ ਸਰਵਸ੍ਰੀ ਆਸੂਤੋਸ਼ ਮਹਾਰਾਜ ਦੀ ਸ਼ਿਸ਼ਯਾ ਸਾਧਵੀ ਸੁਸ਼੍ਰੀ ਵੈਸ਼ਨਵੀ ਭਾਰਤੀ ਜੀ ਨੇ ਪ੍ਰਭੂ ਦੇ ਅਵਤਾਰ ਬਾਰੇ ਦੱਸਿਆ। ਪ੍ਰਭੂ ਹਰ ਯੁੱਗ ਵਿੱਚ ਧਰਮ ਦੀ ਰੱਖਿਆ ਲਈ ਆਉਂਦੇ ਹਨ। ਉਹ ਭਗਤਾਂ ਦੀ ਰੱਖਿਆ ਅਤੇ ਦੁਸ਼ਟਾਂ ਨੂੰ ਬਚਾਉਣ ਲਈ ਹਰ ਯੁੱਗ ਵਿੱਚ ਅਵਤਾਰ ਧਾਰਦੇ ਹਨ। ਦੁਆਪਰ ਵਿੱਚ, ਪ੍ਰਭੂ ਕੰਸ ਦੇ ਅੱਤਿਆਚਾਰਾਂ ਨੂੰ ਖਤਮ ਕਰਨ ਲਈ ਧਰਤੀ ਉੱਤੇ ਆਏ ਸਨ। ਕਥਾ ਰਾਹੀਂ ਨੰਦ ਮਹੋਤਸਵ ਦੀ ਰੌਣਕ ਦੇਖਣ ਨੂੰ ਮਿਲੀ।

ਕਥਾ ਵਿੱਚ ਪੰਡਤ ਨਰੇਸ਼ ਕੁਮਾਰ ਸ਼ਰਮਾ (ਜ਼ਿਲ੍ਹਾ ਪ੍ਰਧਾਨ, ਵਿਸ਼ਵ ਹਿੰਦੂ ਪ੍ਰੀਸ਼ਦ ਰਾਜਪੁਰਾ), ਯਾਦਵਿੰਦਰ ਸ਼ਰਮਾ (ਪ੍ਰਧਾਨ, ਬਾਲ ਗੋਪਾਲ ਯੋਗ ਸੰਮਤੀ), ਅਸ਼ੋਕ ਅਰੋੜਾ (ਪ੍ਰਧਾਨ, ਬਹਾਵਲਪੁਰ ਫੈਡਰੇਸ਼ਨ), ਦੀਪਕ ਅਰੋੜਾ (ਮੀਡੀਆ ਪੰਜਾਬ ਟਾਈਮਜ਼) ਆਦਿ ਪਤਵੰਤੇ ਸੱਜਣਾਂ ਅਤੇ ਸ਼ਰਧਾਲੂਆਂ ਦੁਆਰਾ ਕਥਾ ਦਾ ਆਨੰਦ ਮਾਣਿਆ ਗਿਆ।

## ਕਿਸੇ ਵੀ ਮਾੜੇ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ : ਚੌਕੀ ਇੰਚਾਰਜ ਵਿਰਕ

**ਸਮਾਣਾ (ਇਕਬਾਲ ਸਿੰਘ ਬੱਲ ,ਗੁਰਪਿਆਰ ਸਿੰਘ ਬੱਲ)**-ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ ਦੀਆਂ ਹਦਾਇਤਾਂ ਅਨੁਸਾਰ ਅਤੇ ਡੀ ਐਸ ਪੀ ਸਮਾਣਾ ਨੇਹਾ ਅਗਰਵਾਲ ਅਤੇ ਐਸ ਐਚ ਓ ਸਦਰ ਸਮਾਣਾ ਰੌਣੀ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਮਵੀ ਚੌਕੀ ਇੰਚਾਰਜ ਹਰਦੀਪ ਸਿੰਘ ਵਿਰਕ ਵੱਲੋਂ ਲਗਾਤਾਰ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ ਜਿਸ ਤਹਿਤ ਅੱਜ ਪਿੰਡ ਧਨੇਠਾ ਵਿਖੇ ਨਾਕਾ ਲਗਾ ਕੇ ਵਾਹਨਾਂ ਦੀ ਚੈਕਿੰਗ ਕੀਤੀ ਗਈ ਅਤੇ ਚਲਾਨ ਕੱਟੇ ਗਏ। ਇਸ ਮੌਕੇ ਚੌਕੀ ਇੰਚਾਰਜ ਹਰਦੀਪ ਸਿੰਘ ਵਿਰਕ ਨੇ ਆਖਿਆ ਕਿ ਆਲ੍ਹਾ ਅਫਸਰਾਂ ਦੇ ਦਿਸ਼ਾ ਨਿਰਦੇਸ਼ਾਂ ਹੇਠ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਜੇ ਕਾਗਜ਼ ਪੱਤਰਾਂ ਵਿੱਚ ਕੋਈ ਕਮੀ ਪਾਈ ਜਾਂਦੀ ਹੈ ਤਾਂ ਉਨ੍ਹਾਂ ਵਾਹਨਾਂ ਦੇ ਚਲਾਨ ਕੀਤੇ ਜਾ ਰਹੇ ਹਨ। ਵਿਰਕ ਵੱਲੋਂ ਮਾੜੇ ਅਨਸਰਾਂ ਨੂੰ ਸਖਤ ਹਦਾਇਤ ਕੀਤੀ ਗਈ ਹੈ ਕਿ ਉਨ੍ਹਾਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾ ਪਬਲਿਕ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੂੰ ਕੋਈ ਮਾੜਾ ਅਨਸਰ ਦਿਖਾਈ ਦਿੰਦਾ ਹੈ ਤਾਂ ਉਹ ਬੇਝਿਜਕ ਪੁਲਸ ਨੂੰ ਇਤਲਾਹ ਕਰਨ। ਪੁਲਸ 24 ਘੰਟੇ ਪਬਲਿਕ ਦੀ ਸੇਵਾ ਲਈ ਹਾਜ਼ਰ ਹੈ।



# 28ਵੇਂ ਦਿਨ ਵੀ ਮਨਿਸਟਰੀਅਲ ਕਾਮੇ ਹੜਤਾਲ 'ਤੇ

## ਸੂਬਾ ਪੱਧਰ 'ਤੇ ਮੀਟਿੰਗ ਕਰਕੇ ਸੰਘਰਸ਼ ਨੂੰ ਹੋਰ ਤੇਜ਼ ਕਰਨ ਦੀ ਚਿਤਾਵਨੀ



**ਸ਼੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)** ਸੂਬੇ ਦੀ ਸਰਕਾਰ ਮੁਲਾਜ਼ਮਾਂ ਦੀਆਂ ਮੰਨੀਆਂ ਮੰਗਾਂ ਵੀ ਪੂਰੀਆਂ ਕਰਨ ਤੋਂ ਹੁਣ ਮੁੱਕਰਦੀ ਨਜ਼ਰ ਆ ਰਹੀ ਹੈ, ਜਿਸਦੇ ਚੱਲਦਿਆਂ ਮਨਿਸਟਰੀਅਲ ਕਾਮਿਆਂ ਵਿੱਚ ਰੋਸ ਦੀ ਲਹਿਰ ਪਾਈ ਜਾ ਰਹੀ ਹੈ। ਬੀਤੇ ਦਿਨੀਂ ਸਰਕਾਰ ਦੇ ਮੰਤਰੀਆਂ ਅਤੇ ਅਧਿਕਾਰੀਆਂ ਨਾਲ ਜਥੇਬੰਦੀ ਦੀ ਮੀਟਿੰਗ ਵਿੱਚ ਕੋਈ ਵੀ ਠੋਸ ਹੱਲ ਨਿਕਲਣ ਦੀ ਬਜਾਏ ਮੁਲਾਜ਼ਮਾਂ ਨੂੰ ਕੇਵਲ ਲਾਰੇ ਹੀ ਮਿਲੇ, ਜਿਸਦੇ ਚੱਲਦਿਆਂ ਯੂਨੀਅਨ ਲੀਡਰਸ਼ਿਪ ਮੀਟਿੰਗ ਛੱਡ ਕੇ ਬਾਹਰ ਆਉਣ ਲਈ ਮਜਬੂਰ ਹੋ ਗਈ ਅਤੇ ਸੰਘਰਸ਼ ਨੂੰ ਹੋਰ ਤੇਜ਼ ਕਰਨ ਦਾ ਫੈਸਲਾ ਲਿਆ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡੀ.ਸੀ. ਦਫ਼ਤਰ ਕ੍ਰਮਚਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਸਿੱਧੂ ਅਤੇ ਪੀ.ਐਸ.ਐਮ.ਐਸ.ਯੂ. ਦੇ ਜ਼ਿਲ੍ਹਾ ਜਨਰਲ ਸਕੱਤਰ ਪੁਸ਼ਪਿੰਦਰ ਸਿੰਘ ਨੇ ਕੀਤਾ। ਉਨ੍ਹਾਂ ਦੱਸਿਆ ਕਿ ਮਨਿਸਟ੍ਰੀਅਲ ਕ੍ਰਮਚਾਰੀਆਂ ਦੀ ਹੜਤਾਲ ਦਾ 28ਵਾਂ ਦਿਨ ਹੋ ਗਿਆ ਹੈ, ਪ੍ਰੰਤੂ ਸਰਕਾਰ ਨੇ ਅਜੇ ਤੱਕ ਮੁਲਾਜ਼ਮਾਂ ਦੀਆਂ ਮੰਨੀਆਂ ਮੰਗਾਂ ਵੀ ਪੂਰੀਆਂ ਨਹੀਂ ਕੀਤੀਆਂ। ਉਨ੍ਹਾਂ ਕਿਹਾ ਕਿ ਪੁਰਾਣੀ ਪੈਨਸ਼ਨ ਨੂੰ ਵਿਧਾਨ ਸਭਾ ਵਿੱਚ ਮਨਜ਼ੂਰੀ ਦੇਣ ਉਪਰੰਤ ਵੀ ਡੇਢ ਸਾਲ ਤੋਂ ਜਿਆਦਾ ਸਮਾਂ ਬੀਤ ਜਾਣ ਦੇ ਬਾਵਜੂਦ ਐਸ.ਓ.ਪੀ. ਜਾਰੀ ਨਹੀਂ ਕੀਤੀ। ਇਸ ਤੋਂ ਇਲਾਵਾ ਮੁਲਾਜ਼ਮਾਂ ਦਾ ਲੰਬਿਤ ਮਹਿੰਗਾਈ ਭੱਤਾ, ਪੇਅ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਕੇ ਇਸਦਾ ਬਕਾਇਆ ਜਾਰੀ ਕਰਨ ਆਦਿ ਮੰਗਾਂ ਸਬੰਧੀ ਵੀ ਸਰਕਾਰ ਨੇ ਅਜੇ ਚੁੱਪ ਵੱਟੀ ਹੋਈ ਹੈ, ਜਿਸ ਤੋਂ ਸਰਕਾਰ ਦੇ ਮੁਲਾਜ਼ਮ ਮਾਰੂ ਵਤੀਰੇ ਦਾ ਪਤਾ ਲੱਗਦਾ ਹੈ। ਇਸ ਮੌਕੇ ਸੀ.ਪੀ.ਐਫ਼. ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਨੇ ਕਿਹਾ ਕਿ 9 ਦਸੰਬਰ ਨੂੰ ਮੁਹਾਲੀ ਵਿਖੇ ਹੋਣ ਵਾਲੀ ਰੈਲੀ ਪ੍ਰਤੀ ਮੁਲਾਜ਼ਮਾਂ ਵਿੱਚ ਪੂਰਾ ਜੋਸ਼ ਹੈ ਤੇ ਹਰ ਵਰਗ ਦਾ ਮੁਲਾਜ਼ਮ ਇਸ ਰੈਲੀ ਵਿੱਚ ਆਪਣੀ ਸ਼ਮੂਲੀਅਤ ਕਰੇਗਾ। ਇਸ ਮੌਕੇ ਕ੍ਰਮਚਾਰੀਆਂ ਦੇ ਇਕੱਠ ਨੂੰ ਰੁਪਿੰਦਰ ਬਾਠ ਤੇ ਹੋਰ ਆਗੂਆਂ ਨੇ ਵੀ ਸੰਬੋਧਨ ਕੀਤਾ। ਆਗੂਆਂ ਨੇ ਦੱਸਿਆ ਕਿ ਜਥੇਬੰਦੀ ਦੀ ਸੂਬਾ ਬਾਡੀ ਵੱਲੋਂ ਮੀਟਿੰਗ ਕਰਕੇ ਸੰਘਰਸ਼ ਨੂੰ ਹੋਰ ਤੇਜ਼ ਕਰਨ ਦਾ ਫ਼ੈਸਲਾ ਲਿਆ ਜਾਵੇਗਾ, ਜਿਸਦੀ ਸਾਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਇਸ ਮੌਕੇ ਮਿੰਨੀ ਸਕੱਤਰੇਤ ਦੇ ਡੀ.ਸੀ. ਦਫ਼ਤਰ, ਐਕਸਾਈਜ਼ ਵਿਭਾਗ, ਏ.ਡੀ.ਸੀ. ਸ਼ਹਿਰੀ ਵਿਕਾਸ, ਰੁਜ਼ਗਾਰ ਦਫਤਰ, ਲੋਕ ਸੰਪਰਕ ਦਫ਼ਤਰ, ਸਮਾਜਿਕ ਸੁਰੱਖਿਆ ਦਫ਼ਤਰ ਆਦਿ ਵਿਭਾਗਾਂ ਦੇ ਕ੍ਰਮਚਾਰੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲੈਂਦਿਆਂ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ।

# ਈਸਾਪੁਰ ਦੀ ਗਲੀ 'ਚ ਜਮ੍ਹਾਂ ਗੰਦੇ ਪਾਣੀ ਕਾਰਨ ਲੋਕ ਪ੍ਰੇਸ਼ਾਨ, ਮਕਾਨਾਂ 'ਚ ਤਰੇੜਾਂ ਆਈਆਂ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ)** - ਮਾਛੀਵਾੜਾ ਬਲਾਕ ਅਧੀਨ ਪੈਂਦੇ ਪਿੰਡ ਈਸਾਪੁਰ ਵਿਖੇ ਗਲੀ ਵਿਚ ਪਿਛਲੇ ਕਈ ਸਾਲਾਂ ਤੋਂ ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਲੋਕ ਪ੍ਰੇਸ਼ਾਨ ਹਨ ਅਤੇ ਇਸ ਸਮੱਸਿਆ ਦੇ ਹੱਲ ਲਈ ਸਰਕਾਰ ਤੇ ਪ੍ਰਸ਼ਾਸਨ ਕੋਲ ਫਰਿਆਦਾਂ ਕਰ ਰਹੇ ਹਨ। ਅੱਜ ਪਿੰਡ ਵਾਸੀ ਨਿਰਵੈਰ ਸਿੰਘ, ਬਲਦੇਵ ਸਿੰਘ, ਸੁਰਿੰਦਰ ਸਿੰਘ, ਜਸਵੀਰ ਕੌਰ, ਬੂਟਾ ਸਿੰਘ, ਰਜਨੀ, ਹਰਪ੍ਰੀਤ ਸਿੰਘ, ਸੱਤਾ ਸਿੰਘ, ਸ਼ੁੱਕਰ ਸਿੰਘ, ਬਿਕਰਮਜੀਤ ਸਿੰਘ, ਮੱਖਣ ਸਿੰਘ ਤੇ ਸੁਰਜੀਤ ਸਿੰਘ ਨੇ ਦੱਸਿਆ ਕਿ ਅਸੀਂ ਗਰੀਬ ਪਰਵਾਰ ਇਸ ਗਲੀ ਵਿਚ ਰਹਿੰਦੇ ਹਾਂ ਪਰ ਪਿਛਲੇ ਕਈ ਸਾਲਾਂ ਤੋਂ ਇਸ ਗਲੀ 'ਚ ਨਾਲੀ ਨਾ ਬਣਨ ਕਾਰਨ ਅਤੇ ਗੰਦੇ ਪਾਣੀ ਦਾ ਨਿਕਾਸ ਨਾ ਹੋਣ ਕਾਰਨ ਉਹ ਬਦਬੂ ਭਰੇ ਮਾਹੌਲ ਵਿਚ ਰਹਿਣ ਨੂੰ ਮਜਬੂਰ ਹਨ। ਪਿੰਡ ਵਾਸੀਆਂ ਨੇ ਕਿਹਾ ਕਿ ਹੁਣ ਹਾਲਾਤ ਇਹ ਹੋ ਗਏ ਹਨ ਕਿ ਗੰਦਾ ਪਾਣੀ ਗਲੀ ਵਿਚ ਜਮ੍ਹਾਂ ਹੋ ਕੇ ਪੱਕੇ ਤੌਰ 'ਤੇ ਖੜ੍ਹ ਗਿਆ ਹੈ ਅਤੇ ਵਧਦਾ ਜਾ ਰਿਹਾ ਹੈ ਜਿਸ ਕਾਰਨ ਬੱਚਿਆਂ ਤੇ ਬਜ਼ੁਰਗਾਂ ਨੂੰ ਬਿਮਾਰੀ ਫੈਲਣ ਦਾ ਡਰ ਹੈ। ਬਲਵੀਰ ਸਿੰਘ, ਗੁਰਦੇਵ ਸਿੰਘ ਨੇ ਦੱਸਿਆ ਕਿ ਗੰਦਾ ਪਾਣੀ ਗਲੀ ਵਿਚ ਖੜ੍ਹਾ ਹੋਣ ਕਾਰਨ ਉਨ੍ਹਾਂ ਦੇ ਮਕਾਨਾਂ ਦੀਆਂ ਨੀਹਾਂ ਵਿਚ ਜਾ ਰਿਹਾ ਹੈ ਜਿਸ ਕਾਰਨ ਕਈ ਥਾਵਾਂ 'ਚ ਕਮਰਿਆਂ 'ਚ ਤਰੇੜਾਂ ਵੀ ਆ ਗਈਆਂ ਅਤੇ ਜੇਕਰ ਕੋਈ ਹਾਦਸਾ ਵਾਪਰਦਾ ਹੈ ਤਾਂ ਉਸ ਲਈ ਪ੍ਰਸ਼ਾਸਨ ਜ਼ਿੰਮੇਵਾਰ ਹੋਵੇਗਾ। ਪਿੰਡ ਵਾਸੀਆਂ ਨੇ ਕਿਹਾ ਕਿ ਉਨ੍ਹਾਂ ਵਲੋਂ ਕਈ ਵਾਰ ਪੰਚਾਇਤ ਨੂੰ ਸਮੱਸਿਆ ਦੇ ਹੱਲ ਲਈ ਮੰਗ ਕੀਤੀ ਪਰ ਕੋਈ ਸੁਣਵਾਈ ਨਹੀਂ ਹੋ ਰਹੀ। ਪਿੰਡ ਵਾਸੀਆਂ ਨੇ ਸਰਕਾਰ ਤੇ ਪੰਚਾਇਤ ਵਿਭਾਗ ਤੋਂ ਮੰਗ ਕੀਤੀ ਕਿ ਗੰਦੇ ਪਾਣੀ ਦੀ ਸਮੱਸਿਆ ਤੋਂ ਉਨ੍ਹਾਂ ਨੂੰ ਤੁਰੰਤ ਨਿਜ਼ਾਤ ਦਿਵਾਈ ਜਾਵੇ। ਜਦੋਂ ਇਸ ਸਬੰਧੀ ਸਰਪੰਚ ਮੋਹਣਾ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਕਰੀਬ ਢਾਈ ਸਾਲ ਪਹਿਲਾਂ ਇਸ ਗਲੀ ਵਿਚ ਨਿਕਾਸੀ ਸਬੰਧੀ ਪਾਈਪਾਂ ਪਾਈਆਂ ਗਈਆਂ ਸਨ ਪਰ ਕੁਝ ਘਰਾਂ ਦਾ ਕੂੜਾ-ਕਰਕਟ ਹੀ ਇਸ ਵਿਚ ਜਮ੍ਹਾਂ ਹੋ ਜਾਂਦਾ ਹੈ ਜਿਸ ਕਰਕੇ ਪਾਣੀ ਓਵਰ ਫਲੋਅ ਹੋ ਜਾਂਦਾ ਹੈ।

ਸਰਪੰਚ ਨੇ ਕਿਹਾ ਕਿ ਉਹ ਇਸ ਸਮੱਸਿਆ ਦੇ ਹੱਲ ਲਈ ਯਤਨ ਕਰਨਗੇ। ਗੰਦੇ ਪਾਣੀ ਦੀ ਸਮੱਸਿਆ ਤੋਂ ਬੇਹੱਦ ਪ੍ਰੇਸ਼ਾਨ ਲੋਕਾਂ ਨੇ ਕਿਹਾ ਕਿ ਜੇਕਰ ਪੰਚਾਇਤ ਕੋਲ ਫੰਡ ਨਹੀਂ ਤਾਂ ਉਹ ਸਾਡੇ ਗਰੀਬਾਂ ਕੋਲੋਂ ਥੋੜ੍ਹੇ ਪੈਸੇ ਇਕੱਠੇ ਕਰ ਲਵੇ ਪਰ ਸਾਡੀ ਸਮੱਸਿਆ ਦਾ ਹੱਲ ਜ਼ਰੂਰ ਕੀਤਾ ਜਾਵੇ।

# ਮਨਿਸਟ੍ਰੀਅਲ ਕਾਮਿਆਂ ਦੀ ਕਲਮ ਛੋੜ ਹੜਤਾਲ 28ਵੇਂ ਦਿਨ 'ਚ ਦਾਖ਼ਲ



**ਮਾਨਸਾ (ਪਮਾਰ)**-ਪੀ ਐਸ ਐਮ ਐਸ ਯੂ ਦੇ ਸੱਦੇ 'ਤੇ ਜ਼ਿਲ੍ਹਾ ਮਾਨਸਾ ਦੇ ਸਮੂਹ ਦਫ਼ਤਰਾਂ ਦੇ ਮਨਿਸਟਰੀਅਲ ਕਾਮਿਆਂ ਵੱਲੋਂ 28ਵੇਂ ਦਿਨ ਵੀ ਮੁਕੰਮਲ ਹੜਤਾਲ ਕਰਕੇ ਕਲਮਛੋੜ, ਕੰਪਿਊਟਰ ਬੰਦ ਅਤੇ ਆਨਲਾਈਨ ਕੰਮ ਬੰਦ ਕਰਕੇ ਸਰਕਾਰੀ ਕੰਮਕਾਜ ਠੱਪ ਕਰਕੇ ਰੱਖਿਆ ਗਿਆ ਅਤੇ ਮੰਗਾਂ ਨਾ ਮੰਨਣ ਦੀ ਸੂਰਤ ਵਿੱਚ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਾਨਸਾ ਦੇ ਦਫ਼ਤਰ ਅੱਗੇ ਸਰਕਾਰ ਵੱਲੋਂ ਕੀਤੇ ਝੂਠੇ ਵਾਅਦਿਆਂ ਦੀ ਪੋਲ ਖੋਲ੍ਹਦਿਆਂ ਪਿੱਟ ਸਿਆਪਾ ਕੀਤਾ। ਇਸ ਮੌਕੇ ਪ੍ਰਤਾਪ ਸਿੰਘ ਪ੍ਰਧਾਨ ਪੀ.ਐਸ.ਐਮ.ਐਸ.ਯੂ ਨੇ ਕਿਹਾ ਕਿ ਇਹ ਹੜਤਾਲ ਪੰਜਾਬ ਸਰਕਾਰ ਦੇ ਮੁਲਾਜ਼ਮਾਂ, ਜੋ 01-01-2004 ਤੋਂ ਬਾਅਦ ਭਰਤੀ ਹੋਏ ਹਨ, ਉਨ੍ਹਾਂ ਕਰਮਚਾਰੀਆਂ ਦੀਆਂ ਸਾਲ 1972 ਦੇ ਰੂਲਾਂ ਅਨੁਸਾਰ ਪੁਰਾਣੀ ਪੈਨਸ਼ਨ ਹੂ ਬ ਹੂ ਲਾਗੂ ਕਰਨ, ਏ.ਸੀ.ਪੀ ਦੀ ਸਕੀਮ ਦੀ ਬਹਾਲੀ ਕਰਨ, ਕੇਂਦਰੀ ਪੈਟਰਨ 'ਤੇ ਭਰਤੀ ਬੰਦ ਕਰਾਉਣਾ ਅਤੇ ਡੀ ਏ ਦੀਆਂ ਬਕਾਇਆ ਕਿਸ਼ਤਾਂ, ਛੇਵੇਂ ਪੇ ਕਮਿਸ਼ਨ ਦਾ ਬਕਾਇਆ ਜਾਰੀ ਕਰਾਉਣ ਲਈ ਇਹ ਹੜਤਾਲ ਕੀਤੀ ਜਾ ਰਹੀ ਹੈ।

ਬੁਲਾਰਿਆਂ ਨੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਵੱਲੋਂ ਅਜੇ ਵੀ ਮਨਿਸਟਰੀਅਲ ਕਾਮਿਆਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਾ ਦਿੱਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ ਅਤੇ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਦੀ ਜ਼ਿੰਮੇਵਾਰ ਸਰਕਾਰ ਹੋਵੇਗੀ।

ਸ੍ਰੀ ਗੁਰਦਰਸ਼ਨ ਸਿੰਘ ਡੀ.ਸੀ ਦਫ਼ਤਰ ਯੂਨੀਅਨ ਨੇ ਕਿਹਾ ਕਿ ਮਨਿਸਟਰੀਅਲ ਕਾਮਿਆਂ ਦੀ ਹੜਤਾਲ ਨੂੰ 28 ਦਿਨ ਹੋ ਚੁੱਕੇ ਹਨ ਅਤੇ ਜਥੇਬੰਦੀ ਦੀ ਸਰਕਾਰ ਨਾਲ ਹੋਣ ਵਾਲੀ ਮੀਟਿੰਗ ਵਿੱਚ ਜੇਕਰ ਸਰਕਾਰ ਦੁਆਰਾ ਮੁਲਾਜ਼ਮਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਸਟੇਟ ਬਾਡੀ ਵੱਲੋਂ ਜੋ ਵੀ ਫੈਸਲਾ ਲਿਆ ਜਾਵੇਗਾ, ਉਸਨੂੰ ਇੰਨ-ਬਿੰਨ ਲਾਗੂ ਕੀਤਾ ਜਾਵੇਗਾ।

# ਸਿਵਲ ਸਰਜਨ ਨੇ ਸਿਵਲ ਹਸਪਤਾਲ ਮੰਡੀ ਗੋਬਿੰਦਗੜ੍ਹ ਦੀ ਕੀਤੀ ਅਚਨਚੇਤ ਚੈਕਿੰਗ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਸਿਵਲ ਸਰਜਨ ਫਤਿਹਗੜ੍ਹ ਸਾਹਿਬ ਡਾ. ਦਵਿੰਦਰਜੀਤ ਕੌਰ ਨੇ ਸਬ ਡਵੀਜ਼ਨਲ ਹਸਪਤਾਲ ਮੰਡੀ ਗੋਬਿੰਦਗੜ੍ਹ ਦੀ ਅਚਨਚੇਤ ਚੈਕਿੰਗ ਕੀਤੀ । ਇਸ ਚੈਕਿੰਗ ਦੌਰਾਨ ਉਨ੍ਹਾਂ ਸਟਾਫ ਦੀ ਹਾਜ਼ਰੀ ਚੈੱਕ ਕੀਤੀ, ਸਾਰਾ ਸਟਾਫ ਹਾਜ਼ਰ ਪਾਇਆ ਗਿਆ। ਇਸ ਚੈਕਿੰਗ ਦੌਰਾਨ ਉਨ੍ਹਾਂ ਹਸਪਤਾਲ ਦੀ ਓਪੀਡੀ, ਆਪਰੇਸ਼ਨ ਥੀਏਟਰ, ਵਾਰਡ, ਐਮਰਜੰਸੀ ਸਿਹਤ ਸੇਵਾਵਾਂ, ਜੱਚਾ-ਬੱਚਾ ਸਿਹਤ ਸੇਵਾਵਾਂ ਆਦਿ ਦਾ ਨਿਰੀਖਣ ਕੀਤਾ। ਉਨ੍ਹਾਂ ਵਾਰਡ ਵਿੱਚ ਦਾਖਲ ਮਰੀਜ਼ਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਮਿਲ ਰਹੀਆਂ ਸਿਹਤ ਸਹੂਲਤਾਂ ਬਾਰੇ ਪੁੱਛਗਿੱਛ ਕੀਤੀ। ਉਨ੍ਹਾ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾ. ਜੈਦੀਪ ਚਾਹਲ ਨੂੰ ਹਸਪਤਾਲ ਦੀ ਸਾਫ ਸਫਾਈ ਵੱਲ ਵਿਸ਼ੇਸ਼ ਧਿਆਨ ਦੇਣ ਅਤੇ ਮਰੀਜ਼ਾਂ ਨੂੰ ਸਾਰੀਆਂ ਲੋੜੀਂਦੀਆਂ ਦਵਾਈਆਂ ਹਸਪਤਾਲ ਦੇ ਅੰਦਰੋਂ ਹੀ ਉਪਲਬਧ ਕਰਾਉਣ ਲਈ ਵੀ ਕਿਹਾ। ਡਾਕਟਰ ਦਵਿੰਦਰਜੀਤ ਕੌਰ ਨੇ ਸਮੂਹ ਸਟਾਫ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਆਪੋ ਆਪਣੀ ਡਿਊਟੀ ਮਿਹਨਤ, ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣੀ ਯਕੀਨੀ ਬਣਾਉਣ ਅਤੇ ਹਸਪਤਾਲ ਵਿੱਚ ਇਲਾਜ ਕਰਾਉਣ ਲਈ ਆਏ ਮਰੀਜ਼ਾਂ ਨਾਲ ਆਪਣਾ ਵਿਵਹਾਰ ਚੰਗਾ ਰੱਖਣ।



## ਕਾਤਰਾਂ

### ਕੰਨਿਆ ਸਕੂਲ 'ਚ ਸੁਖਮਨੀ ਸਾਹਿਬ ਦੇ ਪਾਠ ਕਰਵਾਏ



**ਅਮਲੋਹ, (ਲਖਵੀਰ ਸਿੰਘ, ਹਰਚਰਨ ਉਪਲ)**- ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਅਮਲੋਹ ਵਿਖੇ ਪ੍ਰਿੰਸੀਪਲ ਨਰਿੰਦਰਜੀਤ ਕੌਰ ਦੀ ਅਗਵਾਈ ਵਿੱਚ ਵਿਦਿਆਰਥੀਆਂ ਅਤੇ ਸਕੂਲ ਦੀ ਚੜ੍ਹਦੀਕਲਾ ਲਈ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕੁਲਬੀਰ ਸਿੰਘ ਮੀਆਂਪੁਰ ਨੇ ਦੱਸਿਆ ਕਿ ਸਕੂਲ ਪ੍ਰਿੰਸੀਪਲ, ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਮਿਲ ਕੇ ਗੁਰੂ ਸਾਹਿਬ ਦੀ ਬਾਣੀ ਦਾ ਓਟ ਆਸਰਾ ਲਿਆ। ਸਕੂਲ ਸਟਾਫ ਨੇ ਪ੍ਰਿੰਸੀਪਲ ਦੀ ਅਗਵਾਈ ਵਿੱਚ ਖੁਦ ਸੁਖਮਨੀ ਸਾਹਿਬ ਦੇ ਪਾਠ ਕੀਤੇ । ਇਸ ਉਪਰੰਤ ਰਾਗੀ ਸਿੰਘਾਂ ਨੇ ਅਨੰਦਮਈ ਕੀਰਤਨ ਕੀਤਾ ਅਤੇ ਸਕੂਲੀ ਵਿਦਿਆਰਥੀਆਂ ਨੇ ਸ਼ਬਦ ਪੜ੍ਹੇ । ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਮਿਲ ਕੇ ਗੁਰੂ ਦੇ ਲੰਗਰ ਤਿਆਰ ਕੀਤੇ ਤੇ ਸੰਗਤਾਂ ਨੂੰ ਲੰਗਰ ਛਕਾਏ ਗਏ। ਇਸ ਮੌਕੇ ਪ੍ਰਿੰਸੀਪਲ ਨੇ ਦੱਸਿਆ ਕਿ ਇਸ ਸਮਾਗਮ ਦਾ ਮੁੱਖ ਮਨੋਰਥ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨਾ ਅਤੇ ਬੱਚਿਆਂ ਵਿੱਚ ਸੇਵਾ ਦੀ ਭਾਵਨਾ ਪੈਦਾ ਕਰਨਾ ਹੈ।

### ਬਰੇਟਾ ਮੰਡੀ 'ਚ ਬਾਸਮਤੀ ਦੇ ਭਾਅ ਨੇ ਕਿਸਾਨ ਕੀਤੇ ਬਾਗ਼ੋਬਾਗ



**ਬਰੇਟਾ (ਰੀਤਵਾਲ)**- ਸਥਾਨਕ ਮੰਡੀ ਅੰਦਰ ਬਾਸਮਤੀ ਜੀਰੀ ਦੀ ਆਮਦ ਬੰਪਰ ਹੋਣ ਕਾਰਨ ਕਿਸਾਨਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਦੇ ਚਿਹਰੇ 'ਤੇ ਭਾਰੀ ਰੌਣਕ ਵੇਖਣ ਨੂੰ ਮਿਲ ਰਹੀ ਹੈ। ਮੌਜੂਦਾ ਸਮੇਂ ਵਿੱਚ ਬਾਸਮਤੀ ਜੀਰੀ ਦਾ ਭਾਅ ਵੱਧ ਤੋਂ ਵੱਧ 5010 ਰੁਪਏ ਕਿਸਾਨ ਨੂੰ ਖੁੱਲ੍ਹੀ ਮੰਡੀ ਵਿੱਚ ਮਿਲ ਰਿਹਾ ਹੈ ਅਤੇ ਅੰਦਾਜ਼ਨ ਭਾਅ 4660 ਰੁਪਏ ਤੱਕ ਪਹੁੰਚ ਚੁੱਕਾ ਹੈ। ਮੰਡੀ 'ਚ ਬੈਠੇ ਕਿਸਾਨ ਭੂਰਾ ਸਿੰਘ, ਕਰਨੈਲ ਸਿੰਘ, ਜਸਵੰਤ ਸਿੰਘ ਨੇ ਦੱਸਿਆ ਕਿ ਬਾਸਮਤੀ ਦਾ ਭਾਅ ਵਧੀਆ ਮਿਲਣ ਕਾਰਨ ਕਿਸਾਨ ਆਰਥਕ ਪੱਖੋਂ ਮਜ਼ਬੂਤ ਹੋਣਗੇ। ਬਰੇਟਾ ਮੰਡੀ ਵਿੱਚ ਬਾਸਮਤੀ ਪਿਛਲੇ ਸਾਲ ਦੇ ਮੁਕਾਬਲੇ ਬਹੁਤ ਵੱਧ ਮਾਤਰਾ ਵਿੱਚ ਆ ਰਹੀ ਹੈ। ਮਾਰਕੀਟ ਕਮੇਟੀ ਚੇਅਰਮੈਨ ਚਮਕੌਰ ਸਿੰਘ ਖੁਡਾਲ ਨੇ ਦੱਸਿਆ ਹੁਣ ਤੱਕ 114000 ਕੁਇੰਟਲ ਬਾਸਮਤੀ ਦੀ ਖਰੀਦ ਕੀਤੀ ਗਈ ਹੈ। ਕਿਸਾਨਾਂ ਨੂੰ ਵਧ ਰਹੇ ਰੇਟਾਂ ਦਾ ਫਾਇਦਾ ਉਠਾਉਣਾ ਚਾਹੀਦਾ ਹੈ।

### ਸਕੂਲ ਦੇ ਕ੍ਰਿਕਟ ਖਿਡਾਰੀਆਂ ਦੀ ਚੋਣ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਤਾ ਬਲਜਿੰਦਰ ਕੌਰ ਮੈਮੋਰੀਅਲ ਪਬਲਿਕ ਸਕੂਲ ਸਮਾਧ ਭਾਈ ਲਈ ਇਹ ਬੜੇ ਫਖਰ ਮਹਿਸੂਸ ਕਰਨ ਵਾਲੀ ਗੱਲ ਹੈ ਕਿ ਸਕੂਲ ਦੇ ਕ੍ਰਿਕਟ ਖਿਡਾਰੀ ਹਰੀਸ਼ ਕੁਮਾਰ ਤੇ ਸਾਗਰ ਈਸ਼ਵਰ ਖੱਤਰੀ ਦੀ ਚੋਣ ਪੰਜਾਬ ਅੰਡਰ-16 ਵਿਜਯ ਮਰਚੈਂਟ ਟਰਾਫੀ ਖੇਡਣ ਲਈ ਹੋਈ ਹੈ। ਇਹ ਖਿਡਾਰੀ ਬੀ. ਸੀ. ਸੀ. ਆਈ ਦੁਆਰਾ ਕਰਵਾਏ ਜਾ ਰਹੇ ਕ੍ਰਿਕਟ ਮੈਚ ਵਿੱਚ ਖੇਡਣਗੇ ਤੇ ਇਸ ਤੋਂ ਇਲਾਵਾ ਤਿੰਨ ਹੋਰ ਕ੍ਰਿਕਟ ਖਿਡਾਰੀ ਸਾਗਰ, ਹਰੀਸ਼ ਤੇ ਰੌਬਿਨ ਬਾਵਾ ਲਈ ਚੁਣੇ ਗਏ ਹਨ ਅਤੇ ਮਨਵੀਰ ਸਿੰਘ ਵਿਰਕ ਅਤੇ ਸ਼ੁਭਮ ਰਾਣਾ ਅੰਡਰ 19 ਦੀ ਕੂਚ ਬਿਹਾਰ ਟਰਾਫੀ ਖੇਡਣ ਲਈ ਕ੍ਰਿਕਟ ਟੀਮ ਵਿੱਚ ਸ਼ਾਮਲ ਕੀਤਾ ਗਿਆ ਹੈ। ਕ੍ਰਿਕਟ ਖਿਡਾਰੀਆਂ ਦੀ ਇਸ ਤਰ੍ਹਾਂ ਚੋਣ ਹੋਣ ਤੇ ਸਕੂਲ ਚੇਅਰਮੈਨ ਕੁਲਵੰਤ ਸਿੰਘ ਮਲੂਕਾ, ਚੇਅਰਪਰਸਨ ਮੈਡਮ ਰਣਧੀਰ ਕੌਰ ਕਲੇਰ, ਡਾਇਰੈਕਟਰ ਕੋਹਿਨੂਰ ਸਿੱਧੂ ਅਤੇ ਪ੍ਰਿੰਸੀਪਲ ਸ਼ਸ਼ੀ ਕਾਂਤ ਨੇ ਕ੍ਰਿਕਟ ਕੋਚ ਲਖਵਿੰਦਰ ਸਿੰਘ ਬਰਾੜ ਨੂੰ ਅਤੇ ਕ੍ਰਿਕਟ ਖਿਡਾਰੀਆਂ ਨੂੰ ਮੁਬਾਰਕਬਾਦ ਦਿੱਤੀ ।

### ਕਮਰੇ 'ਚੋਂ ਨੌਜਵਾਨ ਦੀ ਲਾਸ਼ ਮਿਲੀ

**ਬਰੇਟਾ (ਰੀਤਵਾਲ)**- ਇੱਥੋ ਨੇੜਲੇ ਪਿੰਡ ਜੁਗਲਾਨ ਵਿਖੇ ਆਪਣੇ ਘਰ 'ਚ ਨੌਜਵਾਨ ਦੀ ਮੌਤ ਹੋ ਜਾਣ ਦਾ ਸਮਾਚਾਰ ਮਿਲਿਆ ਹੈ। ਜਾਣਕਾਰੀ ਅਨੁਸਾਰ ਹਰਦੀਪ ਸਿੰਘ ਗੱਗੂ (22 ਸਾਲਾ) ਜੋ ਬਾਰ੍ਹਵੀਂ ਦੀ ਪੜ੍ਹਾਈ ਉਪਰੰਤ ਘਰ ਵਿੱਚ ਬੇਰੁਜ਼ਗਾਰ ਸੀ। ਜਿਸ ਦੀ ਅੱਜ ਸਵੇਰ ਤੜਕੇ ਉਸ ਦੇ ਘਰ 'ਚ ਹੀ ਮੌਤ ਹੋ ਗਈ। ਜਦੋਂ ਉਸ ਦੇ ਕਮਰੇ ਦਾ ਦਰਵਾਜ਼ਾ ਖੋਲ੍ਹਿਆ ਤਾਂ ਉਹ ਮ੍ਰਿਤਕ ਪਾਇਆ ਗਿਆ। ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਮ੍ਰਿਤਕ ਆਪਣੇ ਪਿੱਛੇ ਮਾਤਾ ਪਿਤਾ ਤੋਂ ਇਲਾਵਾ ਇੱਕ ਭੈਣ ਛੱਡ ਗਿਆ ਹੈ ।



# ਸੀਨੀਅਰ ਸਿਟੀਜ਼ਨਜ਼ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਮਹੀਨਾਵਾਰ ਮੀਟਿੰਗ

**ਧੂਰੀ (ਸੁਖਦੇਵ ਧੂਰੀ)** ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਐਸੋਸੀਏਸ਼ਨ ਦੇ ਦਫਤਰ ਵਿੱਚ ਜਗਦੀਸ਼ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ



ਵੱਡੀ ਗਿਣਤੀ ਵਿਚ ਸਾਥੀਆਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਮੀਟਿੰਗ ਦੀ ਵਿਸ਼ੇਸ਼ਤਾ ਇਹ ਰਹੀ ਕਿ ਸਾਬਕਾ ਸੈਨਿਕਾਂ ਦੀ ਜਥੇਬੰਦੀ ਵੱਲੋਂ ਜਥੇਬੰਦਕ ਰੂਪ ਵਿੱਚ ਭਰਵੀਂ ਸ਼ਮੂਲੀਅਤ ਕੀਤੀ। ਉਨ੍ਹਾਂ ਦੇ ਆਗੂ ਫਲਾਇੰਗ ਅਫ਼ਸਰ ਕਮਲ ਵਰਮਾ ਵੱਲੋਂ ਸਮਾਜ ਵਿੱਚ ਕੀਤੇ ਜਾ ਰਹੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ ਗਈ। ਉਸ ਉਪਰੰਤ ਮਾਹੌਲ ਨੂੰ ਰੰਗਲਾ ਬਣਾਉਂਦਿਆਂ ਮਾਸਟਰ ਮੂਲ ਚੰਦ ਰੰਚਨਾ ਵਲੋਂ ਆਪਣਾ ਮਕਬੂਲ ਗੀਤ ਸੁਣਾਇਆ ਗਿਆ। ਐਸੋਸੀਏਸ਼ਨ ਦੀ ਵਿਚਾਰ ਚਰਚਾ ਵਿੱਚ ਸ਼ਹਿਰ ਵਿੱਚ ਕੂੜਾ ਪ੍ਰਬੰਧਨ, ਸਮੁੱਚੇ ਸ਼ਹਿਰ ਵਿੱਚ ਪਾਣੀ ਦੀ ਘਾਟ ਤੇ ਸ਼ਹਿਰ ਅੰਦਰ ਟ੍ਰੈਫਿਕ ਦੀ ਸਮੱਸਿਆ 'ਤੇ ਚਿੰਤਾ ਪ੍ਰਗਟ ਸ਼ੁਰੂ ਕਰਦਿਆਂ ਇਸ ਸੰਬੰਧੀ ਐਸੋਸੀਏਸ਼ਨ ਨੂੰ ਪ੍ਰਸ਼ਾਸਨ ਨਾਲ ਗੱਲਬਾਤ ਕਰਨ ਦੀ ਬੇਨਤੀ ਕੀਤੀ। ਐਸੋਸੀਏਸ਼ਨ ਦੇ ਸੁਪਰ ਸੀਨੀਅਰ ਕਾਮਰੇਡ ਗੁਰਦਿਆਲ ਨਿਰਮਾਣ ਵਲੋਂ ਮੈਂਬਰਾਂ ਦੇ ਕਹਿਣ 'ਤੇ ਉਨ੍ਹਾਂ ਦਾ1972 ਵਿੱਚ ਰਿਕਾਰਡ ਗੀਤ ਸੁਣਾ ਕੇ ਬੱਲੇ-ਬੱਲੇ ਕਰਾਈ। ਇਸੇ ਦੌਰਾਨ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਰਜਿ ਦੇ ਪ੍ਰਧਾਨ ਸੁਖਦੇਵ ਸ਼ਰਮਾ ਨੇ ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ ਨੂੰ ਹਰ ਕਿਸਮ ਦਾ ਸਹਿਯੋਗ ਦੇਣ ਦਾ ਐਲਾਨ ਕੀਤਾ।

ਮੀਟਿੰਗ ਨੂੰ ਸਮੇਟਦਿਆਂ ਪ੍ਰਧਾਨ ਜਗਦੀਸ਼ ਸ਼ਰਮਾ ਨੇ ਸੀਨੀਅਰ ਸਿਟੀਜਨਾਂ ਦੇ ਹੱਕਾਂ ਅਤੇ ਉਨ੍ਹਾਂ ਲਈ ਕੀਤੇ ਜਾ ਰਹੇ ਸੰਘਰਸ਼ ਬਾਰੇ ਰਿਪੋਰਟਿੰਗ ਕੀਤੀ। ਮੀਟਿੰਗ ਵਿੱਚ ਸੀਨੀਅਰ ਸਾਥੀਆਂ ਸਰਵ ਸਿਰੀ ਬਲਦੇਵ ਸਿੰਘ ਜ਼ਿਲ੍ਹੇਦਾਰ, ਜਸਦੇਵ ਸਿੰਘ, ਇੰਦਰਜੀਤ ਸ਼ਰਮਾ, ਸੁਰਿੰਦਰ ਸ਼ਰਮਾ, ਜਨਕ ਰਾਜ ਮੀਮਸਾ, ਹੰਸ ਰਾਜ ਗਰਗ, ਸਤੀਸ਼ ਚੰਦਰ ਅਰੋੜਾ, ਗੁਰਦਾਸ ਬਾਂਸਲ, ਸੁਰਿੰਦਰ ਹਰਚੰਦਪੁਰਾ, ਰਾਜਿੰਦਰ ਸ਼ਰਮਾ, ਸੋਮ ਨਾਥ ਅੱਤਰੀ, ਬਲਦੇਵ ਸਿੰਘ ਖੰਗੂੜਾ, ਜਗਦੇਵ ਸਰਮਾ ਬੁਗਰਾ, ਵੈਦ ਮੰਗਤ ਰਾਏ ਸਿੰਗਲਾ, ਰਤਨ ਭੰਡਾਰੀ, ਰਘਵੀਰ ਚੰਦ ਐਸ ਡੀ ਓ ਸਮੇਤ ਦਰਜਨਾਂ ਮੈਂਬਰਾਂ ਨੇ ਹਾਜ਼ਰੀ ਭਰੀ। ਮੀਟਿੰਗ ਵਿੱਚ ਇਸ ਮਹੀਨੇ ਜਨਮ ਦਿਨ ਵਾਲੇ 16 ਸੀਨੀਅਰ ਸਿਟੀਜਨ ਸਾਥੀਆਂ ਦਾ ਹਾਰ ਪਾ ਕੇ ਅਤੇ ਤੋਹਫੇ ਦੇ ਕੇ ਸਨਮਾਨ ਕੀਤਾ। ਸੀਨੀਅਰ ਮੀਤ ਪ੍ਰਧਾਨ ਹਰਜਿੰਦਰ ਸਿੰਘ ਢੀਂਡਸਾ ਨੇ ਆਏ ਸਾਥੀਆਂ ਦਾ ਧੰਨਵਾਦ ਕੀਤਾ। ਮੀਟਿੰਗ ਦੀ ਸਮੁੱਚੀ ਕਾਰਵਾਈ ਗੁਰਦੀਪ ਸਿੰਘ ਸਾਰੋਂ ਨੇ ਬਹੁਤ ਹੀ ਸ਼ਲਾਘਾਯੋਗ ਢੰਗ ਨਾਲ ਚਲਾਈ

# ਸਕੂਲੀ ਬੱਚਿਆਂ ਨੇ ਡਿੱਗੇ ਰੁਪਏ ਵਾਪਸ ਕਰ ਦਿਖਾਈ ਇਮਾਨਦਾਰੀ



**ਦਿੜ੍ਹਬਾ (ਜਸਵੀਰ ਲਾਡੀ)**- ਨੇੜਲੇ ਪਿੰਡ ਛਾਜਲੀ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਬੱਚਿਆਂ ਨੇ ਡਿੱਗੇ ਰੁਪਏ ਮਾਲਕ ਨੂੰ ਪਹੁੰਚਾ ਕੇ ਇਮਾਨਦਾਰੀ ਕਾਇਮ ਕੀਤੀ ਹੈ। ਜਾਣਕਾਰੀ ਅਨੁਸਾਰ ਅਵਤਾਰ ਸਿੰਘ ਛਾਜਲੀ ਕੋਆਪਰੇਟਿਵ ਬੈਂਕ ਤੋਂ ਰੁਪਏ 45 ਹਜ਼ਾਰ ਕਢਾ ਕੇ ਲਿਆਇਆ ਜੋ ਸੜਕ ਤੇ ਡਿੱਗ ਗਏ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਛਾਜਲੀ ਦੀਆਂ ਲੜਕੀਆਂ ਜੈਨਬ ਅਤੇ ਰਮਨਦੀਪ ਕੌਰ ਨੂੰ ਸੜਕ ਤੇ ਡਿੱਗੇ 45 ਹਜ਼ਾਰ ਮਿਲੇ। ਉਨ੍ਹਾਂ ਨੇ ਡਿੱਗੇ ਰੁਪਏ ਭੂਸ਼ਨ ਸਿੰਘ ਜੰਡੂ ਦੀ ਵਰਕਸ਼ਾਪ 'ਤੇ ਫੜਾ ਦਿੱਤੇ। ਸੋਸ਼ਲ ਮੀਡੀਆ 'ਤੇ ਪਾਈ ਪੋਸਟ ਤੋਂ ਪ੍ਰਾਪਤ ਹੋਈ ਡਿੱਗੇ ਰੁਪਇਆ ਦੀ ਖਬਰ ਅਵਤਾਰ ਸਿੰਘ ਦੇ ਕੰਨੀਂ ਪਈ। ਉਨ੍ਹਾਂ ਆਪਣੇ ਰੁਪਈਆਂ ਦੀ ਅਸਲ ਨਿਸ਼ਾਨੀ ਦੱਸ ਕੇ 45 ਹਜ਼ਾਰ ਰੁਪਏ ਪ੍ਰਾਪਤ ਕੀਤੇ। ਬੱਚਿਆਂ ਦੀ ਇਮਾਨਦਾਰੀ ਦੀ ਮਿਸਾਲ ਤੋਂ ਖੁਸ਼ ਹੋ ਕੇ ਪਿੰਡ ਦੀ ਸਮੁੱਚੀ ਪੰਚਾਇਤ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਛਾਜਲੀ ਵਿਖੇ ਸਮੂਹ ਸਕੂਲ ਸਟਾਫ ਦੀ ਹਾਜ਼ਰੀ ਵਿੱਚ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਅਧਿਆਪਕ ਨੇ ਕਿਹਾ ਕਿ ਦਿਹਾੜੀਦਾਰ ਪਰਵਾਰਾਂ ਦੇ ਬੱਚਿਆਂ ਨੇ ਐਨੀ ਵੱਡੀ ਰਕਮ ਵਾਪਸ ਕਰਕੇ ਆਪਣੇ ਮਾਪਿਆਂ ਅਤੇ ਸਕੂਲ ਦਾ ਨਾਂ ਚਮਕਾਇਆ ਹੈ।

# ਕਹਿਕਸ਼ਾਂ ਦਾ 5ਵਾਂ ਮੁਸ਼ਾਇਰਾ 'ਸ਼ਬਦ ਮੰਗਲ' ਅਮਿੱਟ ਛਾਪ ਛੱਡਦਾ ਹੋਇਆ ਸਮਾਪਤ

**ਮਲੋਟ (ਗੁਰਮੀਤ ਸਿੰਘ ਮੱਕੜ)**:-ਸ਼ਹਿਰ ਵਿਚ ਸਾਹਿਤਕ ਗਤੀਵਿਧੀਆਂ ਨੂੰ ਜੀਵੰਤ ਰੱਖਣ ਲਈ ਕਾਰਜਸ਼ੀਲ ਸਾਹਿਤਕ ਸੰਸਥਾ ਕਹਿਕਸ਼ਾਂ ਵਲੋਂ ਮਰਹੂਮ ਸ਼ਾਇਰ ਮੰਗਲ ਮਦਾਨ ਯਾਦ ਵਿਚ 5ਵਾਂ ਮੁਸ਼ਾਇਰਾ ਸ਼ਬਦ ਮੰਗਲ ਸਕਾਈ ਮਾਲ ਮਲੋਟ ਵਿਖੇ ਕਰਵਾਇਆ ਗਿਆ। ਮੰਚ ਸੰਚਾਲਨ ਕਰ ਰਹੇ ਮਨਜੀਤ ਸੂਖ਼ਮ ਨੇ ਕਹਿਕਸ਼ਾਂ ਬਾਰੇ ਅਤੇ ਇਸ ਦੇ ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉੱਭਰਦੇ ਗਾਇਕਾਂ ਰਸਦੀਪ ਗਿੱਲ, ਜਸਦੀਪ ਗਿੱਲ, ਵੰਦਨਾ ਵਾਣੀ, ਰਵੀ ਗਿੱਲ ਅਤੇ ਸਾਹਿਤਕ ਗਾਇਕ ਪਵਨਦੀਪ ਚੌਹਾਨ ਨੇ ਪ੍ਰੋਗਰਾਮ ਦਾ ਆਰੰਭ ਕੀਤਾ। ਪ੍ਰੋ. ਯਸ਼ਪਾਲ ਮੱਕੜ ਨੇ ਆਏ ਮਹਿਮਾਨਾਂ, ਸ਼ਾਇਰਾਂ ਦਾ ਸਵਾਗਤ ਕਰਦਿਆਂ ਕਹਿਕਸ਼ਾਂ ਦੀ ਟੀਮ ਨੂੰ ਮੁਬਾਰਕਬਾਦ ਦਿੱਤੀ। ਮੁਸ਼ਾਇਰੇ ਦੇ ਸੂਤਰਧਾਰ ਮੁਕੇਸ਼ ਆਲਮ ਨੇ ਮੰਗਲ ਮਦਾਨ ਨੂੰ ਸਲਾਮ ਕਰਦਿਆਂ ਕਹਿਕਸ਼ਾਂ ਨੂੰ ਮੁਬਾਰਕਬਾਦ ਦਿੱਤੀ। ਇਸ ਵਾਰ ਮੁਸ਼ਾਇਰੇ ਵਿਚ ਸਤਿਕਾਰਤ ਸੁਖਵਿੰਦਰ ਅੰਮ੍ਰਿਤ, ਦਰਸ਼ਨ ਬੁੱਟਰ, ਮੁਕੇਸ਼ ਆਲਮ, ਅਜੀਤਪਾਲ ਜਟਾਣਾ, ਸੁਆਮੀ ਅੰਤਰ ਨੀਰਵ, ਰੇਣੂ ਨਈਅਰ, ਕਰਨਜੀਤ ਨਕੋਦਰ, ਵਰਿੰਦਰ ਔਲਖ, ਰੂਹੀ ਸਿੰਘ ਨੇ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਗਵਾਈ ਅਤੇ ਸ਼ਾਇਰ ਮੰਗਲ ਮਦਾਨ ਨੂੰ ਚੇਤੇ ਕੀਤਾ। ਧੰਨਵਾਦੀ ਸ਼ਬਦ ਆਖਦਿਆਂ ਬੱਬਰੂ ਵਹੀਨ ਬਾਂਸਲ ਨੇ ਕਹੇ। ਇਸ ਮੌਕੇ ਡੀ.ਐਸ.ਪੀ ਫ਼ਤਿਹ ਸਿੰਘ ਬਰਾੜ, ਰਾਜ ਰੱਸੇਵੱਟ, ਕੁਲਵਿੰਦਰ ਪੂਨੀਆ, ਡਾ. ਰਜਿੰਦਰ ਸਿੰਘ ਸੇਖੋਂ, ਡਾ. ਆਰ.ਪੀ ਸਿੰਘ, ਅਮਰਜੀਤ ਸਿੰਘ ਜੰਡਵਾਲਾ, ਜੁਗਨੂੰ ਜੰਡਵਾਲਾ, ਵਿਜੈ ਚਲਾਨਾ, ਗੁਰਦੀਪ ਸਿੰਘ, ਸੁਦਰਸ਼ਨ ਜੱਗਾ, ਰਾਜਪਾਲ ਸਿੰਘ, ਵਰਿੰਦਰ ਬਜਾਜ, ਭੁਪਿੰਦਰ ਉਤਰੇਜਾ, ਪ੍ਰੋ. ਗੁਰਰਾਜ ਚਹਿਲ, ਰਜਿੰਦਰ ਮਾਜੀ, ਵਿਜੈਅੰਤ, ਧਰਮਵੀਰ, ਨਵਦੀਪ ਬਾਠ, ਹਰਪ੍ਰੀਤ ਚੌਹਾਨ, ਹਰਵਿੰਦਰ ਖਲਾਰਾ ਆਦਿ ਹਾਜ਼ਰ ਰਹੇ।

# ਪ੍ਰਿੰ. ਬਲਵੰਤ ਸਿੰਘ ਸੰਧੂ ਦੀ ਪੁਸਤਕ 'ਇੱਕ ਪਿੰਡ ਦੀ ਖੇਡ ਗਾਥਾ' ਲੋਕ ਅਰਪਣ



**ਹਠੂਰ (ਨਛੱਤਰ ਸੰਧੂ)**-ਪ੍ਰਿੰ. ਬਲਵੰਤ ਸਿੰਘ ਸੰਧੂ ਦੁਆਰਾ ਲਿਖੀ ਅਤੇ ਚੇਤਨਾ ਪ੍ਰਕਾਸ਼ਨ ਲੁਧਿਆਣਾ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਨਵੀਂ ਪੁਸਤਕ 'ਇੱਕ ਪਿੰਡ ਦੀ ਖੇਡ ਗਾਥਾ' ਪਿੰਡ ਚਕਰ ਵਿੱਚ ਕਬੱਡੀ ਟੂਰਨਾਮੈਂਟ ਮੌਕੇ ਪਿੰਡ ਵਾਸੀਆਂ ਵੱਲੋਂ ਲੋਕ ਅਰਪਣ ਕੀਤੀ ਗਈ। ਪਿੰਡ ਦੇ ਸਰਪੰਚ ਸੁਖਦੇਵ ਸਿੰਘ, ਪੰਚ ਮਨਪ੍ਰੀਤ ਸਿੰਘ ਦੁੱਲਾ, ਪਹਿਲੇ ਸਮਿਆਂ ਵਿੱਚ ਬੋਰੀ ਚੁੱਕਣ ਵਿੱਚ ਨਾਮਣਾ ਖੱਟਣ ਵਾਲੇ ਮੇਵਾ ਸਿੰਘ ਸੰਧੂ, ਨੰਦ ਸਿੰਘ, ਨੰਬਰਦਾਰ ਚਮਕੌਰ ਸਿੰਘ, ਸਰਵਨ ਸਿੰਘ ਮਾਰਕੀਟ ਕਮੇਟੀ, ਰਛਪਾਲ ਸਿੰਘ ਸਿੱਧੂ, ਦਰਸ਼ਨ ਸਿੰਘ ਗਿੱਲ, ਸੌਦਾਗਰ ਸਿੰਘ ਸਿੱਧੂ, ਮਾਸਟਰ ਹਰਦੀਪ ਸਿੰਘ, ਜਿਮੀ ਸਿੱਧੂ, ਫੁੱਟਬਾਲ ਕੋਚ ਅਮਿਤ ਕੁਮਾਰ ਸਮੇਤ ਚਕਰ ਦੀਆਂ ਬਹੁਤ ਸਾਰੀਆਂ ਸ਼ਖ਼ਸੀਅਤਾਂ ਨੇ ਪੁਸਤਕ ਦੀ ਲੋਕ ਅਰਪਣ ਕਰਨ ਦੀ ਰਸਮ ਨਿਭਾਈ। ਇਸ ਮੌਕੇ ਪ੍ਰਿੰ. ਬਲਵੰਤ ਸਿੰਘ ਸੰਧੂ ਨੇ ਕਿਹਾ ਕਿ ਸਾਲ 2023 ਵਿੱਚ ਪਿੰਡ ਚਕਰ ਦਾ ਮੁੱਢ ਬੱਝੇ ਨੂੰ ਸੱਤ ਸੌ ਸਾਲ ਹੋ ਚੁੱਕੇ ਹਨ। ਪਿੰਡ ਦੇ ਸੱਤ ਸੌ ਸਾਲਾ ਮੌਕੇ ਉਸ ਨੇ ਆਪਣੇ ਪਿੰਡ ਲਈ ਇਹ ਤੋਹਫ਼ੇ ਦੇ ਰੂਪ ਵਿੱਚ ਪੁਸਤਕ ਲਿਖੀ ਹੈ। ਉਨ੍ਹਾਂ ਨੇ ਪੁਸਤਕ ਸੰਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਪੁਸਤਕ ਵਿੱਚ ਪਿੰਡ ਚਕਰ ਦੇ ਪਿਛਲੇ ਸੌ ਸਾਲ ਦੇ ਖੇਡ ਇਤਿਹਾਸ ਅਤੇ ਖੇਡ ਸੱਭਿਆਚਾਰ ਬਾਰੇ ਪੇਸ਼ਕਾਰੀ ਕੀਤੀ ਗਈ ਹੈ। ਪ੍ਰਿੰ. ਬਲਵੰਤ ਸਿੰਘ ਸੰਧੂ ਨੇ ਕਿਹਾ ਕਿ ਉਸ ਦੀ ਇੱਛਾ ਸੀ ਕਿ ਇਹ ਪੁਸਤਕ ਉਸ ਦੇ ਪਿੰਡ ਵਾਸੀ ਹੀ ਲੋਕ ਅਰਪਣ ਕਰਨ। ਪਿੰਡ ਵਾਸੀਆਂ ਵੱਲੋਂ ਇਸ ਪੁਸਤਕ ਦੀ ਸ਼ਲਾਘਾ ਕੀਤੀ ਗਈ ਜਿਸ ਵਿੱਚ ਉਨ੍ਹਾਂ ਦੇ ਵੱਡੇ ਵਡੇਰਿਆਂ ਦੀਆਂ ਖੇਡ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਗਿਆ ਹੈ। ਸ਼ਬਦ ਅਦਬ ਸਾਹਿਤ ਸਭਾ ਦੇ ਪ੍ਰਧਾਨ ਰਛਪਾਲ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬੀ ਖੇਡ ਸਾਹਿਤ ਵਿੱਚ ਇਸ ਪੁਸਤਕ ਦਾ ਅਹਿਮ ਸਥਾਨ ਹੋਵੇਗਾ। ਇਹ ਹੋਰਨਾਂ ਪਿੰਡਾਂ ਤੇ ਸੰਸਥਾਵਾਂ ਦੁਆਰਾ ਆਪੋ ਆਪਣਾ ਖੇਡ ਇਤਿਹਾਸ ਅਤੇ ਖੇਡ ਸੱਭਿਆਚਾਰ ਸੰਭਾਲਣ ਲਈ ਮਾਰਗ ਦਰਸ਼ਨ ਕਰੇਗੀ।

# ਪੰਜਾਬ ਸਕੂਲ ਖੇਡਾਂ 'ਚ ਜੇਤੂ ਖਿਡਾਰਨਾਂ ਸਨਮਾਨਤ

**ਕੋਟ ਈਸੇ ਖਾਂ (ਅਰੋੜਾ)** 67ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਸਾਫਟਬਾਲ ਅੰਡਰ 14 ਸਾਲ ਲੜਕੀਆਂ ਵਿੱਚ ਜੇਤੂ ਰਹਿਣ ਵਾਲੀਆਂ ਟੀਮਾਂ ਨੂੰ ਸ੍ਰੀਮਤੀ ਮਮਤਾ ਬਜਾਜ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਮੋਗਾ ਵੱਲੋਂ ਮੈਡਲ ਪਾ ਕੇ ਸਨਮਾਨਤ ਕੀਤਾ ਗਿਆ। ਬਲਵਿੰਦਰ ਸਿੰਘ ਬੈਂਸ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਅਤੇ ਲੈਕਚਰਾਰ ਪਲਵਿੰਦਰ ਸਿੰਘ ਕਨਵੀਨਰ ਸਾਫਟਬਾਲ ਖੇਡ ਨੇ ਦੱਸਿਆ ਕਿ 67ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਸਾਫਟਬਾਲ ਅੰਡਰ 14 ਸਾਲ ਲੜਕੀਆਂ ਦੇ ਮੁਕਾਬਲੇ, ਜੋ ਸ਼ਹੀਦ ਜੈਮਲ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗਲੋਟੀ ਵਿਖੇ ਪਿਛਲੇ ਤਿੰਨ ਦਿਨਾਂ ਤੋਂ ਕਰਾਏ ਜਾ ਰਹੇ ਸਨ, ਉਸ ਵਿੱਚ ਲੁਧਿਆਣਾ ਜ਼ਿਲ੍ਹੇ ਨੇ ਪਹਿਲਾ ਸਥਾਨ,



ਮੋਗਾ ਜ਼ਿਲ੍ਹੇ ਨੇ ਦੂਜਾ ਸਥਾਨ ਅਤੇ ਫ਼ਾਜ਼ਿਲਕਾ ਜ਼ਿਲ੍ਹੇ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਖਿਡਾਰੀਆਂ ਨੂੰ ਸ੍ਰੀਮਤੀ ਮਮਤਾ ਬਜਾਜ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਮੋਗਾ ਵੱਲੋਂ ਮੈਡਲ ਪਾ ਕੇ ਅਤੇ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ। ਮੈਡਮ ਮਮਤਾ ਬਜਾਜ ਵੱਲੋਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਅੱਗੇ ਤੋਂ ਹੋਰ ਸਖਤ ਮਿਹਨਤ ਕਰਕੇ ਪੰਜਾਬ ਦਾ ਨਾਂਅ ਪੂਰੇ ਭਾਰਤ ਵਿੱਚ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ।ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਸਮੁੱਚੇ ਪ੍ਰਬੰਧਾਂ ਉੱਪਰ ਪ੍ਰਸੰਨਤਾ ਜਤਾਈ ਗਈ ਅਤੇ ਵਧੀਆ ਤਰੀਕੇ ਨਾਲ ਟੂਰਨਾਮੈਂਟ ਨੇਪਰੇ ਚਾੜ੍ਹਨ 'ਤੇ ਸਾਰੇ ਹੀ ਡਿਊਟੀ ਕਰ ਰਹੇ ਕ੍ਰਮਚਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ।

# ਜਸਵਿੰਦਰ ਸਿੱਧੂ ਦੇ ਬੇਟੇ ਸਿਮਰਨਜੀਤ ਸਿੰਘ ਸਿੱਧੂ ਦੇ ਵਿਆਹ ਮੌਕੇ ਲੱਗੀਆਂ ਰੌਣਕਾਂ



ਕੋਟ ਈਸੇ ਖਾਂ (ਅਰੋੜਾ)-ਰਾਜ ਭਰ ਦੇ ਈਟੀਟੀ ਅਧਿਆਪਕਾਂ 'ਚ ਸਭ ਤੋਂ ਵੱਡੀ ਖ਼ੁਸ਼ੀ ਉਸ ਸਮੇਂ ਵੇਖਣ ਨੂੰ ਮਿਲੀ ਜਦੋਂ ਉਨ੍ਹਾਂ ਆਪਣੇ ਮਹਿਬੂਬ ਨੇਤਾ ਜਸਵਿੰਦਰ ਸਿੰਘ ਸਿੱਧੂ ਦੇ ਪਿਆਰੇ ਬੇਟੇ ਸਿਮਰਨਜੀਤ ਸਿੰਘ ਸਿੱਧੂ ਦੇ ਵਿਆਹ ਮੌਕੇ ਇਕੱਠੇ ਹੋ ਕੇ ਖੂਬ ਭੰਗੜੇ ਪਾਏ। ਜ਼ਿਕਰਯੋਗ ਹੈ ਕਿ ਜਸਵਿੰਦਰ ਸਿੰਘ ਸਿੱਧੂ ਈਟੀਟੀ ਅਧਿਆਪਕ ਯੂਨੀਅਨ ਪੰਜਾਬ ਦੇ ਜਿੱਥੇ ਸੂਬਾ ਪ੍ਰਧਾਨ ਹਨ, ਉੱਥੇ ਉਹ ਪੰਜਾਬ ਭਰ ਦੇ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਵਿੱਚ ਆਪਣਾ ਅਹਿਮ ਰੁਤਬਾ ਰੱਖਦੇ ਹਨ। ਪਿਛਲੇ ਦਿਨੀਂ ਉਨ੍ਹਾਂ ਨੂੰ ਪੰਜਾਬ ਸਰਕਾਰ ਨੇ ਹਾਊਸਿੰਗ ਬੋਰਡ ਪੰਜਾਬ ਗਮਾਡਾ ਦੇ ਡਾਇਰੈਕਟਰ ਦੀ ਨਿਯੁਕਤੀ ਕਰਕੇ ਉਨ੍ਹਾਂ ਨੂੰ ਇਕ ਤੋਹਫ਼ਾ ਵੀ ਦਿੱਤਾ ਸੀ। ਜ਼ਿਕਰਯੋਗ ਹੈ ਕਿ ਕਿ ਸਿੱਧੂ ਦਾ ਬੇਟਾ ਸਿਮਰਨਜੀਤ, ਜਿਸ ਕੋਲ ਪੱਕੇ ਤੌਰ 'ਤੇ ਕੈਨੇਡਾ ਦੀ ਸਿਟੀਜਨਸ਼ਿਪ ਵੀ ਹੈ, ਦੇ ਵਿਆਹ ਵਿੱਚ ਪੰਜਾਬ ਦੇ ਸਾਰੇ ਕੋਨਿਆਂ ਤੋਂ ਲੈ ਕੇ ਸਮੁੰਦਰੋਂ ਪਾਰ ਕੈਨੇਡਾ ਤੋਂ ਵੀ ਮੰਨੀਆਂ ਪ੍ਰਮੰਨੀਆਂ ਹਸਤੀਆਂ ਨੇ ਸ਼ਿਰਕਤ ਕੀਤੀ ਸੀ। ਮੈਂਬਰ ਪਾਰਲੀਮੈਂਟ ਸੁਸ਼ੀਲ ਰਿੰਕੂ, ਆਮ ਆਦਮੀ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ, ਪਾਰਟੀ ਦੇ ਯੂਥ ਵਿੰਗ ਦੇ ਪ੍ਰਧਾਨ ਤੇ ਹਲਕਾ ਵਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ, ਡਾ. ਅਮਨ ਅਰੋੜਾ ਵਿਧਾਇਕਾ ਮੋਗਾ, ਮਨਜੀਤ ਸਿੰਘ ਬਿਲਾਸਪੁਰ ਵਿਧਾਇਕ ਨਿਹਾਲ ਸਿੰਘ ਵਾਲਾ, ਨਰੇਸ਼ ਕਟਾਰੀਆ ਵਿਧਾਇਕ ਜੀਰਾ, ਗੁਰਦਿੱਤ ਸਿੰਘ ਸੇਖੋਂ ਵਿਧਾਇਕ ਫਰੀਦਕੋਟ, ਹਰਦੀਪ ਸਿੰਘ ਮੁੰਡੀਆ ਵਿਧਾਇਕ ਸਾਹਨੇਵਾਲ, ਕੁਲਵੀਰ ਸਿੰਘ ਜੀਰਾ ਸਾਬਕਾ ਵਿਧਾਇਕ, ਕਾਕਾ ਸਿੰਘ ਲੋਹਗੜ੍ਹ ਸਾਬਕਾ ਵਿਧਾਇਕ, ਅਰਵਿੰਦਰ ਆਵਲਾ ਸਾਬਕਾ ਵਿਧਾਇਕ ਜਲਾਲਾਬਾਦ, ਗੁਰਤੇਜ ਸਿੰਘ ਖੋਸਾ ਚੇਅਰਮੈਨ ਫਰੀਦਕੋਟ, ਹਰਮਨ ਬਰਾੜ ਚੇਅਰਮੈਨ ਮੋਗਾ, ਦੀਪਕ ਅਰੋੜਾ ਚੇਅਰਮੈਨ ਮੋਗਾ, ਅਮਨ ਕਟੋਰੀਆ ਚੇਅਰਮੈਨ ਮੋਗਾ, ਸੁਖਜਿੰਦਰ ਕੋਨੀ ਚੇਅਰਮੈਨ ਮੁਕਤਸਰ ਸਾਹਿਬ ਸਮੇਤ ਦਰਜਨਾਂ ਭਰ ਵਿਧਾਇਕਾਂ ਤੇ ਹੋਰ ਮੰਨੀਆਂ ਪ੍ਰਮੰਨੀਆਂ ਹਸਤੀਆਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਕਤ ਕੀਤੀ। ਵਿਆਹ ਦੀ ਮਹਿਫਲ ਨੂੰ ਮਸ਼ਹੂਰ ਗਾਇਕ ਰਣਜੀਤ ਬਾਵਾ ਨੇ ਹੋਰ ਰੰਗੀਨ ਬਣਾ ਦਿੱਤਾ।

# ਸੁਧੀਰ ਨੇ ਲੰਮੀ ਛਾਲ 'ਚ ਸਿਲਵਰ ਮੈਡਲ ਜਿੱਤਿਆ



**ਲੁਧਿਆਣਾ (ਐੱਮ.ਐੱਸ. ਭਾਟੀਆ)** ਪਿਛਲੇ ਦਿਨੀਂ ਭਾਰਤੀ ਜੀਵਨ ਬੀਮਾ ਨਿਗਮ ਵੱਲੋਂ ਆਲ ਇੰਡੀਆ ਐਲਆਈਸੀ ਖੇਡਾਂ 2023-24 ਦਾ ਆਯੋਜਨ ਗੋਆ ਵਿਖੇ ਕੀਤਾ ਗਿਆ। ਐਲਆਈਸੀ ਸਪੋਰਟਸ ਪ੍ਰਮੋਸ਼ਨ ਬੋਰਡ ਵੱਲੋਂ ਆਯੋਜਤ ਇਸ ਖੇਡ ਮੇਲੇ ਵਿੱਚ ਭਾਰਤ ਭਰ ਵਿੱਚੋਂ ਖਿਡਾਰੀਆਂ ਨੇ ਭਾਗ ਲਿਆ। ਲੁਧਿਆਣਾ ਡਵੀਜ਼ਨ ਦੇ ਸੀਨੀਅਰ ਡਿਵੀਜ਼ਨਲ ਮੈਨੇਜਰ ਆਰ.ਐਲ ਜਰਿਆਲ ਨੇ ਦੱਸਿਆ ਕਿ ਐਲ.ਆਈ.ਸੀ. ਆਫ਼ ਇੰਡੀਆ ਹਰ ਸਾਲ ਆਪਣੇ ਕ੍ਰਮਚਾਰੀਆਂ, ਜੋ ਸਪੋਰਟਸ ਅਤੇ ਗੈਰ-ਸਪੋਰਟਸ ਕੋਟੇ ਅਧੀਨ ਨਿਯੁਕਤ ਹੋਏ ਹਨ, ਲਈ ਛੇ ਖੇਡ ਈਵੈਂਟ ਜਿਵੇਂ ਕਿ ਐਥਲੈਟਿਕ, ਬੈਡਮਿੰਟਨ, ਟੇਬਲ ਟੈਨਿਸ, ਕੈਰਮ, ਸ਼ਤਰੰਜ ਤੇ ਵਾਲੀਬਾਲ ਦਾ ਆਯੋਜਨ ਕਰ ਰਹੀ ਹੈ । ਸੀਨੀਅਰ ਡਵੀਜ਼ਨਲ ਮੈਨੇਜਰ ਆਰ ਐਲ ਜਰਿਆਲ ਨੇ ਅੱਗੇ ਦੱਸਿਆ ਕਿ ਇਸ ਆਲ ਇੰਡੀਆ ਐਲਆਈਸੀ ਖੇਡ ਮੁਕਾਬਲੇ ਵਿੱਚ ਲੁਧਿਆਣਾ ਡਵੀਜ਼ਨ ਦੇ ਸੁਧੀਰ ਨੇ ਅਥਲੈਟਿਕ ਵਿੱਚ ਹਿੱਸਾ ਲਿਆ। ਲੰਬੀ ਛਾਲ ਦੇ ਤਹਿਤ ਭਾਗ ਲੈਂਦੇ ਹੋਏ ਸੁਧੀਰ ਨੇ 6.93 ਮੀਟਰ ਲੰਬੀ ਛਾਲ ਮਾਰ ਕੇ ਸਿਲਵਰ ਮੈਡਲ ਜਿੱਤ ਕੇ ਲੁਧਿਆਣਾ ਮੰਡਲ ਦਾ ਨਾਂਅ ਰੌਸ਼ਨ ਕੀਤਾ। ਸ੍ਰੀ ਜਰਿਆਲ ਨੇ ਦੱਸਿਆ ਕਿ ਸ੍ਰੀ ਸੁਧੀਰ ਦੀ 03.09.2009 ਨੂੰ ਸਪੋਰਟਸ ਕੋਟੇ ਤਹਿਤ ਸਹਾਇਕ ਵਜੋਂ ਨਿਯੁਕਤੀ ਹੋਈ ਸੀ। ਉਹ ਲੰਬੀ ਛਾਲ ਵਿੱਚ ਰਾਸ਼ਟਰੀ ਖਿਡਾਰੀ ਵੀ ਹੈ। ਆਲ ਇੰਡੀਆ ਐਲਆਈਸੀ ਖੇਡਾਂ ਵਿੱਚ ਹਿੱਸਾ ਲੈਣ ਤੋਂ ਇਲਾਵਾ ਉਸ ਨੇ ਆਲ ਇੰਡੀਆ ਪਬਲਿਕ ਸੈਕਟਰ ਐਥਲੈਟਿਕ ਖੇਡਾਂ ਵਿੱਚ ਵੀ ਹਿੱਸਾ ਲਿਆ ਸੀ। ਗੋਆ ਤੋਂ ਲੁਧਿਆਣਾ ਪਹੁੰਚਣ 'ਤੇ ਲੁਧਿਆਣਾ ਡਵੀਜ਼ਨ ਵੱਲੋਂ ਸ੍ਰੀ ਆਰ.ਐਲ. ਜਰਿਆਲ ਦੀ ਅਗਵਾਈ ਹੇਠ ਸੁਧੀਰ ਦਾ ਨਿੱਘਾ ਸਵਾਗਤ ਕੀਤਾ ਗਿਆ।

# ਬਾਰ ਐਸੋਸੀਏਸ਼ਨ ਵੱਲੋਂ ਅਣਮਿੱਥੇ ਸਮੇਂ ਦੀ ਹੜਤਾਲ ਜਾਰੀ

**ਸਿਰਸਾ (ਸੁਰਿੰਦਰ ਪਾਲ ਸਿੰਘ)** ਥਾਣਾ ਰੋੜੀ ਅਤੇ ਵੱਡਾਗੁੜਾ ਨੂੰ ਡੱਬਵਾਲੀ ਅਦਾਲਤ ਨਾਲ ਜੋੜਨ ਤੇ ਸਿਰਸਾ ਬਾਰ ਐਸੋਸੀਏਸ਼ਨ ਵਕੀਲਾਂ ਵੱਲੋਂ ਅਣਮਿੱਥੇ ਸਮੇਂ ਲਈ ਹੜਤਾਲ ਜਾਰੀ ਹੈ। ਸਿਰਸਾ ਦੇ ਵਕੀਲਾਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਏਡੀਸੀ ਅਤੇ ਐਸਪੀ ਵਿਕਰਾਂਤ ਭੂਸ਼ਣ ਨੂੰ ਦਿੱਤੇ ਮੰਗ ਪੱਤਰ ਵਿਚ ਥਾਣਾ ਰੋੜੀ ਅਤੇ ਵੱਡਾਗੁੜਾ ਨੂੰ ਡੱਬਵਾਲੀ ਅਦਾਲਤ ਨਾਲ ਜੋੜਨ ਤੇ ਰੋਸ ਪ੍ਰਗਟ ਕੀਤਾ।



ਕਿਸਾਨ ਜਥੇਬੰਦੀਆਂ ਵੀ ਵਕੀਲਾਂ ਦੇ ਸਮਰਥਨ ਵਿੱਚ ਆ ਗਈਆਂ ਹਨ।ਵਕੀਲਾਂ ਨੇ ਕਿਹਾ ਹੈ ਕਿ ਉਹ ਬੱਸਾਂ ਭਰਕੇ ਮੁੱਖ ਮੰਤਰੀ ਨੂੰ ਮਿਲਣ ਲਈ ਜਾਣਗੇ।ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਗਣੇਸ਼ ਸੇਠੀ ਨੇ ਵਕੀਲਾਂ ਸਮੇਤ ਏਡੀਸੀ ਵਿਵੇਕ ਭਾਰਤੀ ਨਾਲ ਮੁਲਾਕਾਤ ਦੌਰਾਨ ਕਿਹਾ ਕਿ ਰੋੜੀ ਤੇ ਵੱਡਾਗੁੜਾ ਥਾਣਿਆਂ ਨੂੰ ਡੱਬਵਾਲੀ ਅਦਾਲਤ ਨਾਲ ਜੋੜਨਾ ਬਹੁਤ ਹੀ ਗ਼ਲਤ ਫੈਸਲਾ ਹੈ।ਇਸ ਕਾਰਨ ਦੋਵਾਂ ਥਾਣਿਆਂ ਦੇ 71 ਪਿੰਡਾਂ ਦੇ ਹਜ਼ਾਰਾਂ ਪਿੰਡ ਵਾਸੀ ਅਤੇ ਸਿਰਸਾ ਅਦਾਲਤ ਦੇ 1700 ਵਕੀਲ ਪ੍ਰਭਾਵਿਤ ਹੋਣਗੇ। ਉਨ੍ਹਾਂ ਕਿਹਾ ਕਿ ਦੋਵੇਂ ਥਾਣਾ ਖੇਤਰ ਪਿੰਡ ਡੱਬਵਾਲੀ ਤੋਂ 50 ਤੋਂ 60 ਕਿਲੋਮੀਟਰ ਦੂਰ ਹਨ,ਜਦਕਿ ਸਿਰਸਾ 15 ਤੋਂ 20 ਕਿਲੋਮੀਟਰ ਦੂਰ ਹੈ। ਬਾਰ ਪ੍ਰਧਾਨ ਨੇ ਦੱਸਿਆ ਕਿ ਦੋਵੇਂ ਥਾਣਾ ਖੇਤਰ ਪੰਜਾਬ ਬਾਰਡਰ ਦੇ ਹਨ,ਇੱਥੇ ਨਸ਼ਾ ਤਸਕਰੀ ਦੇ ਮਾਮਲੇ ਜ਼ਿਆਦਾ ਹਨ ਤੇ ਇਨ੍ਹਾਂ ਕੇਸਾਂ ਲਈ ਸਿਰਸਾ ਵਿੱਚ ਵਿਸ਼ੇਸ਼ ਅਦਾਲਤ ਦੀ ਸਥਾਪਨਾ ਕੀਤੀ ਗਈ ਹੈ ਅਤੇ ਜ਼ਿਲ੍ਹੇ ਦੇ ਨਾਰਕੋਟਿਕਸ ਐਕਟ ਦੇ ਕੇਸ ਵੀ ਸਿਰਸਾ ਦੀ ਅਦਾਲਤ ਵਿੱਚ ਹੀ ਚੱਲਦੇ ਹਨ। ਉਨ੍ਹਾਂ ਕਿਹਾ ਕਿ ਬਾਰ ਐਸੋਸੀਏਸ਼ਨ ਨੂੰ ਜਲਦੀ ਹੀ ਮੁੱਖ ਮੰਤਰੀ ਨੂੰ ਮਿਲਣ ਦਾ ਸਮਾਂ ਮਿਲਣ ਦੀ ਭਾਵਨਾ ਹੈ।

# ਟਿੱਬਿਆਂ ਦੇ ਮੇਲੇ ਸੰਬੰਧੀ ਸਮਾਜ ਸੇਵੀ ਤੇ ਸੱਭਿਆਚਾਰਕ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ

**ਮਾਨਸਾ, (ਆਤਮਾ ਸਿੰਘ ਪਮਾਰ)** ਬਹੁਮੰਤਵੀ ਖੇਡ ਸਟੇਡੀਅਮ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ 8 ਤੋਂ 10 ਦਸੰਬਰ ਨੂੰ ਲੱਗਣ ਵਾਲੇ ਟਿੱਬਿਆਂ ਦੇ ਮੇਲੇ ਸਬੰਧੀ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਅਮਿਤ ਬੈਂਬੀ ਨੇ ਜ਼ਿਲ੍ਹਾ ਪ੍ਰੀਸ਼ਦ ਵਿਖੇ ਵੱਖ ਵੱਖ ਸਮਾਜ ਸੇਵੀ ਤੇ ਸੱਭਿਆਚਾਰਕ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਮੇਲੇ ਨੂੰ ਸਫਲਤਾਪੂਰਵਕ ਨੇਪਰੇ ਚੜ੍ਹਾਉਣ ਲਈ ਅਹਿਮ ਮੀਟਿੰਗ ਕੀਤੀ।

ਸ੍ਰੀ ਅਮਿਤ ਬੈਂਬੀ ਨੇ ਸ਼ਹਿਰ ਦੀਆਂ ਨਾਮਵਰ ਪ੍ਰਮੁੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਤਿੰਨ ਰੋਜ਼ਾ ਮੇਲੇ ਦੀ ਉਲੀਕੀ ਰੂਪ ਰੇਖਾ ਬਾਰੇ ਜਾਣੂ ਕਰਾਇਆ ਅਤੇ ਮੇਲੇ ਨੂੰ ਹੋਰ ਵਧੇਰੇ ਸਫਲ ਬਣਾਉਣ ਲਈ ਸਮੁੱਚੀਆਂ ਸੰਸਥਾਵਾਂ ਨੂੰ ਸਹਿਯੋਗ ਦੀ ਅਪੀਲ ਕੀਤੀ।

ਸਮੂਹ ਸੰਸਥਾਵਾਂ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਮੇਲੇ ਅੰਦਰ ਹਰ ਤਰ੍ਹਾਂ ਦਾ ਸਹਿਯੋਗ ਕਰਨ ਦਾ ਵਿਸ਼ਵਾਸ ਦਿਵਾਇਆ। ਇਸ ਮੌਕੇ ਡਾ. ਸੰਦੀਪ ਘੰਡ ਚੇਅਰਮੈਨ ਸਿੱਖਿਆ ਵਿਕਾਸ ਮੰਚ, ਹਰਿੰਦਰ ਸਿੰਘ ਮਾਨਸ਼ਾਹੀਆ ਸੱਭਿਆਚਾਰ ਚੇਤਨਾ ਮੰਚ, ਪ੍ਰਿੰਸੀਪਲ ਦਰਸ਼ਨ ਬਰੇਟਾ (ਰਿਟਾ.), ਐਡਵੋਕੇਟ ਬਲਵੰਤ ਭਾਟੀਆ, ਗੁਰਚੇਤ ਸਿੰਘ ਫੱਤੇਵਾਲੀਆ, ਬਲਰਾਜ ਨੰਗਲ, ਤਰਸੇਮ ਚੰਦ ਸੇਮੀ ਆਸਰਾ ਵੈਲਫੇਅਰ ਕਲੱਬ, ਡਾ. ਜਨਕ ਰਾਜ ਵਾਇਸ ਆਫ ਮਾਨਸਾ, ਗੁਰਨੈਬ ਮਘਾਣੀਆ, ਦਰਸ਼ਨ ਜੋਗਾ, ਬਲਰਾਜ ਮਾਨ ਤੇ ਸਰਬਜੀਤ ਸਿੰਘ ਮੌਜੂਦ ਸਨ।

# ਡੀ ਏ ਵੀ 'ਚ 'ਨਰਿਤਯ ਉਤਸਵ' ਦਾ ਆਯੋਜਨ



**ਰਾਜਪੁਰਾ (ਰਮੇਸ਼ ਕਟਾਰੀਆ)**-ਡੀ.ਏ.ਵੀ ਪਬਲਿਕ ਸਕੂਲ ਵਿੱਚ 'ਥੀਮ ਨਰਿਤਯ ਉਤਸਵ' ਤਹਿਤ ਸਾਲਾਨਾ ਸਮਾਗਮ ਅਤੇ ਇਨਾਮ ਵੰਡ ਸਮਾਰੋਹ ਕਰਾਇਆ ਗਿਆ। ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ (ਸਕੱਤਰ ਡੀ.ਏ.ਵੀ ਸੀਐਮਸੀ) ਸ੍ਰੀ ਰਵਿੰਦਰ ਤਲਵਾੜ ਵਿਸ਼ੇਸ਼ ਮਹਿਮਾਨ ਸ੍ਰੀਮਤੀ ਮਧੂ ਬਹਿਲ, ਸਥਾਨਕ ਪ੍ਰਬੰਧਕ ਕਮੇਟੀ ਦੇ ਮੈਂਬਰ ਤੇ ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲ ਹਾਜ਼ਰ ਸਨ।

ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨ ਸ੍ਰੀ ਰਵਿੰਦਰ ਤਲਵਾੜ ਦੀ ਮੌਜੂਦਗੀ ਵਿੱਚ ਦੀਪ ਜਗਾ ਕੇ ਕੀਤੀ ਗਈ। ਵਿਦਿਆਰਥੀਆਂ ਨੇ ਸਵਾਗਤੀ ਗੀਤ ਰਾਹੀਂ ਮਾਹੌਲ ਨੂੰ ਖੁਸ਼ੀ ਨਾਲ ਭਰ ਦਿੱਤਾ। ਵੇਦ ਮੰਤਰ 'ਤੇ ਪੇਸ਼ਕਾਰੀ ਦੇ ਕੇ ਭਾਰਤੀ ਸੰਸਕ੍ਰਿਤੀ ਵਿੱਚ ਵੇਦਾਂ ਦੀ ਭੂਮਿਕਾ ਅਤੇ ਵੈਦਿਕ ਧੁਨੀ 'ਓਮ' ਪੇਸ਼ ਕੀਤੀ ਗਈ। ਵਿਦਿਆਰਥੀਆਂ ਨੇ ਆਪਣੀ ਮਨਮੋਹਕ ਪੇਸ਼ਕਾਰੀ ਰਾਹੀਂ ਦਰਸ਼ਕਾਂ ਦਾ ਮਨ ਮੋਹ ਲਿਆ। ਸ੍ਰੀਮਤੀ ਸਰਿਤਾ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ ਅਤੇ ਸੈਸ਼ਨ 2021-22, 2022-23 ਦੀਆਂ ਵਿੱਦਿਅਕ, ਖੇਡਾਂ ਤੇ ਸੱਭਿਆਚਾਰਕ ਪ੍ਰਾਪਤੀਆਂ 'ਤੇ ਚਾਨਣਾ ਪਾਇਆ ਅਤੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਲਈ ਮੁੱਖ ਮਹਿਮਾਨ ਵੱਲੋਂ ਉਨ੍ਹਾਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰਾਇਮਰੀ ਜਮਾਤ ਦੇ ਵਿਦਿਆਰਥੀਆਂ ਦੁਆਰਾ ਸਕੂਲ ਮਸਤੀ ਨਾਚ ਪੇਸ਼ ਕੀਤਾ ਗਿਆ। ਲੋਕ ਗਾਇਕੀ 'ਰੱਤੀ ਤੇਰੀ ਵੇ', ਸੈਮੀ ਕਲਾਸੀਕਲ ਡਾਂਸ, ਮਾਈਮ ਅਤੇ ਦੇਸ਼ ਭਗਤੀ ਦੀ ਪੇਸਕਾਰੀ ਨੂੰ ਵਿਦਿਆਰਥੀਆਂ ਵੱਲੋਂ ਭਰਪੂਰ ਪ੍ਰਸ਼ੰਸਾ ਤੇ ਤਾੜੀਆਂ ਪ੍ਰਾਪਤ ਹੋਈਆਂ। ਵਿਦਿਆਰਥੀਆਂ ਨੇ ਪੰਜਾਬੀ ਲੋਕ- ਨਾਚ ਰਾਹੀਂ ਪੰਜਾਬ ਦੇ ਲੋਕ ਸੱਭਿਆਚਾਰ ਦਾ ਸ਼ਾਨਦਾਰ ਨਜ਼ਾਰਾ ਪੇਸ਼ ਕੀਤਾ। ਪ੍ਰਿੰਸੀਪਲ ਅਲਪਨਾ ਪਾਠਕ ਨੇ ਸਮੂਹ ਪਤਵੰਤੇ ਸੱਜਣਾਂ ਅਤੇ ਮਾਪਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਮੁੱਖ ਮਹਿਮਾਨ ਨੇ ਕਿਹਾ ਕਿ ਕਦਰਾਂ-ਕੀਮਤਾਂ ਦੀ ਸਿੱਖਿਆ ਸਮਾਜ ਨੂੰ ਸਭ ਤੋਂ ਵੱਡੀ ਦੇਣ ਹੈ।

# ਦੇਵ ਮਾਨ ਵੱਲੋਂ ਘਨੂੰੜਕੀ 'ਚ 25 ਲੱਖ ਦੇ ਵਿਕਾਸ ਕਾਰਜਾਂ ਦਾ ਉਦਘਾਟਨ



**ਨਾਭਾ (ਵਰਿੰਦਰ ਵਰਮਾ)**

ਪੰਜਾਬ ਸਰਕਾਰ ਵੱਲੋਂ ਪਿੰਡਾਂ ਦੀ ਨੁਹਾਰ ਬਦਲਣ ਦੇ ਲਈ ਲੱਖਾਂ ਰੁਪਏ ਦੀ ਗ੍ਰਾਂਟਾਂ ਦਿੱਤੀਆਂ ਜਾ ਰਹੀਆਂ ਹਨ, ਤਾਂ ਜੁ ਪਿੰਡਾਂ ਨੂੰ ਸਹਿਰ ਦੇ ਬਰਾਬਰ ਦਾ ਰੁਤਬਾ ਮਿਲ ਸਕੇ। ਇਸਦੇ ਤਹਿਤ ਨਾਭਾ ਬਲਾਕ ਦੇ ਪਿੰਡ ਘਨੂੰੜਕੀ ਅਤੇ ਹੋਰ ਵੱਖ-ਵੱਖ ਪਿੰਡਾਂ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਨਾਭਾ ਹਲਕੇ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਆਪਣੇ ਕਰ ਕਮਲਾਂ ਨਾਲ ਕੀਤਾ ਗਿਆ।

ਇਸ ਮੌਕੇ ਦੇਵ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਟੀਚਾ ਹੈ ਕਿ ਹਰ ਪਿੰਡ ਨੂੰ ਗ੍ਰਾਂਟਾਂ ਦੇ ਕੇ ਉਨ੍ਹਾਂ ਦਾ ਸੁੰਦਰੀਕਰਨ ਕੀਤਾ ਜਾਵੇ। ਇਸ ਉਪਰਾਲੇ ਤੋਂ ਪਿੰਡ ਵਾਸੀ ਵੀ ਕਾਫੀ ਖੁਸ਼ ਵਿਖਾਈ ਦਿੱਤੇ। ਉਨ੍ਹਾਂ ਕਿਹਾ ਕਿ ਪਹਿਲੀ ਵਾਰੀ ਹੋਇਆ ਹੈ ਕਿ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਕਰੋੜਾਂ ਰੁਪਏ ਲਾਏ ਜਾ ਰਹੇ ਹਨ। ਦੇਵ ਮਾਨ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਦੀ ਅਗਵਾਈ ਹੇਠ ਕਿੰਨੇ ਦੇ ਹਲਕਾ ਨਾਭਾ ਵਿੱਚ ਜੰਗੀ ਪੱਧਰ 'ਤੇ ਵਿਕਾਸ ਕਾਰਜ ਕਰਾਏ ਜਾ ਰਹੇ ਹਨ। ਉੱਥੇ ਹੀ ਸਿੱਖਿਆ ਤੇ ਸਿਹਤ ਤੋਂ ਇਲਾਵਾ ਹੋਰ ਵੀ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਸ ਮੌਕੇ ਪਿੰਡ ਵਾਸੀਆਂ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ। ਦੇਵ ਮਾਨ ਨੇ ਕਿਹਾ ਕਿ ਇਸ ਪਿੰਡ ਵਿੱਚ 25 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਏ ਸ਼ਮਸ਼ਾਨਘਾਟ, ਪਿੰਡ ਦਾ ਮੇਨ ਚੌਕ, ਵਾਲਮੀਕ ਧਰਮਸ਼ਾਲਾ ਦੀ ਰਿਪੇਅਰ ਤੇ ਗਲੀਆਂ ਨਾਲੀਆਂ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ ਹੈ।

# ਬੀ ਕੇ ਯੂ ਸਿੱਧੂਪੁਰ 14 ਨੂੰ ਮੀਟਿੰਗ ਕਰਕੇ ਸੰਘਰਸ਼ ਦੀ ਰਣਨੀਤੀ ਤੈਅ ਕਰੇਗੀ : ਡੱਲੇਵਾਲ



**ਸਮਰਾਲਾ (ਸੁਰਜੀਤ ਸਿੰਘ)**- ਮਾਣਯੋਗ ਸੁਪਰੀਮ ਕੋਰਟ ਤੇ ਗ੍ਰੀਨ ਟ੍ਰਿਬਿਊਨਲ ਵੱਲੋਂ ਕਿਸਾਨਾਂ ਨੂੰ ਪਰਾਲੀ ਦੀ ਸਾਂਭ ਸੰਭਾਲ ਲਈ ਵਿੱਤੀ ਸਹਾਇਤਾ, ਮੁਆਵਜ਼ਾ ਤੇ ਬੋਨਸ ਦੇਣ ਦੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਦਿੱਤੇ ਹੁਕਮਾਂ ਦੀ ਪੂਰਤੀ ਲਈ, ਪਰਾਲੀ ਸਬੰਧੀ ਦਰਜ ਕੀਤੇ ਮੁੱਕਦਮੇ ਅਤੇ ਜੁਰਮਾਨੇ ਰੱਦ ਕਰਾਉਣ ਲਈ, ਬਿਜਲੀ ਸੋਧ ਬਿੱਲ ਨੂੰ ਚਿੱਪ ਵਾਲੇ ਮੀਟਰ ਰਾਹੀਂ ਲਾਗੂ ਹੋਣ ਤੋਂ ਰੋਕਣ ਲਈ, ਦਿੱਲੀ ਕਿਸਾਨੀ ਅੰਦੋਲਨ ਦੀਆਂ ਅਧੂਰੀਆਂ ਰਹਿੰਦੀਆਂ ਮੰਗਾਂ ਪੂਰੀਆਂ ਕਰਾਉਣ ਲਈ, ਕਿਸਾਨਾਂ ਅਤੇ ਮਜ਼ਦੂਰਾਂ ਦੀ ਕੁੱਲ ਕਰਜ਼ ਮੁਕਤ ਕਰਾਉਣ ਲਈ, ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਐਮ ਐਸ ਪੀ ਦਾ ਗਰੰਟੀ ਕਾਨੂੰਨ ਲਾਗੂ ਕਰਾਉਣ ਲਈ, ਸਰਕਾਰ ਦੁਆਰਾ ਕਿਸਾਨਾਂ ਦੀਆਂ ਜ਼ਮੀਨਾਂ ਉੱਪਰ ਭਾਰਤ ਮਾਲਾ ਸੜਕ ਯੋਜਨਾ ਅਧੀਨ ਕੀਤੇ ਜਾ ਰਹੇ ਨਜਾਇਜ਼ ਕਬਜ਼ਿਆਂ ਨੂੰ ਠੱਲ੍ਹ ਪਾਉਣ ਲਈ, ਜੁਮਲਾ ਮੁਸਤਰਕਾ ਮਾਲਕਾਨ ਵਾਲੀਆਂ ਜ਼ਮੀਨਾਂ ਤੇ ਜ਼ਮੀਨਾਂ ਦੇ ਆਬਾਦਕਾਰ ਕਿਸਾਨਾਂ ਨੂੰ ਮਾਲਕੀ ਹੱਕ ਦਿਵਾਉਣ ਲਈ 14 ਨੂੰ ਪਿੰਡ ਸਰਾਭਾ ਜਿਲਾ ਲੁਧਿਆਣਾ ਵਿਖੇ ਇਹਨਾਂ ਸਾਰੀਆਂ ਮੰਗਾਂ ਨੂੰ ਲੈ ਕੇ ਕਿਸਾਨ ਮਹਾ ਪੰਚਾਇਤ ਕੀਤੀ ਜਾ ਰਹੀ ਹੈ ਜਿਸ ਦੇ ਸਬੰਧ ਵਿੱਚ ਸਾਰੇ ਜਿਲਿਆਂ ਬਲਾਕਾਂ ਅਤੇ ਪਿੰਡ ਇਕਾਈਆਂ ਦੀ ਮੀਟਿੰਗਾਂ ਕਰਕੇ ਡਿਊਟੀ ਲਾ ਦਿੱਤੀ ਗਈ ਹੈ।

ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਸਰਕਾਰ ਅਤੇ ਅਫ਼ਸਰਸ਼ਾਹੀ ਦੀ ਮਿਲੀ ਭੁਗਤ ਕਾਰਨ ਹਰ ਰੋਜ਼ ਪੰਜਾਬ ਵਿੱਚ ਹਜ਼ਾਰਾਂ ਨੌਜਵਾਨ ਨਸ਼ੇ ਦੀ ਭੇਟ ਚੜ੍ਹਦੇ ਹੋਏ ਆਪਣੀ ਕੀਮਤੀ ਜ਼ਿੰਦਗੀ ਤੋਂ ਹੱਥ ਧੋ ਰਹੇ ਹਨ, ਪ੍ਰੰਤੂ ਪੂਰਨ ਰੂਪ ਵਿੱਚ ਨਸ਼ੇ ਬੰਦ ਕਰਨ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਹੋਈ ਸਰਕਾਰ ਨਸ਼ੇ ਬੰਦ ਕਰਨ ਲਈ ਸੰਜੀਦਾ ਦਿਖਾਈ ਨਹੀਂ ਦੇ ਰਹੀ ਹੈ। ਜੇਕਰ ਪੰਜਾਬ ਸਰਕਾਰ ਇਸ ਮਾਮਲੇ ਵਿੱਚ ਸੰਜੀਦਾ ਹੈ ਤਾਂ ਮਾਣਯੋਗ ਮੁੱਖ ਮੰਤਰੀ ਚੋਣਾਂ ਤੋਂ ਪਹਿਲਾਂ ਆਪਣੇ ਕੀਤੇ ਗਏ ਵਾਅਦੇ ਅਨੁਸਾਰ ਨਸ਼ਾ ਵਿਕਣ ਤੋਂ ਰੋਕਣ ਲਈ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਉਂਦੇ ਹੋਏ ਮੁਕੱਦਮੇ ਦਰਜ ਕਰਨ ਅਤੇ ਜੇਕਰ ਕਿਸੇ ਵਿਅਕਤੀ ਦੀ ਨਸ਼ੇ ਦੀ ਓਵਰਡੋਜ਼ ਨਾਲ ਮੌਤ ਹੁੰਦੀ ਹੈ ਤਾਂ ਸੂਰਤ ਵਿੱਚ ਉਸ ਇਲਾਕੇ ਦੇ ਐਮ.ਐਲ.ਏ, ਐਸ.ਐਸ.ਪੀ ਅਤੇ ਡੀ.ਐਸ.ਪੀ ਅਤੇ ਐਸ.ਐਚ.ਓ ਉੱਪਰ ਪਰਚਾ ਦਰਜ ਕੀਤੇ ਜਾਣ।

7-Dec-PAGE-8.qxd 12/6/2023 10:59 PM Page 1



# ਐਫ ਐਨ ਆਈ ਕੰਟਰੈਕਟਰਜ਼ ਯੂਨੀਅਨ ਵੱਲੋਂ ਲੇਬਰ ਕਮਿਸ਼ਨਰ ਦੇ ਦਫਤਰ ਅੱਗੇ ਰੋਸ ਧਰਨਾ

**ਮੋਹਾਲੀ (ਗੁਰਜੀਤ ਬਿੱਲਾ)**

ਐਫ. ਐਨ .ਆਈ ਕੰਟਰੈਕਟਰਜ ਮਜਦੂਰ ਏਕਤਾ ਯੂਨੀਅਨ ਏਟਕ ਪਿੰਡ ਬਾਸਮਾ ਵੱਲੋਂ ਲੇਬਰ ਕਮਿਸਨਰ ਪੰਜਾਬ ਜ਼ਿਲ੍ਹਾ ਐਸ ਏ ਐਸ ਨਗਰ ਦਫਤਰ ਦੇ ਬਾਹਰ ਜੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ ਤੇ ਪੰਜਾਬ ਸਰਕਾਰ ਕਿਰਤ ਵਿਭਾਗ,ਕੰਪਨੀ ਦੇ ਪ੍ਰਬੰਧਕ ਖਿਲਾਫ ਜੰਮਕੇ ਨਾਅਰੇਬਾਜੀ ਕੀਤੀ ਗਈ। ਵਿਨੋਦ ਚੁੱਗ ਪੰਜਾਬ ਏਟਕ ਦੇ ਮੀਤ ਪ੍ਰਧਾਨ ਨੇ ਦੱਸਿਆ ਕਿ ਫਰੂਡਨਬਰਗ ਨੋਕ ਪ੍ਰਾਈਵੇਟ ਲਿਮਿਟਿਡ ਪਿੰਡ ਬਾਸਮਾ ਵਿੱਚ ਇੱਕ ਗੱਡੀਆਂ ਦੀ ਆਇਲ ਸੀਲ ਬਣਾਉਣ ਦੀ ਕੰਪਨੀ ਲੱਗੀ ਹੋਈ ਹੈ ਜਿਸ ਵਿੱਚ ਕਿਰਤੀ ਪਿਛਲੇ ਲੰਬੇ ਸਮੇਂ ਤੋਂ ਕੰਮ ਕਰ ਰਹੇ ਹਨ ਕੰਪਨੀ ਪ੍ਰਬੰਧਕਾਂ ਵੱਲੋਂ ਕਿਰਤੀਆਂ ਤੋਂ ਮਸ਼ੀਨਾਂ ਉੱਤੇ ਕੰਮ ਕਰਾਇਆ ਜਾਂਦਾ ਹੈ ਪਰ ਕੰਪਨੀ ਦੇ ਪ੍ਰਬੰਧਕ ਵੱਲੋਂ ਕਿਰਤੀਆਂ ਨੂੰ ਗੈਰ ਕਾਨੂੰਨੀ ਤਰੀਕੇ ਨਾਲ ਜਾਣ ਬੁਝ ਕੇ ਠੇਕੇਦਾਰਾਂ ਕੋਲ ਦਿਖਾਇਆ ਜਾ ਰਿਹਾ ਹੈ ਜਦੋਂ ਕਿ ਕੰਪਨੀ ਵਿੱਚ ਸਾਰਾ ਕੰਮ ਕਿਰਤੀਆਂ ਤੋਂ ਰੈਗੂਲਰ ਨੇਚਰ ਦਾ ਮਸ਼ੀਨਾਂ ’ਤੇ ਕਰਾਇਆ ਜਾਂਦਾ ਹੈ ਤੇ ਕੰਪਨੀ ਪ੍ਰਬੰਧਕ ਵੱਲੋਂ ਲੇਬਰ ਵਿਭਾਗ ਤੋਂ ਜੋ ਲਾਇਸੈਂਸ ਲਏ ਗਏ ਹਨ ਦੇ ਉਲਟ ਕੰਮ ਕਰਾ ਰਹੇ ਹਨ । ਉਨਾਂ ਕਿਹਾ ਕਿ ਕਿਰਤ ਕਮਿਸ਼ਨ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਕੰਪਨੀ ਦੇ ਪ੍ਰਬੰਧਕ ਵੱਲੋਂ ਕਿਰਤ ਕਾਨੂੰਨਾਂ ਦੀ ਲਗਾਤਾਰ ਉਲੰਘਣਾ ਕਰ ਰਹੇ ਹਨ। ਪ੍ਰਬੰਧਕ ਕੰਪਨੀ ਵਿੱਚ ਕੱਚੇ ਕਿਰਤੀ ਅਤੇ ਪੱਕੇ ਕਿਰਤੀਆਂ ਵਿੱਚ ਭੇਦਭਾਵ ਕਰਦੇ ਹਨ ਕੱਚੇ ਕਿਰਤੀਆਂ ਦੀ ਯੂਨੀਅਨ ਨੂੰ ਤੋੜਨ ਦੇ ਵਿੱਚ ਲੱਗੇ ਹੋਏ ਹਨ। ਯੂਨੀਅਨ ਵੱਲੋਂ ਕੰਪਨੀ ਪ੍ਰਬੰਧਕਾਂ ਦੇ ਖਿਲਾਫ ਅਨੇਕਾਂ ਸਿਕਾਇਤਾਂ ਕਿਰਤ ਵਿਭਾਗ ਦੇ ਅਫਸਰਾਂ ਨੂੰ ਦਿੱਤੀਆਂ ਹਨ। ਕੀ ਕੰਪਨੀ ਪ੍ਰਬੰਧਕ ਅਨਫੇਰ ਲੇਬਰ ਪ੍ਰੈਕਟਿਸ ਕਰ ਰਹੇ ਹਨ ਕੰਪਨੀ ਪ੍ਰਬੰਧਕਾਂ ਦੇ ਖਿਲਾਫ ਬਨਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਪਰੰਤੂ ਕਿਰਤ ਵਿਭਾਗ ਦੇ



ਅਫਸਰ ਕੰਪਨੀ ਦੇ ਪ੍ਰਬੰਧਕ ਖਿਲਾਫ ਕਾਰਵਾਈ ਕਰਨ ਲਈ ਤਿਆਰ ਨਹੀਂ ਹਨ । ਜਿਸ ਦਾ ਪੰਜਾਬ ਐਂਡ ਹਰਿਆਣਾ ਹਾਈਕੋਰਟ ਵੱਲੋਂ ਨੋਟਿਸ ਵੀ ਜਾਰੀ ਕੀਤਾ ਗਿਆ ਹੈ ਵੀ ਇਹਨਾਂ ਕਿਰਤੀਆਂ ਨੂੰ ਮਸ਼ੀਨਾਂ ’ਤੇ ਕੰਮ ਕਰਵਾਇਆ ਜਾ ਰਿਹਾ ਹੈ। ਪਰੰਤੂ ਇਸ ਦੇ ਬਾਵਜੂਦ ਕੰਪਨੀ ਪ੍ਰਬੰਧਕਾਂ ਵੱਲੋਂ ਕੱਚੇ ਕਿਰਤੀਆਂ ਨੂੰ ਕੋਈ ਵੀ ਲਿਖਤੀ ਅਸਵਾਸ਼ਨ ਨਹੀਂ ਦਿੱਤਾ ਗਿਆ ਹੈ ਪ੍ਰਬੰਧਕ ਲਗਾਤਾਰ ਕਿਰਤੀਆਂ ਨੂੰ ਧਮਕੀਆਂ ਦੇ ਰਹੇ ਹਨ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਕਿਰਤ ਵਿਭਾਗ ਦੇ ਅਧਿਕਾਰੀਆਂ ਦੀ ਉੱਚ ਪੱਧਰੀ ਜਾਂਚ ਪੜਤਾਲ ਕੀਤੀ ਜਾਵੇ ਅਤੇ ਕੰਪਨੀ ਪ੍ਰਬੰਧਕਾਂ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ, ਕੰਪਨੀ ਵਿੱਚੋਂ ਗੈਰ ਕਾਨੂੰਨੀ ਤਰੀਕੇ ਨਾਲ ਕੱਢੇ ਗਏ 17 ਕਿਰਤੀਆਂ ਨੂੰ ਵਾਪਸ ਨੌਕਰੀ ’ਤੇ ਰਖਵਾਇਆ ਜਾਵੇ ਅਤੇ ਬਿਨਾਂ ਪਰਮਿਸ਼ਨ ਦੀ ਕੰਪਨੀ ਨੂੰ ਸ਼ਿਫਟ ਕਰਨ ਦੀ ਪਰਮਿਸ਼ਨ ਨਾ ਦਿੱਤੀ ਜਾਵੇ । ਉਨੀਂ ਐਲਾਨ ਕੀਤਾ ਕਿ ਯੂਨੀਅਨ ਦੀਆਂ ਮੰਗਾਂ ਜਲਦੀ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਕਿਰਤੀ ਆਪਣੇ ਸੰਘਰਸ਼ ਨੂੰ ਤੇਜ ਅਤੇ ਤਿੱਖਾ ਕਰਨਗੇ ਅਤੇ ਆਉਣ ਵਾਲੇ ਦਿਨਾਂ ਦੇ ਵਿੱਚ ਯੂਨੀਅਨ ਵੱਲੋਂ ਕਿਰਤ ਵਿਭਾਗ ਅਤੇ ਕੰਪਨੀ ਦੀ ਮਿਲੀਭੁਗਤ ਦਾ ਪਰਦਾਫਾਸ਼ ਕਰਨਗੇ ਅਤੇ ਲੇਬਰ ਮੰਤਰੀ ਪੰਜਾਬ ਦੀ ਕੋਠੀ ਦੇ ਬਾਹਰ ਦਿਨ ਰਾਤ ਦਾ ਲਗਾਤਾਰ ਧਰਨਾ ਲਗਾਉਣਗੇ।

# ਕੈਬਨਿਟ ਸਬ-ਕਮੇਟੀ ਨੇ ਕਿਸਾਨ ਤੇ ਮੁਲਾਜ਼ਮ ਜਥੇਬੰਦੀਆਂ ਨਾਲ ਅਹਿਮ ਮਸਲੇ ਵਿਚਾਰੇ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਪੰਜਾਬ ਦੇ ਕੈਬਨਿਟ ਮੰਤਰੀਆਂ ਐਡਵੋਕੇਟ ਹਰਪਾਲ ਸਿੰਘ ਚੀਮਾ, ਕੁਲਦੀਪ ਸਿੰਘ ਧਾਲੀਵਾਲ ਅਤੇ ਗੁਰਮੀਤ ਸਿੰਘ ਖੁੱਡੀਆਂ ਦੀ ਅਗਵਾਈ ਵਾਲੀ ਕੈਬਨਿਟ ਸਬ-ਕਮੇਟੀ ਵੱਲੋਂ ਮੰਗਵਾਰ ਨੂੰ ਕਿਸਾਨ ਅਤੇ ਮੁਲਾਜਮ ਜਥੇਬੰਦੀਆਂ ਨਾਲ ਮੀਟਿੰਗਾਂ ਦੌਰਾਨ ਉਨ੍ਹਾਂ ਵੱਲੋਂ ਉਠਾਏ ਗਏ ਮੁੱਦਿਆਂ ਅਤੇ ਮੰਗਾਂ ਬਾਰੇ ਜਿੱਥੇ ਵਿਸਥਾਰ ਵਿੱਚ ਚਰਚਾ ਕੀਤੀ ਗਈ ਉਥੇ ਹੀ ਇੰਨ੍ਹਾਂ ਦੇ ਹੱਲ ਲਈ ਅਗਲੇਰੀ ਰਣਨੀਤੀ ਤੈਅ ਕੀਤੀ ਗਈ। ਇਥੇ ਪੰਜਾਬ ਭਵਨ ਵਿਖੇ ਲਗਾਤਾਰ 6 ਘੰਟੇ ਤੋਂ ਵੱਧ ਚੱਲੀਆਂ ਇੰਨ੍ਹਾਂ ਮੀਟਿੰਗਾਂ ਦੌਰਾਨ ਕੈਬਨਿਟ ਸਬ-ਕਮੇਟੀ ਵੱਲੋਂ ਸੰਯੁਕਤ ਕਿਸਾਨ ਮੋਰਚਾ (ਨਾਨ-ਪੋਲੀਟੀਕਲ), ਭਾਰਤੀ ਕਿਸਾਨ ਯੂਨੀਅਨ ਏਕਤਾ, ਸਿੱਧੂਪੁਰ ਅਤੇ ਸੰਯੁਕਤ ਗੰਨਾ ਸੰਘਰਸ਼ ਮੋਰਚਾ ਦੇ ਆਗੂਆਂ ਨਾਲ ਮੀਟਿੰਗ ਦੌਰਾਨ ਫਸਲਾਂ ਦੇ ਖਰਾਬੇ, ਹਾਈਵੇਅਜ ਲਈ ਇਕਵਾਇਰ ਹੋਣ ਵਾਲੀਆਂ ਜਮੀਨਾਂ ਸਬੰਧੀ ਮਸਲੇ ਅਤੇ ਗੰਨੇ ਦੀ ਕੀਮਤ ਸਮੇਤ ਕਈ ਅਹਿਮ ਮੁੱਦਿਆਂ ’ਤੇ ਚਰਚਾ ਕੀਤੀ ਗਈ। ਇਸੇ ਦੌਰਾਨ ਕੈਬਨਿਟ ਸਬ-ਕਮੇਟੀ ਨੇ ਕਿਸਾਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਫਸਲਾਂ ਦੇ ਖਰਾਬੇ ਦੇ ਮੁਆਵਜੇ ਸਬੰਧੀ ਸਟੇਟ ਕਾਰਜਕਾਰੀ ਕਮੇਟੀ ਦੀ ਮੀਟਿੰਗ ਵਿੱਚ ਜਲਦ ਹੀ ਫੈਸਲਾ ਲਿਆ ਜਾਵੇਗਾ ਅਤੇ ਹਾਈਵੇਅਜ ਲਈ ਇਕਵਾਇਰ ਹੋਣ ਵਾਲੀਆਂ ਜਮੀਨਾਂ ਦੇ ਮੁਆਵਜੇ ਸਬੰਧੀ ਸੂਬੇ ਦੇ ਸਾਰੇ ਕਮਿਸ਼ਨਰਾਂ ਨਾਲ ਮੀਟਿੰਗ ਕਰਕੇ ਕੇਸਾਂ ਦੇ ਨਿਪਟਾਰੇ ਨੂੰ 3 ਮਹੀਨਿਆਂ ਅੰਦਰ ਯਕੀਨੀ ਬਣਾਇਆ ਜਾਵੇਗਾ। ਗੰਨੇ ਦੇ ਭਾਅ ਸਬੰਧੀ ਕੈਬਨਿਟ ਸਬ-ਕਮੇਟੀ ਨੇ ਕਿਸਾਨਾਂ ਨੂੰ ਕਿਹਾ ਕਿ ਪੰਜਾਬ ਵੱਲੋਂ ਪਹਿਲਾਂ ਹੀ ਦੇਸ਼ ਭਰ ਵਿੱਚ ਗੰਨੇ ਦੀ ਸੱਭ ਤੋਂ ਵੱਧ ਕੀਮਤ ਐਲਾਨੀ ਗਈ ਹੈ। ਕੈਬਨਿਟ ਸਬ-ਕਮੇਟੀ ਨੇ ਖੇਤੀਬਾੜੀ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਵਿਭਾਗ ਦੇ ਅਧਿਕਾਰੀਆਂ, ਗੰਨਾ ਮਾਹਿਰਾਂ ਅਤੇ ਗੰਨਾ ਕਿਸਾਨਾਂ ਤੇ ਆਧਾਰਤ ਇੱਕ ਕਮੇਟੀ ਦਾ ਗਠਨ ਕੀਤਾ ਜਾਵੇ ਤਾਂ ਜੋ ਗੰਨੇ ਦੀ ਲਾਗਤ ਕੀਮਤ, ਪੰਜਾਬ ਲਈ ਗੰਨੇ ਦੀ ਢੁਕਵੀ ਕਿਸਮ ਸਮੇਤ ਕਿਸਾਨਾਂ ਦੀਆਂ ਹੋਰਨਾਂ ਚਿੰਤਾਵਾਂ ਦੇ ਹੱਲ ਦੀ ਦਿਸ਼ਾ ਵਿੱਚ ਠੋਸ ਕਦਮ ਪੁੱਟੇ ਜਾ ਸਕਣ। ਕਿਸਾਨਾਂ ਵੱਲੋਂ ਗੰਨੇ ਦਾ ਮੁੱਲ ਫਰਵਰੀ ਵਿੱਚ ਹੀ ਐਲਾਨੇ ਜਾਣ ਦੀ ਮੰਗ ਦੇ ਜਵਾਬ ਵਿੱਚ ਕੈਬਨਿਟ ਸਬ-ਕਮੇਟੀ ਨੇ ਕਿਹਾ ਕਿ ਇਸ ਬਾਰੇ ਵੀ ਫੈਸਲਾ ਵੀ ਮਾਹਿਰਾਂ ਤੇ ਕਿਸਾਨਾਂ ’ਤੇ ਆਧਾਰਤ ਇਸ ਕਮੇਟੀ ਵੱਲੋਂ ਵਿਚਾਰ-ਚਰਚਾ ਰਾਹੀਂ ਕੀਤਾ ਜਾਵੇ। ਇਸੇ ਦੌਰਾਨ ਵੈਟਰਨਰੀ ਏ.ਆਈ. ਵਰਕਰ ਯੂਨੀਅਨ ਪੰਜਾਬ ਨਾਲ ਮੀਟਿੰਗ ਦੌਰਾਨ ਕੈਬਨਿਟ ਸਬ-ਕਮੇਟੀ ਨੇ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਨੂੰ ਯੂਨੀਅਨ ਦੀ ਜਾਇਜ ਮੁੱਦਿਆਂ ਤੇ ਹਮਦਰਦੀ ਨਾਲ ਵਿਚਾਰ ਕਰਦਿਆਂ ਇੰਨ੍ਹਾਂ ਨੂੰ ਜਲਦੀ ਹਲ ਕਰਨ ਲਈ ਕਿਹਾ।

# ਕਾਨਵੈਂਟ ਸਕੂਲ ’ਚ ਪਾਣੀ ਪੀਣ ਨਾਲ 12 ਬੱਚੇ ਹੋਏ ਬਿਮਾਰ

**ਨਕੋਦਰ, (ਰੀਨਾ ਸ਼ਰਮਾ)**

ਸਥਾਨਕ ਨਿੱਜੀ ਕਾਨਵੈਂਟ ਸਕੂਲ ਵਿੱਚ ਆਰ.ਓ ਦਾ ਪਾਣੀ ਪੀਣ ਨਾਲ 12 ਬੱਚੇ ਬੀਮਾਰ ਹੋ ਗਏ ਅਤੇ ਸਕੂਲ ਵਿੱਚ ਹਫੜਾ-ਦਫੜੀ ਮਚ ਗਈ। ਸਾਰਿਆਂ ਨੂੰ ਨਕੋਦਰ ਦੇ ਵੱਖ-ਵੱਖ ਨਿੱਜੀ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ। ਡਾਕਟਰਾਂ ਮੁਤਾਬਕ ਬੱਚਿਆਂ ਨੂੰ ਫੂਡ ਪੁਆਇਜਨਿੰਗ ਹੋਈ ਹੈ। ਬੀਮਾਰ ਹੋਏ ਸਾਰੇ ਬੱਚੇ 10ਵੀਂ ਅਤੇ 8ਵੀਂ ਜਮਾਤ ਦੇ ਵਿਦਿਆਰਥੀ ਹਨ। ਇਸ ਸਬੰਧੀ ਜਲੰਧਰ ਦੇ ਡੀ.ਓ ਕੁਲਤਾਰਜੀਤ ਸਿੰਘ ਨੇ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਹੈ। ਸਿਹਤ ਵਿਭਾਗ ਨੇ ਕਾਨਵੈਂਟ ਸਕੂਲ ਦੇ ਅੰਦਰ ਲੱਗੇ ਸਾਰੇ ਵਾਟਰ ਕੂਲਰਾਂ ਤੋਂ ਸੈਂਪਲ ਲਏ ਹਨ, ਜਿਸ ਦੀ ਰਿਪੋਰਟ ਆਉਣੀ ਬਾਕੀ ਹੈ। ਜੇ ਰਿਪੋਰਟ ਵਿੱਚ ਪਾਣੀ ਦੇ ਦੂਸ਼ਿਤ ਹੋਣ ਵਰਗੀ ਕੋਈ ਗੱਲ ਸਾਹਮਣੇ ਆਈ ਤਾਂ ਸਕੂਲ ਖਿਲਾਫ ਕਾਰਵਾਈ ਕੀਤੀ ਜਾਵੇਗੀ। ਇਸ ਦੌਰਾਨ ਡੀ ਓ ਕੁਲਤਾਰਨ ਜੀਤ ਸਿੰਘ ਨੇ ਦੱਸਿਆ ਕਿ ਸਾਰੇ ਬੱਚਿਆਂ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ। ਜਾਣਕਾਰੀ ਮੁਤਾਬਕ ਸੋਮਵਾਰ ਨੂੰ ਰੋਜਾਨਾ ਵਾਂਗ ਸਾਰੇ ਬੱਚੇ ਸਕੂਲ ’ਚ ਸਨ ਅਤੇ ਗਰਾਊਂਡ ਵਿੱਚ 10ਵੀਂ ਅਤੇ 8ਵੀਂ ਜਮਾਤ ਦੇ ਬੱਚੇ ਬੈਠੇ ਹੋਏ ਸਨ, ਜਿਨ੍ਹਾਂ ਵਿੱਚੋਂ 10-12 ਬੱਚਿਆਂ ਨੇ ਗ੍ਰਾਊਂਡ ’ਤੇ ਲੱਗੇ ਵਾਟਰ ਕੂਲਰ ਤੋਂ ਪਾਣੀ ਪੀਤਾ। ਕੁਝ ਸਮੇਂ ਬਾਅਦ ਸਾਰਿਆਂ ਨੂੰ ਪੇਟ ਦਰਦ ਹੋਣ ਲੱਗਾ। ਜਦੋਂ ਦੁਪਹਿਰ ਤੱਕ ਬੱਚਿਆਂ ਨੂੰ ਅਸਹਿ ਦਰਦ ਹੋਣ ਲੱਗਾ ਤਾਂ ਸਕੂਲ ਵਾਲਿਆਂ ਨੇ ਸਾਰਿਆਂ ਨੂੰ ਨਿੱਜੀ ਹਸਪਤਾਲ ’ਚ ਦਾਖਲ ਕਰਵਾ ਦਿੱਤਾ ਅਤੇ ਬੱਚਿਆਂ ਦੇ ਪਰਵਾਰ ਵਾਲਿਆਂ ਨੂੰ ਸੂਚਿਤ ਕੀਤਾ ਗਿਆ। ਸਕੂਲ ਦੇ ਡਾਇਰੈਕਟਰ ਫਾਦਰ ਡੇਵਿਸ ਨੇ ਕਿਹਾ ਕਿ ਸਕੂਲ ਵਿੱਚ ਬੱਚਿਆਂ ਦਾ ਬੀਮਾਰ ਹੋਣਾ ਬਹੁਤ ਗੰਭੀਰ ਹੈ। ਸਕੂਲ ਇਸ ਲਈ ਆਪਣੀ ਜਾਂਚ ਕਮੇਟੀ ਬਣਾ ਰਿਹਾ ਹੈ। ਜਾਂਚ ਦੇ ਆਧਾਰ ’ਤੇ ਜੋ ਵੀ ਦੋਸ਼ੀ ਪਾਇਆ ਗਿਆ, ਉਸ ਵਿਰੁੱਧ ਕਾਰਵਾਈ ਕੀਤੀ ਜਾਵੇਗੀ।



# ਸ੍ਰੀ ਨਨਕਾਣਾ ਸਾਹਿਬ ਤੋਂ ਵਾਪਸ ਪਰਤੇ ਜਥੇ ਦਾ ਭੱਟੋਂ ਵਿਖੇ ਜ਼ੋਰਦਾਰ ਸਵਾਗਤ



**ਨੂਰਪੁਰ ਬੇਦੀ, (ਸੁਰਜੀਤ ਸਿੰਘ ਕਾਹਲੋਂ)**

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਬਲਾਕ ਨੂਰਪੁਰ ਬੇਦੀ ਦੇ ਵੱਖ ਵੱਖ ਪਿੰਡਾਂ ਤੋਂ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਲਈ ਗਿਆ ਜਥਾ ਕਰੀਬ ਦਸ ਦਿਨ ਦੀ ਯਾਤਰਾ ਉਪਰੰਤ ਵਾਪਸ ਪਰਤ ਆਇਆ ਹੈ ਜਿਸ ਦਾ ਪਿੰਡ ਪਹੁੰਚਣ ’ਤੇ ਫੁੱਲਾਂ ਦੀ ਵਰਖਾ ਕਰਕੇ ਜੋਰਦਾਰ ਸਵਾਗਤ ਕੀਤਾ ਗਿਆ। ਯਾਤਰਾ ਤੋਂ ਵਾਪਸ ਪਰਤੇ ਦਿਲਬਰ ਸਿੰਘ ਭੱਟੋਂ ਨੇ ਦੱਸਿਆ ਕਿ ਇਸ ਯਾਤਰਾ ਦੌਰਾਨ ਉਨਾਂ ਨੇ ਸ੍ਰੀ ਨਨਕਾਣਾ ਸਾਹਿਬ ਗੁਰਦੁਆਰਾ, ਸੱਚਾ ਸੌਦਾ, ਪੰਜਾ ਸਾਹਿਬ ਗੁਰਦੁਆਰਾ, ਡੇਰਾ ਸਾਹਿਬ ਲਾਹੌਰ, ਗੁਰਦੁਆਰਾ ਰੋੜੀ ਸਾਹਿਬ ਅਤੇ ਕਿਲਾ ਮਹਾਰਾਜਾ ਰਣਜੀਤ ਸਿੰਘ ਲਾਹੌਰ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਜਥੇ ’ਚ ਮਾ. ਗੁਰਨਾਮ ਸਿੰਘ ਗਿੱਲ ਭੱਟੋਂ, ਦਿਲਬਰ ਸਿੰਘ ਧਾਮੀ ਭੱਟੋਂ, ਜਸਬੀਰ ਸਿੰਘ ਮੱਟੂ ਭੱਟੋਂ, ਕੁਲਵਿੰਦਰ ਕੌਰ ਗਿੱਲ ਭੱਟੋਂ, ਊਧਮ ਸਿੰਘ ਸਰਾਂ, ਅਮਰਜੀਤ ਸਿੰਘ ਬੈਂਸ ਅਤੇ ਸਰਵਣ ਸਿੰਘ ਬੜਵਾ ਸ਼ਾਮਿਲ ਸਨ। ਉਸ ਨੇ ਦੱਸਿਆ ਕਿ ਉੱਥੇ ਪਹੁੰਚਣ ਤੇ ਉਨਾਂ ਨੂੰ ਬਹੁਤ ਵਧੀਆ ਸਕਿਉਰਿਟੀ ਦਿੱਤੀ ਗਈ ਸੀ, ਰਹਿਣ ਦਾ ਪ੍ਰਬੰਧ ਲਾਜਵਾਬ ਸੀ, ਖਾਣ ਪੀਣ ਦਾ ਪ੍ਰਬੰਧ ਬਹੁਤ ਵਧੀਆ ਸੀ ਤੇ ਉਨਾਂ ਨੂੰ ਆਪਣੇ ਇਤਿਹਾਸਿਕ ਗੁਰਧਾਮਾਂ ਦੇ ਖੁੱਲੇ ਦਰਸ਼ਨ ਦੀਦਾਰ ਹੋਏ। ਯਾਤਰਾ ਤੋਂ ਵਾਪਸ ਪਰਤੇ ਜਥੇ ਦਾ ਪਿੰਡ ਭੱਟੋਂ ਵਿਖੇ ਪਹੁੰਚਣ ’ਤੇ ਕਮਲਜੀਤ ਸਿੰਘ ਗਿੱਲ, ਹਰਪਿੰਦਰ ਸਿੰਘ ਗਿੱਲ, ਅਮਰਾਜ ਸਿੰਘ, ਅਵਸੀਰਤ ਕੌਰ, ਅਵਤੇਗ ਸਿੰਘ ਗਿੱਲ, ਅਨੂਪ ਕੌਰ, ਦਵਿੰਦਰ ਕੌਰ, ਸੁਖਵੀਰ ਕੌਰ ਅਤੇ ਸੁਰਿੰਦਰ ਕੌਰ ਨੇ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਅਤੇ ਉਨਾਂ ਦਾ ਸਿਰੋਪਾਓ ਪਾ ਕੇ ਸਨਮਾਨ ਕੀਤਾ ਗਿਆ।

# ਮਿਲਕ ਪਲਾਂਟ ਦਾ ਮੈਨੇਜਰ 50,000 ਰੁਪਏ ਰਿਸ਼ਵਤ ਲੈਂਦਾ ਕਾਬੂ

**ਚੰਡੀਗੜ੍ਹ, (ਗੁਰਜੀਤ ਬਿੱਲਾ)**— ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਮੁਹਿੰਮ ਦੌਰਾਨ ਮਿਲਕ ਪਲਾਂਟ ਮੁਹਾਲੀ ਵਿਖੇ ਤਾਇਨਾਤ ਮੈਨੇਜਰ (ਦੁੱਧ ਇਕੱਤਰਨ) ਮਨੋਜ ਕੁਮਾਰ ਸ੍ਰੀਵਾਸਤਵਾ ਨੂੰ 50,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਕਰਮਚਾਰੀ ਵਿਰੁੱਧ ਇਹ ਕੇਸ ਸੁਖਬੀਰ ਸਿੰਘ ਦੀ ਸ਼ਿਕਾਇਤ ’ਤੇ ਦਰਜ ਕੀਤਾ ਗਿਆ ਹੈ, ਜੋ ਕਿ ਉਕਤ ਮਿਲਕ ਪਲਾਂਟ ਵਿੱਚ ਇੱਕ ਨਿੱਜੀ ਫਰਮ ਵੱਲੋਂ ਦੁੱਧ ਇਕੱਠਾ ਕਰਨ ਵਾਲੇ ਟੈਂਕਰਾਂ ਦੀ ਦੇਖ-ਭਾਲ ਕਰਦਾ ਹੈ। ਵੇਰਵੇ ਦਿੰਦਿਆਂ ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਵੱਖ-ਵੱਖ ਥਾਵਾਂ ਤੋਂ ਦੁੱਧ ਇਕੱਠਾ ਕਰਨ ਲਈ ਜਾਂਦੇ ਉਸ ਦੇ ਟੈਂਕਰਾਂ ਨੂੰ ਵਧੀਆ ਰੂਟ ਅਲਾਟ ਕਰਨ ਬਦਲੇ ਰਾਜ ਦੇ ਸਹਿਕਾਰਤਾ ਵਿਭਾਗ ਦਾ ਉਕਤ ਮੁਲਾਜਮ ਉਸ ਤੋਂ 50,000 ਰੁਪਏ ਦੀ ਰਿਸ਼ਵਤ ਮੰਗ ਰਿਹਾ ਹੈ। ਸ਼ਿਕਾਇਤਕਰਤਾ ਨੇ ਇਹ ਵੀ ਦੋਸ਼ ਲਾਇਆ ਕਿ ਉਕਤ ਮੈਨੇਜਰ ਇਸ ਸਬੰਧੀ ਪਹਿਲਾਂ ਹੀ 50,000 ਰੁਪਏ ਲੈ ਚੁੱਕਾ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਵਿਜੀਲੈਂਸ ਬਿਊਰੋ ਦੀ ਫਲਾਇੰਗ ਸਕੁਐਡ ਯੂਨਿਟ ਮੋਹਾਲੀ ਨੇ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ਾਂ ਦੀ ਪੜਤਾਲ ਕਰਦਿਆਂ ਇੱਕ ਜਾਲ ਵਿਛਾਇਆ ਜਿਸ ਤਹਿਤ ਉਕਤ ਦੋਸ਼ੀ ਮੈਨੇਜਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿੱਚ ਸ਼ਿਕਾਇਤਕਰਤਾ ਤੋਂ 50,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧੀ ਉਪਰੋਕਤ ਕਰਮਚਾਰੀ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਫਲਾਇੰਗ ਸਕੁਐਡ-1, ਪੰਜਾਬ, ਮੁਹਾਲੀ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ।

# ਬੰਗਾ ਵਿਖੇ ਡਾ. ਅੰਬੇਡਕਰ ਦਾ ਪ੍ਰੀ-ਨਿਰਵਾਣ ਦਿਵਸ ਮਨਾਇਆ

**ਬਹਿਰਾਮ (ਅਵਤਾਰ ਕਲੇਰ)** ਭਾਰਤੀ ਸਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਪ੍ਰੀ ਨਿਰਮਾਣ ਦਿਵਸ ਮੌਕੇ ਬੰਗਾ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਵੱਲੋਂ ਬਾਬਾ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ । ਹਲਕਾ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਦਾ ਔਰਤਾਂ , ਦਲਿਤਾਂ ਅਤੇ ਗਰੀਬਾਂ ਲਈ ਵੱਡਾ ਯੋਗਦਾਨ ਹੈ ਅਤੇ ਉਹਨਾਂ ਦੇ ਲਿਖੇ ਹੋਏ ਸੰਵਿਧਾਨ ਨਾਲ ਹੀ ਦੇਸ਼ ਚੱਲਦਾ ਹੈ । ਸਾਰੀ ਲੀਡਰਸ਼ਿਪ ਵਲੋਂ ਬਾਬਾ ਸਾਹਿਬ ਜੀ ਦੇ ਸਟੈਚੂ ’ਤੇ ਹਾਰ ਪਾਏ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੁਖਦੀਪ ਸਿੰਘ ਸ਼ੁਕਾਰ, ਸੋਹਣ ਲਾਲ ਢੰਡਾ, ਜਸਵਿੰਦਰ ਸਿੰਘ ਮਾਨ, ਜੀਤ ਸਿੰਘ ਭਾਟੀਆ, ਜਤਿੰਦਰ ਸਿੰਘ ਮਾਨ, ਮਨਜੀਤ ਸਿੰਘ ਬੱਬਲ, ਅਮਰੀਕ ਸਿੰਘ ਸੋਨੀ, ਤਰਸੇਮ ਲਾਲ ਸਰਪੰਚ ਹੀਓ, ਦਵਿੰਦਰ ਕੁਮਾਰ ਸਰਪੰਚ ਖਮਾਚੋਂ, ਪਰਮਜੀਤ ਸਿੰਘ ਕੱਟ, ਜਗਤ ਸਿੰਘ ਪਠਲਾਵਾ, ਚਰਨਜੀਤ ਗੋਸਲ, ਮਨਜੀਤ ਰਿੱਕੂ, ਰਮਨ ਕੁਮਾਰ ਬੰਗਾ, ਮਦਨ ਲਾਲ ਖਟਕੜ, ਰਕੇਸ਼ ਕੁਮਾਰ, ਪ੍ਰੇਮ ਸਰਪੰਚ ਸੋਤਰਾ, ਰਣਜੀਤ ਬੱਗਾ, ਇਕਬਾਲ ਸਿੰਘ ਬਾਜਵਾ, ਸੁਖਦੇਵ ਰਾਜ ਮੱਲਾ, ਬਲਵੰਤ ਲਾਦੀਆਂ, ਨਿਰਮਲ ਮੱਲਾ ਸੋਢੀਆਂ, ਤਰਲੋਕ ਸਿੰਘ ਫਲੋਰਾ ਆਦਿ ਹਾਜਰ ਸਨ।



# ਗਾਬਾ ਨੇ ਪੁਲਸ ਕਮਿਸ਼ਨਰ ਤੇ ਮੁੱਖ ਮੰਤਰੀ ਨੂੰ ਕੀਤੀ ਸ਼ਿਕਾਇਤ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਜਲੰਧਰ ਪ੍ਰੋਫੈਸ਼ਨਲ ਫੋਟੋਗ੍ਰਾਫਰ ਐਸੋਸੀਏਸ਼ਨ ਦੇ ਰਮੇਸ਼ ਗਾਬਾ ਪ੍ਰਧਾਨ ਵਲੋਂ ਸ਼ਹਿਰ ’ਚ ਲਗਾਤਾਰ ਹੋ ਰਹੇ ਹਮਲੇ ਅਤੇ ਲੁੱਟ ਖੋਹ ਬਾਰੇ ਜਲੰਧਰ ਕਮਿਸ਼ਨਰ ਪੁਲਸ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸ਼ਿਕਾਇਤ ਕੀਤੀ ਗਈ। ਜਿਸ ਵਿਚ ਉਨਾਂ ਕਿਹਾ ਕਿ ਸ਼ਹਿਰ ’ਚ ਲਗਾਤਾਰ ਲੁੱਟ ਖੋਹ ਦੀਆਂ ਵਾਰਦਾਤਾਂ ਹੋ ਰਹੀਆਂ ਹਨ। ਜਲੰਧਰ ਸ਼ਹਿਰ ’ਚ ਲਾਅ ਐਂਡ ਆਰਡਰ ਦਾ ਬੁਰਾ ਹਾਲ ਹੈ ਅਤੇ ਪ੍ਰਸ਼ਾਸ਼ਨ ਇਸ ਵੱਲ ਕੋਈ ਖਾਸ ਧਿਆਨ ਨਹੀਂ ਦੇ ਰਿਹਾ ਹੈ। ਪਿਛਲੇ ਕਈ ਮਹੀਨਿਆਂ ਤੋਂ ਲਗਾਤਾਰ ਫੋਟੋਗ੍ਰਾਫਰਾਂ ਤੋਂ ਉਹਨਾਂ ਦੇ ਕੈਮਰੇ ਅਤੇ ਨਗਦੀਆਂ ਵੀ ਖੋਹੀਆਂ ਜਾ ਰਹੀਆਂ ਹਨ। ਇਹ ਸਿਲਸਿਲਾ ਪੂਰੇ ਪੰਜਾਬ ਵਿੱਚ ਲਗਾਤਾਰ ਚੱਲ ਰਿਹਾ ਹੈ,ਪਿਛਲੇ ਦਿਨੀ ਜਲੰਧਰ ਦੇ ਗਾਜੀ ਗੁੱਲਾ ਅੰਡਰ ਬ੍ਰਿਜ ਵਿੱਚ ਜਲੰਧਰ ਦੇ ਸੀਨੀਅਰ ਫੋਟੋਗ੍ਰਾਫਰ ਜੋ ਕਿ ਨਿਤਨ ਸਟੂਡੀਓ ਹਰਬੰਸ ਨਗਰ ਦਾ ਮਾਲਕ ਹੈ। ਉਹ ਉਸ ਰਾਤ ਨੂੰ ਫੰਕਸਨ ਤੋਂ ਵਾਪਸ ਆ ਰਿਹਾ ਸੀ ਤੇ ਕੁਝ ਅਣਪਛਾਤੇ ਲੁਟੇਰਿਆਂ ਵੱਲੋਂ ਉਸ ਦਾ ਕੈਮਰਾ ਨਗਦੀ ਅਤੇ ਮੋਬਾਇਲ ਖੋਹ ਲਿਆ ਗਿਆ। ਇਨ੍ਹਾਂ ਘਟਨਾਵਾਂ ਦਾ ਫੋਟੋਗ੍ਰਾਫਰ ਭਾਈਚਾਰੇ ਚ ਰੋਸ ਪਾਇਆ ਜਾ ਰਿਹਾ ਹੈ। ਪ੍ਰਧਾਨ ਰਮੇਸ਼ ਗਾਬਾ ਅਤੇ ਸੈਕਟਰੀ ਰਮੇਸ਼ ਹੈਪੀ ਪ੍ਰਸ਼ਾਸ਼ਨ ਤੋਂ ਮੰਗ ਕਰਦੇ ਹੋਏ ਕਿਹਾ ਕਿ ਰਾਤ ਨੂੰ ਪੁਲਸ ਦੀ ਗਸ਼ਤ ਵਧਾਈ ਜਾਵੇ ਤਾਂ ਜੋ ਇਹਨਾਂ ਲੁਟੇਰੇ ਅਨਸਰਾਂ ’ਤੇ ਲਗਾਮ ਲੱਗ ਸਕੇ। ਉਨਾਂ ਕਿਹਾ ਕਿ ਲੁਟੇਰਿਆਂ ਨੂੰ ਜਲਦੀ ਤੋਂ ਜਲਦੀ ਫੜਿਆ ਜਾਵੇ ਅਤੇ ਸਖਤ ਸਜਾਵਾਂ ਦਿੱਤੀਆਂ ਜਾਣ।



# ਪਰਿਆਸ ਜੱਥੇਬੰਦੀ ਨੇ ਸ੍ਰੀ ਗੁਰੂ ਰਾਮ ਰਾਏ ਪਬਲਿਕ ਸਕੂਲ ਵਿਖੇ ਕਰਵਾਏ ਪੇਂਟਿੰਗ ਮੁਕਾਬਲੇ



**ਫਗਵਾੜਾ ( ਡਾ. ਰਮਨ)**

ਪਰਿਆਸ ਸਿਟੀਜ਼ਸ ਕੌਂਸਿਲ ਵਲੋਂ ਟਰੈਫਿਕ ਪੁਲਸ ਫਗਵਾੜਾ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਾਮ ਰਾਏ ਪਬਲਿਕ ਸਕੂਲ ਵਿਖੇ ਛੇਵੀਂ ਤੋਂ ਅੱਠਵੀਂ ਜਮਾਤ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਸੜਕ ਸੁਰੱਖਿਆ ਸੰਬੰਧੀ ਜਾਗਰੂਕ ਕਰਨ ਦੇ ਮਕਸਦ ਨਾਲ ਪੇਂਟਿੰਗ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਵਿਚ 140 ਵਿਦਿਆਰਥੀਆਂ ਨੇ ਭਾਗ ਲਿਆ। ਵਿਦਿਆਰਥੀਆਂ ਨੇ ‘ਟਰੈਫਿਕ ਨਿਯਮਾਂ ਦਾ ਕਰੋ ਸਨਮਾਨ, ਸਲਾਮਤ ਰੱਖੋ ਆਪਣੀ ਜਾਨ’ ਦੇ ਸਲੋਗਨ ਅਧੀਨ ਵੱਖ ਵੱਖ ਤਰਾਂ ਦੀਆਂ ਖੂਬਸੂਰਤ ਪੇਂਟਿੰਗ ਤਿਆਰ ਕਰਕੇ ਆਪਣੇ ਹੁਨਰ ਦਾ ਪ੍ਰਗਟਾਵਾ ਕੀਤਾ। ਇਹਨਾਂ ਪੇਂਟਿੰਗ ਮੁਕਾਬਲਿਆਂ ਵਿਚ ਪਹਿਲੇ ਚਾਰ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਭੇਂਟ ਕਰਕੇ ਹੌਸਲਾ ਅਫਜਾਈ ਕੀਤੀ ਗਈ। ਇਸ ਤੋਂ ਇਲਾਵਾ ਸਾਰੇ ਵਿਦਿਆਰਥੀਆਂ ਨੂੰ ਪਾਰਟੀਸਿਪੇਸ਼ਨ ਸਰਟੀਫਿਕੇਟ ਪ੍ਰਦਾਨ ਕੀਤੇ ਗਏ। ਪਰਿਆਸ ਦੇ ਕਨਵੀਨਰ ਸ਼ਕਤੀ ਮਹਿੰਦਰੂ ਨੇ ਦੱਸਿਆ ਕਿ ਇਸ ਪ੍ਰਤੀਯੋਗਤਾ ਵਿੱਚ ਅੱਠਵੀਂ ਜਮਾਤ ਦੀ ਵਿਦਿਆਰਥਣ ਪੂਜਾ ਕਲੇਰ ਨੇ ਪਹਿਲਾ, ਸਤਵੀਂ ਦੇ ਤਰੁਣ ਕੁਮਾਰ ਨੇ ਦੂਜਾ, ਅੱਠਵੀਂ ਦੇ ਕਮਲ ਨੇ ਤੀਜਾ ਜਦਕਿ ਛੇਵੀਂ ਕਲਾਸ ਦੀ ਸੁਖਪ੍ਰੀਤ ਕੌਰ ਨੇ ਚੌਥਾ ਸਥਾਨ ਪ੍ਰਾਪਤ ਕੀਤਾ। ਸ਼ਕਤੀ ਮਹਿੰਦਰੂ ਅਤੇ ਡਾ. ਕੁਲਵੰਤ ਸਿੰਘ ਭਿੰਡਰ ਨੇ ਵਿਦਿਆਰਥੀਆਂ ਨੂੰ ਟਰੈਫਿਕ ਨਿਯਮਾਂ ਦੀ ਵਿਸਥਾਰ ਸਹਿਤ ਜਾਣਕਾਰੀ ਦਿਤੀ ਅਤੇ ਜੇਤੂ ਵਿਦਿਆਰਥੀਆਂ ਨੂੰ ਸ਼ੁੱਭ ਇੱਛਾਵਾਂ ਭੇਂਟ ਕੀਤੀਆਂ। ਉਹਨਾਂ ਵਿਦਿਆਰਥੀਆਂ ਅਤੇ ਹੋਰ ਹਾਜ਼ਰੀਨ ਨੂੰ ਅਪੀਲ ਕੀਤੀ ਕੇ ਹਰੇਕ ਤਰ੍ਹਾਂ ਦੇ ਵਹਿਕਲਾਂ ਵਿਚ ਲਗਾਤਾਰ ਹੋ ਰਹੇ ਵਾਧੇ ਕਾਰਨ ਸੜਕਾਂ ਉਪਰ ਵਾਪਰਣ ਵਾਲੇ ਹਾਦਸਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਇਸ ਲਈ ਸਾਡਾ ਸਾਰਿਆਂ ਦਾ ਫਰਜ ਹੈ ਕੀ ਅਸੀਂ ਟਰੈਫਿਕ ਨਿਯਮਾਂ ਦੀ ਪਾਲਣਾ ਕਰੀਏ ਤਾਂ ਜੋ ਆਪਣੀ ਤੇ ਦੂਜਿਆਂ ਦੀ ਜਿੰਦਗੀ ਨੂੰ ਸੁਰੱਖਿਅਤ ਕੀਤਾ ਜਾ ਸਕੇ। ਸਕੂਲ ਦੀ ਕਾਰਜਕਾਰੀ ਪ੍ਰਿੰਸੀਪਲ ਸ੍ਰੀਮਤੀ ਗੀਤਾ ਸੂਦ ਨੇ ਪਰਿਆਸ ਸੰਸਥਾ ਅਤੇ ਵਿਸ਼ੇਸ਼ ਰੂਪ ਵਿਚ ਸਮਾਂ ਕੱਢ ਕੇ ਆਏ ਮਹਿਮਾਨਾ ਦਾ ਧੰਨਵਾਦ ਕੀਤਾ। ਇਸ ਮੌਕੇ ਟਰੈਫਿਕ ਪੁਲਸ ਫਗਵਾੜਾ ਤੋਂ ਅਮਰਜੀਤ ਸਿੰਘ ਅਤੇ ਪਰਿਆਸ ਜੱਥੇਬੰਦੀ ਦੇ ਕੋਆਰਡੀਨੇਟਰਜ਼ ਰਮਨ ਚੌਸਰ, ਐਡਵੋਕੇਟ ਜਤਿੰਦਰ ਸ਼ਰਮਾ, ਤਰਲੋਚਨ ਸਿੰਘ ਪਰਮਾਰ, ਲੱਕੀ ਆਨੰਦ, ਮੋਤੀ ਲਾਲ ਵਰਮਾ, ਲੱਕੀ ਅਰੋੜਾ, ਮੈਡਮ ਜਸਵਿੰਦਰ ਕੌਰ, ਬਲਜਿੰਦਰ ਕੌਰ ਤੇ ਮੈਡਮ ਸੋਨੀਆ ਆਦਿ ਹਾਜ਼ਰ ਸਨ।

# ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਅਚਨਚੇਤ ਦੌਰਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਦਿਲਬਾਗ ਸਿੰਘ ਜੌਹਲ ਵੱਲੋਂ ਚਿਲਡਰਨ ਹੋਮ, ਸਪੈਸ਼ਲ ਹੋਮ, ਪਲੇਸ ਆਫ ਸੇਫਟੀ, ਅਬਜ਼ਰਵੇਸ਼ਨ ਹੋਮ ਅਤੇ ਓਲਡ ਏਜ ਹੋਮ, ਰਾਮ ਕਲੋਨੀ ਕੈਂਪ ਹੁਸ਼ਿਆਰਪੁਰ ਦਾ ਅਚਨਚੇਤ ਦੌਰਾ ਕੀਤਾ ਗਿਆ। ਇਸ ਮੌਕੇ ਸੀ. ਜੇ. ਐੱਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਪਰਾਜਿਤਾ ਜੋਸ਼ੀ ਵੀ ਉਨ੍ਹਾਂ ਦੇ ਨਾਲ ਸਨ। ਇਸ ਦੌਰਾਨ ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਚਿਲਡਰਨ ਹੋਮ ਵਿਚ ਰਹਿ ਰਹੇ ਬੱਚਿਆਂ ਨਾਲ ਗੱਲਬਾਤ ਕੀਤੀ ਗਈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਥੋਂ ਦੀ ਰਸੋਈ ਦਾ ਵੀ ਨਿਰੀਖਣ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਜੁਵੇਨਾਈਲ ਹੋਮ ਦੇ ਸੁਪਰਡੈਂਟ ਨੂੰ ਹਦਾਇਤ ਕੀਤੀ ਕਿ ਸਾਫ਼-ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਇਸ ਦੌਰਾਨ ਉਨ੍ਹਾਂ ਪਲੇਸ ਆਫ ਸੇਫਟੀ ਅਤੇ ਸਪੈਸ਼ਲ ਹੋਮ ਦੇ ਸਜ਼ਾਯਾਫ਼ਤਾ ਕੈਦੀਆਂ ਨਾਲ ਉਨ੍ਹਾਂ ਦੇ ਕੇਸਾਂ ਬਾਰੇ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਤੋਂ ਇਲਾਵਾ ਉਨ੍ਹਾਂ ਅਬਜ਼ਰਵੇਸ਼ਨ ਹੋਮ ਦੇ ਹਵਾਲਾਤੀਆਂ ਦੇ ਕੇਸਾਂ ਬਾਰੇ ਜਾਣਿਆ ਅਤੇ ਨਾਲ ਹੀ ਓਲਡ ਏਜ ਹੋਮ ਦੇ ਬਜ਼ੁਰਗਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦਾ ਹਾਲ-ਚਾਲ ਜਾਣਿਆ।



# ਨਾਮ ਸਿਮਰਨ ਕਰਨ ਵਾਲੇ ਇਨਸਾਨ ਆਵਾਗਮਨ ਤੋਂ ਹਮੇਸ਼ਾ ਲਈ ਛੁਟਕਾਰਾ ਪਾ ਲੈਂਦੇ ਹਨ : ਸੰਤ ਨਰੇਸ਼ ਗਿਰੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਦੁਨੀਆ ਦੇ ਧਰਮ ਗ੍ਰੰਥਾਂ ਵਿੱਚ ਨਾਮ ਸਿਮਰਨ ’ਤੇ ਹੀ ਜੋਰ ਦਿੱਤਾ ਗਿਆ ਹੈ ਪਰ ਨਾਮ ਸਿਮਰਨ ਕਰਨ ਸਮੇਂ ਇਨਸਾਨ ਦੇ ਅੰਦਰ ਸਰਧਾ ਭਾਵਨਾ ਹੋਣੀ ਚਾਹੀਦੀ ਹੈ। ਕਲਯੁੱਗ ਵਿੱਚ ਇਸ ਆਵਾਗਮਨ ਦੇ ਚੱਕਰਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਇਨਸਾਨੀ ਜਾਮੇ ਵਿੱਚ ਨਾਮ ਸਿਮਰਨ ਕਰਨਾ ਬਹੁਤ ਜਰੂਰੀ ਹੈ ਤਾਂ ਜੋ ਸਾਡੀ ਆਤਮਾ ਇਸ ਭਵ ਸਾਗਰ ਨੂੰ ਪਾਰ ਕਰਕੇ ਹਮੇਸ਼ਾ ਲਈ ਅਕਾਲ ਪੁਰਖ ਦੀ ਸ਼ਰਨ ਲੱਗ ਸਕੇ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਡੇਰਾ ਬਾਬਾ ਭਗਤ ਰਾਮ ਜੀ ਨੰਗਲ ਖੁੰਗਾ ਵਿਖੇ ਸਜਾਏ ਗਏ ਦਰਬਾਰ ’ਚ ਹਾਜਰ ਸੰਗਤ ਨੂੰ ਡੇਰੇ ਦੇ ਗੱਦੀਨਸ਼ੀਨ ਸੰਤ ਨਰੇਸ਼ ਗਿਰੀ ਨੇ ਕਿਹਾ ਕਿ ਇਹ ਇਨਸਾਨੀ ਜਾਮਾ ਬੜੇ ਹੀ ਭਾਗਾਂ ਨਾਲ ਮਿਲਦਾ ਹੈ ਇਸ ਲਈ ਇਸ ਇਨਸਾਨੀ ਜਾਮੇ ਦਾ ਸਾਨੂੰ ਸਾਰਿਆਂ ਨੂੰ ਪੂਰਾ ਪੂਰਾ ਫਾਇਦਾ ਉਠਾਉਂਦੇ ਗੁਰੂ ਘਰ ਦੀ ਸੇਵਾ ਕਰਦੇ ਹੋਏ ਵੱਧ ਤੋਂ ਵੱਧ ਨਾਮ ਸਿਮਰਨ ਕਰਨਾ ਚਾਹੀਦਾ ਹੈ ਤਾਂ ਜੋ ਆਪਣੇ ਇਸ ਮਨੁੱਖੀ ਜੀਵਨ ਦੇ ਅਸਲ ਮਕਸਦ ਨੂੰ ਹਾਸਲ ਕਰ ਸਕੀਏ। ਉਨ੍ਹਾਂ ਕਿਹਾ ਕਿ ਇਨਸਾਨ ਨੂੰ ਜਦ ਵੀ ਕਿਸੇ ਦੁੱਖ ਤਕਲੀਫ ਜਾਂ ਸੰਕਟ ਦਾ ਮੁਕਾਬਲਾ ਕਰਨਾ ਪੈਂਦਾ ਤਾਂ ਉਹ ਉਸ ਤੋਂ ਮੁਕਤ ਹੋਣ ਲਈ ਹਰ ਸੰਭਵ ਯਤਨ ਕਰਦਾ ਹੈ, ਪਰ ਜਦ ਉਹ ਪੂਰਾ ਕਾਮਯਾਬ ਨਹੀਂ ਹੁੰਦਾ ਤਾਂ ਪ੍ਰਭੂ ਅੱਗੇ ਅਰਦਾਸਾਂ ਕਰਨ ਲੱਗ ਪੈਂਦਾ ਹੈ ਜੇਕਰ ਇਨਸਾਨ ਹਰ ਸਮੇਂ ਸੱਚੇ ਮਨ ਅਤੇ ਪੂਰੀ ਲਗਨ ਨਾਲ ਗੁਰੂ ਘਰ ਦੀ ਸੇਵਾ ਕਰਦੇ ਹੋਏ ਨਾਮ ਸਿਮਰਨ ਨਾਲ ਜੁੜ ਜਾਵੇ ਤਾਂ ਕੋਈ ਵੀ ਸੰਕਟ ਪੈਦਾ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਹਰ ਇਨਸਾਨ ਨੂੰ ਸਤਿਸੰਗ ਵਿੱਚ ਜਾ ਕੇ ਸੰਤ ਮਹਾਂਪੁਰਸ਼ਾਂ ਦੇ ਪ੍ਰਵਚਨ ਸੁਣਨੇ ਚਾਹੀਦੇ ਹਨ ਅਤੇ ਉਨ੍ਹਾਂ ਦੇ ਦਰਸਾਏ ਮਾਰਗ ’ਤੇ ਚਲਦੇ ਹੋਏ ਨਾਮ ਸਿਮਰਨ ਨਾਲ ਜੁੜ ਜਾਣਾ ਚਾਹੀਦਾ ਹੈ ਤਾਂ ਜੋ ਇਸ 84 ਦੇ ਗੇੜ ਤੋਂ ਹਮੇਸ਼ਾ ਲਈ ਛੁਟਕਾਰਾ ਮਿਲ ਸਕੇ। ਇਸ ਮੌਕੇ ’ਤੇ ਮਾਨਵਤਾ ਸੇਵਾ ਸੋਸਾਇਟੀ ਦੇ ਪ੍ਰਧਾਨ ਅਵਤਾਰ ਸਿੰਘ ਤਾਰੀ, ਗਿਆਨੀ ਜੈ ਸਿੰਘ, ਨਿਸ਼ਾਨ ਸਿੰਘ, ਵਿਜੇ ਕੁਮਾਰ, ਬਿਮਲਾ ਦੇਵੀ, ਮਨਜੀਤ ਕੌਰ, ਨਿਰਮਲ ਕੌਰ, ਸਿਮਰਨਜੀਤ ਕੌਰ ਅਤੇ ਹੋਰ ਹਾਜਰ ਸਨ।



## ਸਿਹਤ ਵਿਭਾਗ ਨੇ ਲਗਾਇਆ ਕੈਂਪ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਇਥੋਂ ਦੇ ਪਿੰਡ ਬੇਨਾਪੁਰ ਵਿਖੇ ਡਾਕਟਰ ਕਮਲਜੀਤ ਕੌਰ ਦੀ ਅਗਵਾਈ ਵਿੱਚ ਹਮਾਰਾ ਸੰਕਲਪ ਵਿਕਸਿਤ ਭਾਰਤ ਯਾਤਰਾ ਵੈਨ ਦੇ ਵਿਸ਼ੇ ’ਤੇ ਕੈਂਪ ਲਗਾਇਆ ਗਿਆ। ਇਸ ਮੌਕੇ ਡਾਕਟਰਾਂ ਦੀ ਟੀਮ ਵੱਲੋਂ ਸਿਹਤ ਬਿਮਾਰੀਆਂ ਜਿਵੇਂ ਬੀ ਪੀ, ਟੀ ਬੀ, ਆਯੁਸ਼ਮਾਨ ਕਾਰਡ ਅਤੇ ਹੋਰ ਬਿਮਾਰੀਆਂ ਬਾਰੇ ਜਾਣੂ ਕਰਵਾਇਆ ਗਿਆ । ਇਸ ਮੌਕੇ ਡਾਕਟਰ ਕਮਲਜੀਤ ਕੌਰ , ਕੇਤਨ ਪਰਾਸ਼ਰ, ਡਾਕਟਰ ਪਵਨ ਕੁਮਾਰ, ਸੀ ਐਚ ਓ ਐਸ ਆਈ ,ਜਸਵੰਤ ਸਿੰਘ ਆਸ਼ਾ ਵਰਕਰ ਅਵਤਾਰ ਕੌਰ, ਆਸ਼ਾ ਵਰਕਰ, ਸੁਨੀਤਾ , ਗੁਰਦੀਪ ਕੌਰ,ਊਸ਼ਾ ਰਾਣੀ, ਸਰਪੰਚ ਬਲਜੀਤ ਸਿੰਘ, ਬਲਾਕ ਸੰਮਤੀ ਅਤੇ ਪੰਚਾਇਤ ਮੈਂਬਰ ਅਤੇ ਪਤਵੰਤੇ ਹਾਜਰ ਸਨ।

## ਗੁਰਦੁਆਰਾ ਸਿੰਘ ਸਭਾ ਵਿਖੇ ਖ਼ੂਨਦਾਨ ਕੈਂਪ ਭਲਕੇ

**ਨੂਰਮਹਿਲ, (ਬਾਲ ਕ੍ਰਿਸ਼ਨ ਬਾਲੀ)**- ਸ਼੍ਰੋਮਣੀ ਅਕਾਲੀ ਦਲ ਵੱਲੋਂ 8 ਦਸੰਬਰ ਨੂੰ ਸਵੇਰੇ 11 ਵਜੇ ਨਕੋਦਰ ਗੁਰਦੁਆਰਾ ਸਿੰਘ ਸਭਾ ਵਿਖੇ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦਿਆਂ ਸਾਬਕਾ ਵਿਧਾਇਕ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਦੱਸਿਆ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਜਨਮ ਦਿਨ 8 ਦਸੰਬਰ ਨੂੰ ਹੈ। ਪਾਰਟੀ ਨੇ ਉਨ੍ਹਾਂ ਦੀ ਯਾਦ ਵਿੱਚ ਪੂਰੇ ਪੰਜਾਬ ਵਿੱਚ ਖ਼ੂਨਦਾਨ ਕੈਂਪ ਲਗਾਉਣ ਦਾ ਫੈਸਲਾ ਕੀਤਾ ਹੈ। ਖ਼ੂਨਦਾਨ ਕਰਨਾ ਮਨੁੱਖਤਾ ਲਈ ਬਹੁਤ ਵੱਡੀ ਸੇਵਾ ਹੈ ਅਤੇ ਸ੍ਰੋਮਣੀ ਅਕਾਲੀ ਦਲ ਇਹ ਸਮਾਗਮ ਉਨ੍ਹਾਂ ਦੀ ਸੇਵਾ ਅਤੇ ਸਮਰਪਣ ਦੇ ਜੀਵਨ ਨੂੰ ਯਾਦ ਕਰਨ ਲਈ ਆਯੋਜਿਤ ਕਰ ਰਿਹਾ ਹੈ। ਸੁਖਮਨੀ ਸਾਹਿਬ ਦਾ ਪਾਠ ਅਤੇ ਭੋਗ ਉਪਰੰਤ ਖ਼ੂਨਦਾਨ ਕੈਂਪ ਲਗਾਇਆ ਜਾਵੇਗਾ।

# 9 ਦੀ ਰੈਲੀ ’ਚ ਵਧ-ਚੜ੍ਹ ਕੇ ਸ਼ਾਮਲ ਹੋਣ ਦਾ ਫ਼ੈਸਲਾ

**ਜਲੰਧਰ (ਸ਼ੈਲੀ ਐਲਬਰਟ)**

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਜਲੰਧਰ ਦੀ ਹੰਗਾਮੀ ਮੀਟਿੰਗ ਕਰਨੈਲ ਫਿਲੌਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸਾਂਝੇ ਮੋਰਚੇ ਵਲੋਂ ਸਿੱਖਿਆ ਮੰਤਰੀ ਦੇ ਹਲਕੇ ਅਨੰਦਪੁਰ ਵਿੱਚ ਕੀਤੇ ਜਾ ਰਹੇ ਪ੍ਰਦਰਸ਼ਨ ਵਿੱਚ ਵਧ ਚੜ੍ਹ ?ਕੇ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ ਗਿਆ । ਜਿਸ ਸਬੰਧੀ ਸਾਰੇ ਬਲਾਕਾਂ ਵਿੱਚੋਂ ਵਾਹਨ ਚਲਾਉਣ ਦਾ ਫ਼ੈਸਲਾ ਕੀਤਾ ਗਿਆ। ਕਰਨੈਲ ਫਿਲੌਰ, ਸੀਨੀਅਰ ਮੀਤ ਪ੍ਰਧਾਨ ਤੀਰਥ ਸਿੰਘ ਬਾਸੀ, ਬਲਜੀਤ ਸਿੰਘ ਕੁਲਾਰ, ਗੁਰਿੰਦਰ ਸਿੰਘ ਆਦਮਪੁਰ, ਜਨਰਲ ਸਕੱਤਰ ਸੁਖਵਿੰਦਰ ਸਿੰਘ ਮੱਕੜ, ਜੁਆਇੰਟ ਸਕੱਤਰ ਕੁਲਦੀਪ ਵਾਲੀਆ,ਵਿੱਤ ਸਕੱਤਰ ਹਰਮਨਜੋਤ ਸਿੰਘ ਆਹਲੂਵਾਲੀਆ, ਜੁਆਇੰਟ ਵਿੱਤ ਸਕੱਤਰ ਨਿਰਮੋਲਕ ਸਿੰਘ ਹੀਰਾ ਪ੍ਰੈੱਸ ਸਕੱਤਰ ਰਗਜੀਤ ਸਿੰਘ, ਜੁਆਇੰਟ ਪ੍ਰੈੱਸ ਸਕੱਤਰ, ਰਾਜੀਵ ਭਗਤ ਅਤੇ ਬਲਵੀਰ ਭਗਤ ਆਦਿ ਆਗੂਆਂ ਨੇ ਪ੍ਰੈੱਸ ਨੂੰ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਆਮ ਗਰੀਬ ਵਰਗ ਦੇ ਲੋਕਾਂ ਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਦੇਣ ਲਈ ਬਦਲਾਅ ਦੇ ਨਾਂਅ ’ਤੇ ਆਈ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਸਿੱਖਿਆ ਪ੍ਰਤੀ ਰਤੀ ਵੀ ਗੰਭੀਰ ਨਹੀਂ । ਸਿੱਖਿਆ ਕ੍ਰਾਂਤੀ ਦੇ ਨਾਂਅ ’ਤੇ ਬਣੀ ਸਰਕਾਰ ਅਖੌਤੀ ਪਰਚਾਰ ਰਾਂਹੀ ਹੀ ਡੰਗ ਟਪਾ ਰਹੀ ਹੈ ਉਸਦੇ ਸਿੱਖਿਆ ਕ੍ਰਾਂਤੀ ਦੇ ਸਾਰੇ ਦਾਵੇ ਝੂਠੇ ਹਨ ਸਗੋਂ ਸਿੱਖਿਆ ਵਿੱਚ ਕੋਈ ਸੁਧਾਰ ਨਹੀਂ ਆਇਆ ਸਗੋਂ ਪਹਿਲਾਂ ਨਾਲੋਂ ਵੀ ਵੱਧ ਗਿਰਾਵਟ ਆਈ ਹੈ । ਆਗੂਆਂ ਨੇ ਸਰਕਾਰ ’ਤੇ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਕਾਫੀ ਸਮੇਂ ਤੋਂ ਅਧਿਆਪਕਾਂ ਦੇ ਮਸਲੇ ਹਲ ਕਰਨ ਤੋਂ ਇਨਕਾਰੀ ਹੈ।ਇਸ ਸਮੇਂ ਮੰਗ ਕੀਤੀ ਕਿ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ਼ ਕੀਤਾ ਜਾਵੇ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਕੱਚੇ ਅਧਿਆਪਕਾਂ ਨੂੰ ਰੈਗੂਲਰ ਕੀਤਾ ਜਾਵੇ, ਹਰ ਕੇਡਰ ਦੀਆਂ ਪਰਮੋਸ਼ਨਾ ਕੀਤੀਆਂ ਜਾਣ, ਮਹਿੰਗਾਈ ਭੱਤਾ 12 ਪ੍ਰਤੀਸ਼ਤ ਰਲੀਜ਼ ਕੀਤਾ ਜਾਵੇ ਤੇ ਪੇ ਕਮਿਸ਼ਨ ਦੇ ਬਣਦੇ ਬਕਾਏ ਦਿੱਤੇ ਜਾਣ, ਨਵੇ ਭਰਤੀ ਅਧਿਆਪਕਾਂ ਦਾ ਪਰਬੇਸ਼ਨ ਸਮਾਂ ਇੱਕ ਸਾਲ ਦਾ ਕੀਤਾ ਜਾਵੇ ਤੇ ਪੂਰੀ ਤਨਖਾਹ ਦਿੱਤੀ ਜਾਵੇ, ਕੇਂਦਰੀ ਸਕੇਲ ਰੱਦ ਕਰਕੇ ਪੰਜਾਬ ਦਾ ਪੇਅ ਸਕੇਲ ਲਾਗੂ ਕੀਤਾ ਜਾਵੇ, ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਵਾਇਸ ਪ੍ਰਿੰਸੀਪਲ ਦੀ ਪੋਸਟ ਦਿੱਤੀ ਜਾਵੇ, ਅਧਿਆਪਕਾਂ ਤੋਂ ਗੈਰ ਵਿੱਦਿਅਕ ਕੰਮ ਲੈਣੇ ਬੰਦ ਕੀਤੇ ਜਾਣ, ਹੈੱਡ ਟੀਚਰਜ਼ ਦੀਆਂ 1904 ਪੋਸਟਾਂ ਬਹਾਲ ਕੀਤੀਆਂ ਜਾਣ ਆਦਿ। ਇਸ ਸਮੇਂ ਹੋਰਨਾਂ ਤੋਂ ਇਲਾਵਾ ਮੰਗਤ ਰਾਮ ਸਮਰਾ, ਸੁਖਵਿੰਦਰ ਰਾਮ, ਸੰਦੀਪ ਰਾਜੋਵਾਲ, ਬੂਟਾ ਰਾਮ ਅਕਲਪੁਰ, ਰਾਜਿੰਦਰ ਸਿੰਘ ਭੋਗਪੁਰ, ਰਾਜਿੰਦਰ ਸਿੰਘ ਸ਼ਾਹਕੋਟ, ਅਨਿਲ ਕੁਮਾਰ, ਗੁਰਿੰਦਰ ਸਿੰਘ, ਰਣਜੀਤ ਠਾਕਰ, ਜਤਿੰਦਰ ਸਿੰਘ, ਪਰੇਮ ਖਲਵਾੜਾ, ਮੁਲਖ਼ ਰਾਜ, ਪਿਆਰਾ ਸਿੰਘ ਨਕੋਦਰ, ਕਮਲਦੇਵ ਸਿੰਘ, ਮਨੋਜ ਕੁਮਾਰ ਸਰੋਏ, ਰਣਜੀਤ ਸਿੰਘ, ਸਰਬਜੀਤ ਸਿੰਘ ਢੇਸੀ, ਲੇਖ ਰਾਜ ਪੰਜਾਬੀ, ਬਖਸ਼ੀ ਰਾਮ,ਵਿਨੋਦ ਭੱਟੀ, ਕੁਲਵੰਤ ਰਾਮ ਰੁੜਕਾ, ਧਰਮਿੰਦਰਜੀਤ ਆਦਿ ਸਾਥੀ ਹਾਜ਼ਰ ਹੋਏ।।

# 12 ਨੂੰ ਸਿਟੀ ਸੈਂਟਰ ’ਚ ਕਰਵਾਇਆ ਜਾਵੇਗਾ ਰਾਜ ਪੱਧਰੀ ਬਾਲ ਦਿਵਸ ਸਮਾਗਮ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਸਹਾਇਕ ਕਮਿਸ਼ਨਰ (ਜਨਰਲ) ਵਿਓਮ ਭਾਰਦਵਾਜ ਨੇ ਦੱਸਿਆ ਕਿ ਰੈੱਡ ਕਰਾਸ ਸੁਸਾਇਟੀ ਵੱਲੋਂ ਬਾਲ ਭਲਾਈ ਕੌਂਸਲ ਚੰਡੀਗੜ੍ਹ ਦੇ ਨਾਲ ਮਿਲ ਕੇ 12 ਦਸੰਬਰ ਨੂੰ ਰਾਜ ਪੱਧਰੀ ਬਾਲ ਦਿਵਸ ਸਮਾਗਮ ਕਰਵਾਇਆ ਜਾਵੇਗਾ। ਉਹ ਆਪਣੇ ਦਫਤਰ ਵਿਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਸਮਾਗਮ ਦੀਆਂ ਤਿਆਰੀਆਂ ਸਬੰਧੀ ਅਧਿਕਾਰੀਆਂ ਨੂੰ ਹਦਾਇਤਾਂ ਦਿੰਦਿਆਂ ਕਿਹਾ ਕਿ ਸਮਾਗਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਵਿਭਾਗ ਹੁਣ ਤੋਂ ਹੀ ਕੰਮ ਸ਼ੁਰੂ ਕਰ ਦੇਣ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ ਇਹ ਰਾਜ ਪੱਧਰੀ ਸਮਾਗਮ ਬਾਲ ਭਲਾਈ ਕੌਂਸਲ, ਰਾਜ ਸ਼ਾਖਾ ਚੰਡੀਗੜ੍ਹ ਦੇ ਸਹਿਯੋਗ ਨਾਲ ਸਿਟੀ ਸੈਂਟਰ ਹੁਸ਼ਿਆਰਪੁਰ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿਚ ਸੂਬੇ ਭਰ ਦੇ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਟੀਮਾਂ ਭਾਗ ਲੈਣਗੀਆਂ, ਜਿਸ ਵਿਚ ਸਮੂਹ ਗੀਤ, ਸਮੂਹ ਡਾਂਸ ਅਤੇ ਕਵਿਤਾ ਮੁਕਾਬਲੇ ਕਰਵਾਏ ਜਾਣਗੇ ਅਤੇ ਜੇਤੂ ਟੀਮਾਂ ਨੂੰ ਬਾਲ ਭਲਾਈ ਕੌਂਸਲ ਚੰਡੀਗੜ੍ਹ ਵੱਲੋਂ ਰੈੱਡ ਕਰਾਸ ਸੁਸਾਇਟੀ ਦੀ ਤਰਫੋਂ ਇਨਾਮ ਵੰਡੇ ਜਾਣਗੇ। ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫਸਰ (ਐ) ਧੀਰਜ ਵਸ਼ਿਸ਼ਟ, ਉਪ ਜ਼ਿਲ੍ਹਾ ਸਿੱਖਿਆ ਅਫਸਰ (ਐ) ਸੁਖਵਿੰਦਰ ਸਿੰਘ, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਪ੍ਰੀਤ ਕੋਹਲੀ, ਸਹਾਇਕ ਲੋਕ ਸੰਪਰਕ ਅਫਸਰ ਲੋਕੇਸ਼ ਕੁਮਾਰ, ਲੇਖਾਕਾਰ ਰੈੱਡ ਕਰਾਸ ਸੁਸਾਇਟੀ ਸਰਬਜੀਤ ਸਿੰਘ ਆਦਿ ਹਾਜ਼ਰ ਸਨ।

# 26 ਨੂੰ ਦਿੱਤੇ ਜਾ ਰਹੇ ਧਰਨੇ ’ਚ ਵੱਡੇ ਕਾਫਲੇ ਨਾਲ ਸ਼ਮੂਲੀਅਤ ਕਰਾਂਗੇ : ਮਾਨ

**ਕਾਲਾ ਸੰਘਿਆਂ(ਮਨਜੀਤ ਮਾਨ)**

ਸ਼ਹਿਰੀ ਮੰਡਲ, ਕਪੂਰਥਲਾ ਦੀ ਮਹੀਨਾਵਾਰ ਮੀਟਿੰਗ (ਕਮਾਲਪੁਰ ਮੋਠਾਂਵਾਲਾ) ਵਿਖੇ ਹੋਈ। ਮੀਟਿੰਗ ਨੂੰ ਰੇਸ਼ਮ ਲਾਲ ਪ੍ਰਧਾਨ, ਬਲਦੇਵ ਰਾਜ ਸਕੱਤਰ, ਗੱਜਣ ਸਿੰਘ ਮੀਤ ਪ੍ਰਧਾਨ, ਜਸਬੀਰ ਸਿੰਘ ਵਿੱਤ ਸਕੱਤਰ, ਰਾਮਸਰਨ ਜੁਆਇਟ ਸਕੱਤਰ, ਰਣਜੀਤ ਸਿੰਘ, ਧੀਰ ਸਿੰਘ ਜੁਆਇੰਟ ਸਕੱਤਰ , ਤਰਸੇਮ ਸਿੰਘ ਆਦਿ ਨੇ ਸੰਬੋਧਨ ਕੀਤਾ ਅਤੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਮੁਲਾਜਮਾਂ ਅਤੇ ਪੈਨਸ਼ਨਰਾਂ ਨੂੰ 12% ਡੀ:ਏ: ਜਾਰੀ ਕੀਤਾ ਜਾਵੇ, ਡੀ:ਏ: ਦਾ ਬਕਾਇਆ ਦਿਤਾ ਜਾਵੇ, ਮਿਤੀ 31/12/2015 ਤੋਂ ਪਹਿਲਾਂ ਰਿਟਾਇਰ ਹੋਏ ਪੈਨਸ਼ਨਰਜ ਨੂੰ 2.59 ਦਾ ਫੈਕਟਰ ਜਾਰੀ ਕੀਤਾ ਜਾਵੇ, ਮਿਤੀ 01/01/2016 ਤੋਂ 30/06/2021 ਤੱਕ ਸੋਧੇ ਹੋਏ ਸਕੇਲਾਂ ਦਾ ਏਰੀਅਰ ਦਿੱਤਾ ਜਾਵੇ ਅਤੇ ਹੋਰ ਰਹਿੰਦੀਆਂ ਮੰਗਾਂ ਮੰਨੀਆਂ ਜਾਣ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਰੇਸ਼ਮ ਲਾਲ ਪ੍ਰਧਾਨ ਨੇ ਕਿਹਾ ਜੇਕਰ ਪੈਨਸ਼ਨਰਾਂ ਦੀਆਂ ਮੰਗਾਂ ਵੱਲ ਸਰਕਾਰ ਨੇ ਕੋਈ ਧਿਆਨ ਨਾ ਦਿੱਤਾ ਤਾਂ 26 ਦਸੰਬਰ 2023 ਨੂੰ ਉਤਰੀ ਜੋਨ, ਜਲੰਧਰ ਵਿਖੇ ਵਿਸ਼ਾਲ ਰੋਸ ਧਰਨਾ ਦਿੱਤਾ ਜਾਵੇਗਾ। ਇਸ ਉਪਰੰਤ ਘੋਲ ਨੂੰ ਹੋਰ ਤਿੱਖਾ ਕੀਤਾ ਜਾਵੇਗਾ ਅਤੇ ਅਤੇ ਸਾਂਝੇ ਫਰੰਟ ਦੇ ਸੱਦੇ ਮੁਤਾਬਿਕ ਜਨਵਰੀ ਤੇ ਫਰਵਰੀ 2024 ਦੇ ਮਹੀਨਿਆਂ ਦੌਰਾਨ ਪੰਜਾਬ ਦੇ ਰੂਲਿੰਗ ਪਾਰਟੀ ਦੇ ਐਮ:ਐਲ:ਏ: ਦੇ ਵਿਰੁੱਧ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਮੀਟਿੰਗ ਵਿੱਚ ਮੁਖਤਿਆਰ ਸਿੰਘ, ਹਰਬੰਸ ਸਿੰਘ, ਸੁਖਵਿੰਦਰ ਸਿੰਘ, ਪਾਲ ਸਿੰਘ,ਜਸਵੀਰ ਕੌਰ,ਕੈਲਾਸ਼ ਰਾਣੀ, ਸਰਬਜੀਤ ਕੌਰ, ਬਲਕਾਰ ਸਿੰਘ, ਸਤਨਾਮ ਸਿੰਘ, ਬਖਸ਼ੀਸ਼ ਸਿੰਘ, ਮਲਕੀਤ ਸਿੰਘ ਰਘਬੀਰ ਸਿੰਘ ਆਦਿ ਸ਼ਾਮਿਲ ਹੋਏ । ਨਵੇਂ ਮੈਬਰਾਂ ਨੂੰ ਕਮੇਟੀ ਵਲੋਂ ਸਨਮਾਨਿਤ ਵੀ ਕੀਤਾ ਗਿਆ।



# ਪੰਜਾਬ ’ਚ ਮਾਹੌਲ ਖਰਾਬ ਕਰਨ ਵਾਲਿਆਂ ’ਤੇ ਹੋਵੇ ਸਖਤ ਕਾਰਵਾਈ : ਮਿੱਕੀ ਪੰਡਤ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ )**- ਪੰਜਾਬ ਵਿੱਚ ਆਏ ਦਿਨ ਵਪਾਰੀਆਂ, ਹਿੰਦੂ ਨੇਤਾਵਾਂ ਤੇ ਵਧ ਰਹੇ ਹਮਲੇ ਅਤੇ ਹਥਿਆਰਾਂ ਦਾ ਫੜਿਆ ਜਾਣਾ ਇਕ ਬਹੁਤ ਗੰਭੀਰ ਚਿੰਤਾ ਦਾ ਵਿਸਾ ਬਣਦਾ ਜਾ ਰਿਹਾ ਹੈ। ਇਨ੍ਹਾਂ ਚਿੰਤਾਵਾਂ ਤੇ ਵਿਚਾਰ ਵਟਾਂਦਰਾ ਕਰਨ ਲਈ ਸ਼ਿਵ ਸੈਨਾ ਪੰਜਾਬ ਦੇ ਉੱਤਰ ਭਾਰਤ ਪ੍ਰਮੁੱਖ ਮਿੱਕੀ ਪੰਡਿਤ ਦੀ ਅਗਵਾਈ ਵਿੱਚ ਇੱਕ ਅਹਿਮ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ ਉਪਰੰਤ ਮਿੱਕੀ ਪੰਡਿਤ ਦੀ ਅਗਵਾਈ ਵਿੱਚ ਸ਼ਿਵ ਸੈਨਾ ਵਰਕਰਾਂ ਦਾ ਇੱਕ ਵਫਦ ਕੈਬਨਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੂੰ ਮਿਲਿਆ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਨਾਂਅ ’ਤੇ ਉਨ੍ਹਾਂ ਨੂੰ ਇੱਕ ਮੰਗ ਪੱਤਰ ਸੌਂਪਿਆ। ਉਨ੍ਹਾਂ ਨਾਲ ਮਾਤਾ ਚਿੰਤਪੂਰਨੀ ਲੰਗਰ ਸੇਵਾ ਸੋਸਾਇਟੀ ਦੇ ਪ੍ਰਧਾਨ ਜੋਤੀਸ ਸ਼ਿਵਮ ਵੈਦ, ਹੁਸ਼ਿਆਰਪੁਰ ਜ਼ਿਲ੍ਹਾ ਪ੍ਰਧਾਨ ਸਚਿਨ ਸੇਠੀ, ਹਰਜੀਤ ਸਿੰਘ, ਬੇਟ ਏਰੀਆ ਪ੍ਰਧਾਨ ਗਗਨ ਪਰੋਜ ਅਤੇ ਗਿੰਦਾ ਪਰੋਜ ਹਾਜਰ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਮਿੱਕੀ ਪੰਡਿਤ ਨੇ ਕਿਹਾ ਕਿ ਉਨ੍ਹਾਂ ਆਪਣੇ ਮੰਗ ਪੱਤਰ ਰਾਹੀਂ ਪੰਜਾਬ ਸਰਕਾਰ ਤੋ ਇਹ ਮੰਗ ਕੀਤੀ ਹੈ ਕਿ ਪੰਜਾਬ ਦਾ ਮਾਹੌਲ ਖਰਾਬ ਕਰ ਰਹੇ ਸ਼ਰਾਰਤੀ ਅਨਸਰਾਂ ਨੂੰ ਜਲਦ ਤੋਂ ਜਲਦ ਨਕੇਲ ਪਾਈ ਜਾਵੇ ਨਹੀਂ ਤਾਂ ਆਉਣ ਵਾਲਾ ਸਮਾਂ ਪੰਜਾਬ ਲਈ ਬਹੁਤ ਹੀ ਦੁਖਦਾਈ ਸਾਬਿਤ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਦਿਨ-ਬ-ਦਿਨ ਪੰਜਾਬ ਵਿੱਚ ਖਾਲਿਸਤਾਨੀ ਗਤੀਵਿਧੀਆਂ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ ਅਤੇ ਇਨ੍ਹਾਂ ਖਾਲਿਸਤਾਨੀ ਸਮਰਥਕਾਂ ’ਤੇ ਰੋਕ ਲਗਾਉਣ ਲਈ ਪੁਲਸ ਪ੍ਰਸ਼ਾਸਨ ਨੂੰ ਜਲਦ ਤੋਂ ਜਲਦ ਪੁਖਤਾ ਪ੍ਰਬੰਧ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਏ ਦਿਨ ਸਰੇਆਮ ਵਪਾਰੀਆਂ ਨੂੰ ਗੋਲੀਆਂ ਨਾਲ ਮਾਰ ਦੇਣਾ ਅਤੇ ਬਾਰ ਬਾਰ ਹਥਿਆਰਾਂ ਦਾ ਫੜਿਆ ਜਾਣਾ ਪੰਜਾਬ ਵਿਚ ਕਿਸੇ ਵੱਡੀ ਸਾਜ਼ਿਸ਼ ਨੂੰ ਅੰਜਾਮ ਦੇਣ ਵੱਲ ਇਸ਼ਾਰਾ ਦੇ ਰਿਹਾ ਹੈ ਜਿਸ ਉੱਪਰ ਸਮੇਂ ਰਹਿੰਦੇ ਸ਼ਿਕੰਜਾ ਨਾ ਕੱਸਿਆ ਗਿਆ ਤਾਂ ਪੰਜਾਬ ਵਾਸੀਆਂ ਨੂੰ ਇੱਕ ਵਾਰ ਫਿਰ 80 ਦੇ ਦਸ਼ਕ ਵਾਲਾ ਸੰਤਾਪ ਭੋਗਣਾ ਪੈ ਸਕਦਾ ਹੈ। ਮੰਗ ਪੱਤਰ ਲੈਣ ਉਪਰੰਤ ਮੰਤਰੀ ਜਿੰਪਾ ਨੇ ਸ਼ਿਵ ਸੈਨਾ ਦੇ ਵਫਦ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦਾ ਇਹ ਮੰਗ ਪੱਤਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪਹੁੰਚਾ ਦਿੱਤਾ ਜਾਵੇਗਾ ਤਾਂ ਜੋ ਜਰੂਰਤ ਅਨੁਸਾਰ ਇਸ ’ਤੇ ਲੁੜਿੰਦੀ ਕਾਰਵਾਈ ਹੋ ਸਕੇ। ਇਸ ਮੌਕੇ ’ਤੇ ਜਿੰਦਰ ਬਨਿਆਲ, ਬਲਾਕ ਪ੍ਰਧਾਨ ਵਿਵੇਕ ਵਿਜਨ, ਸਾਬੀ, ਜੋਬਨ, ਗੌਰਵ, ਅਰੁਣ ਸੇਠੀ, ਬਿਸਨ ਦੇਵਰਾਜ, ਹਰਦੀਪ ਸਿੰਘ ਅਤੇ ਹੋਰ ਸ਼ਿਵ ਸੈਨਾ ਵਰਕਰ ਹਾਜ਼ਰ ਸਨ।



# ਨਰਿੰਦਰ ਮੋਦੀ ਸਮੇਤ ਸਮੁੱਚੀ ਟੀਮ ਵਧਾਈ ਦੀ ਹੱਕਦਾਰ : ਮਿੱਤਲ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**—ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਰਤੀ ਜਨਤਾ ਪਾਰਟੀ ਨੇ ਸੋਚੀ ਨਾ ਜਾ ਸਕਣ ਵਾਲੀ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਜਿਸ ਤੋਂ ਇਹ ਗੱਲ ਬਿਲਕੁਲ ਸਪੱਸ਼ਟ ਹੈ ਕਿ 2024 ਦੀਆਂ ਚੋਣਾਂ ਵਿਚ ਮੋਦੀ ਦੀ ਅਗਵਾਈ ਵਿਚ ਤੀਸਰੀ ਵਾਰ ਜਿੱਤ ਪ੍ਰਾਪਤ ਕਰਕੇ ਸਰਕਾਰ ਬਨਾਉਣ ਤੋਂ ਰੋਕਿਆ ਨਹੀ ਜਾ ਸਕਦਾ। ਇਸ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਸਮੁੱਚੀ ਟੀਮ ਵਧਾਈ ਦੀ ਹੱਕਦਾਰ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਨੌਜਵਾਨ ਆਗੂ ਅਰਵਿੰਦ ਮਿੱਤਲ ਨੇ ਕੀਤਾ। ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀ ਦੇ ਗਠਜੋੜ ਦੀ ਗੱਲ ਦਾ ਖੋਖਲਾਪਨ ਸਾਹਮਣੇ ਆ ਗਿਆ ਤੇ ਇਹ ਸਾਬਤ ਹੋ ਗਿਆ ਕਿ ਇਕੱਠੇ ਹੋਣ ਦੀਆਂ ਗੱਲਾਂ ਤਾਂ ਹੁੰਦੀਆਂ ਹਨ ਪਰ ਰਾਜਨੀਤਕ ਫਾਇਦੇ ਲਈ ਕੀਤੇ ਗਏ ਇਸ ਗਠਜੋੜ ਨੂੰ ਲੋਕ ਚੰਗੀ ਤਰ੍ਹਾਂ ਸਮਝਦੇ ਹਨ ਤੇ ਉਸਨੂੰ ਬਹੁਤਾ ਮਹੱਤਵ ਨਹੀਂ ਦਿੰਦੇ। ਅਰਵਿੰਦ ਮਿੱਤਲ ਨੇ ਚਾਰੇ ਰਾਜਾਂ ਵਿਚ ਆਮ ਆਦਮੀ ਪਾਰਟੀ ਦੀ ਬੁਰੀ ਤਰਾਂ ਹੋਈ ਹਾਰ ਦਾ ਜਿਕਰ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ, ਆਮ ਆਦਮੀ ਦੀਆਂ ਨਜਰਾਂ ਤੋਂ ਪੂਰੀ ਤਰ੍ਹਾਂ ਗਿਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਲੋਕ ਬਹੁਤ ਪ੍ਰੇਸ਼ਾਨ ਹਨ। ਨਾ ਸਰਕਾਰੀ ਦਫਤਰਾਂ ਵਿਚ ਕੋਈ ਕੰਮ ਹੋ ਰਿਹਾ ਹੈ ਤੇ ਨਾ ਹੀ ਪਿੰਡਾਂ ਸ਼ਹਿਰਾਂ ਵਿਚ ਕੋਈ ਵਿਕਾਸ ਦਾ ਕੰਮ ਹੋ ਰਿਹਾ। ਇਨ੍ਹਾਂ ਦੇ ਆਗੂਆਂ ’ਤੇ ਹਰ ਤਰ੍ਹਾਂ ਦੇ ਇਲਜ਼ਾਮ ਆਮ ਲੋਕਾਂ ਵਲੋਂ ਲਗਾਏ ਜਾ ਰਹੇ ਹਨ। ਲੋਕ ਇਨ੍ਹਾਂ ਨੂੰ ਵੋਟਾਂ ਪਾ ਕੇ ਪਛਤਾ ਰਹੇ ਹਨ ਤੇ ਇਨ੍ਹਾਂ ਵਲੋਂ ਕੀਤੇ ਜਾ ਰਹੇ ਗਲਤ ਕੰਮਾਂ ਨੂੰ ਦੇਖਦੇ ਹੋਏ ਰਾਜਸਥਾਨ, ਛੱਤੀਸਗੜ੍ਹ, ਤੇਲੰਗਾਨਾ ਤੇ ਮੱਧ ਪ੍ਰਦੇਸ਼ ਵਿਚ ਲੋਕਾਂ ਨੇ ਇਨ੍ਹਾਂ ਨੂੰ ਨੋਟਾ ਤੋਂ ਵੀ ਥੱਲੇ ਲੈ ਆਉਂਦਾ। ਮਿੱਤਲ ਨੇ ਕਿਹਾ ਕਿ ਇਨ੍ਹਾਂ ਚੋਣਾਂ ਵਿਚ ਪੰਜਾਬ ਦਾ ਜੋ ਪੈਸਾ ਬਰਬਾਦ ਕੀਤਾ ਗਿਆ ਹੈ ਲੋਕ ਇਸਦਾ ਹਿਸਾਬ ਲੋਕ ਸਭਾ ਚੋਣਾਂ ’ਚ ਆਮ ਆਦਮੀ ਪਾਰਟੀ ਤੋਂ ਲੈਣਗੇ।

# 17 ਨੂੰ ਮਨਾਏ ਜਾ ਰਹੇ ਪੈਨਸ਼ਨਰਜ਼ ਦਿਵਸ ਸੰਬੰਧੀ ਕੀਤੀਆਂ ਵਿਚਾਰਾਂ

**ਹੁਸ਼ਿਆਰਪੁਰ, (ਬਲਵੀਰ ਸੈਣੀ)**

ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ (ਰਜਿ:) ਤਹਿਸੀਲ ਹੁਸ਼ਿਆਰਪੁਰ ਦੀ ਇੱਕ ਮੀਟਿੰਗ 17 ਦਸੰਬਰ ਨੂੰ ਮਨਾਏ ਜਾ ਰਹੇ ਪੈਨਸ਼ਨਰਜ਼ ਦਿਵਸ ਦੀ ਤਿਆਰੀ ਅਤੇ ਪੈਨਸ਼ਨਰ ਮੰਗਾਂ ਸਬੰਧੀ ਸਰਕਾਰ ਦੇ ਮਾੜੇ ਵਤੀਰੇ ਤੇ ਵਿਚਾਰ ਲਈ ਤਹਿਸੀਲ ਪ੍ਰਧਾਨ ਸ਼ਮਸ਼ੇਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੁਸ਼ਿਆਰਪੁਰ ਵਿਖੇ ਆਯੋਜਿਤ ਕੀਤੀ ਗਈ। ਮੀਟਿੰਗ ਦੇ ਸ਼ੁਰੂ ਵਿੱਚ ਪਿਛਲੀ ਤਿਮਾਹੀ ਦੌਰਾਨ ਸਵਰਗ ਸੁਧਾਰ ਚੁੱਕੇ ਸਾਥੀਆਂ ਦੀਆਂ ਵਿਛੜੀਆਂ ਆਤਮਾਵਾਂ ਦੀ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ। ਮੀਟਿੰਗ ਦੀ ਕਾਰਵਾਈ ਸ਼ੁਰੂ ਕਰਦਿਆਂ ਮੀਤ ਪ੍ਰਧਾਨ ਸੂਰਜ ਪ੍ਰਕਾਸ਼ ਨੇ ਵੱਖ ਵੱਖ ਬੈਕਾਂ ਵਿੱਚ ਪੈਨਸ਼ਨਰਾਂ ਨੂੰ ਆ ਰਹੀਆਂ ਸਮੱਸਿਆਂਵਾਂ ਨੂੰ ਹੱਲ ਕਰਨ ਸਬੰਧੀ ਵਿਸਥਾਰ ਸਹਿਤ ਚਾਨਣਾ ਪਾਇਆ। ਇਸ ਮੀਟਿੰਗ ਜ਼ਿਲ੍ਹਾ ਪ੍ਰਧਾਨ ਅਤੇ ਕਨਫੈਡਰੇਸ਼ਨ ਦੇ ਜਨਰਲ ਸਕੱਤਰ ਕੁਲਵਰਨ ਸਿੰਘ ਵਿਸ਼ੇਸ਼ ਤੌਰ ’ਤੇ ਹਾਜਰ ਹੋਏ ਅਤੇ ਉਨ੍ਹਾਂ ਪਿਛਲੇ ਸਮੇਂ ਵਿੱਚ ਪੈਨਸ਼ਨਰ ਸਾਥੀਆਂ ਵਲੋਂ ਵੱਖ ਵੱਖ ਰੈਲੀਆਂ ਅਤੇ ਧਰਨਿਆਂ ਦੌਰਾਨ ਸੰਘਰਸ਼ਾਂ ਲਈ ਦਿੱਤੇ ਯੋਗਦਾਨ ਲਈ ਸਮੂਹ ਸਾਥੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਸਰਕਾਰ ਵਲੋਂ ਮੀਟਿੰਗਾਂ ਲਈ ਸਮਾਂ ਦੇ ਕੇ ਮੀਟਿਗਾਂ ਨਾ ਕਰਨ ਅਤੇ ਮੰਗਾਂ ਨਾ ਮੰਨਣ ਲਈ ਸਰਕਾਰ ਦੀ ਤਿੱਖੇ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਸਾਥੀਆਂ ਨੂੰ ਤਿੱਖੇ ਸੰਘਰਸ਼ਾਂ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ। ਉਨ੍ਹਾਂ ਆਲ ਇੰਡੀਆ ਸਟੇਟ ਗੌਰਮਿੰਟ ਪੈਨਸ਼ਨਰਜ਼ ਫੈਡਰੇਸ਼ਨ ਦੀ ਚੇਨਈ ਵਿਖੇ ਹੋਈ 7-11-2023 ਨੂੰ ਹੋਈ ਪਹਿਲੀ ਕਾਨਫਰੰਸ ਵਿੱਚ ਹੁਸ਼ਿਆਰਪੁਰ ਤੋਂ ਸ਼ਾਮਲ ਹੋਏ ਦੋ ਡੈਲੀਗੇਟਾਂ ਦੀ ਸ਼ਮੂਲੀਅਤ ਸਬੰਧੀ ਜਾਣਕਾਰੀ ਦਿੱਤੀ ਅਤੇ ਇਸ ਕਾਨਫਰੰਸ ਵਿੱਚ ਹੁਸ਼ਿਆਰਪੁਰ ਤੋਂ ਗਏ ਡੈਲੀਗੇਟ ਸਾਥੀ ਮਨਜੀਤ ਸਿੰਘ ਸੈਣੀ ਨੂੰ ਚੁਣੀ ਗਈ ਨੈਸ਼ਨਲ ਟੀਮ ਵਿੱਚ ਸਕੱਤਰ ਚੁਣੇ ਜਾਣ ਦੀ ਵੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸਾਥੀ ਮਨਜੀਤ ਸਿੰਘ ਸੈਣੀ ਦਾ ਨੈਸ਼ਨਲ ਟੀਮ ਵਿੱਚ ਸਕੱਤਰ ਚੁਣਿਆ ਜਾਣਾ ਪੰਜਾਬ ਅਤੇ ਹੁਸ਼ਿਆਰਪੁਰ ਲਈ ਮਾਣ ਵਾਲ਼ੀ ਗੱਲ ਹੈ।

ਉਪਰੰਤ ਜ਼ਿਲ੍ਹਾ ਪ੍ਰਧਾਨ ਕੁਲਵਰਨ ਸਿੰਘ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਦਸਿਆ ਕਿ ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ (ਰਜਿ:) ਜ਼ਿਲਾ ਹੁਸ਼ਿਆਰਪੁਰ ਵਲੋਂ ਹਰ ਸਾਲ 17 ਦਸੰਬਰ ਨੂੰ “ਪੈਨਸ਼ਨਰਜ਼ ਦਿਵਸ” ਮਨਾਇਆ ਜਾਂਦਾ ਹੈ। ਇਸ ਸਾਲ ਵੀ ਜੱਥੇਬੰਦੀ ਵਲੋਂ 17 ਦਸੰਬਰ 2023 ਦਿਨ ਐਤਵਾਰ ਨੂੰ “ਪੈਨਸ਼ਨਰਜ਼ ਦਿਵਸ” ਮਨਾਇਆ ਜਾ ਰਿਹਾ ਹੈ। ਉਨ੍ਹਾਂ ਇਸ ਸਮਾਗਮ ਨੂੰ ਸਫਲ ਬਣਾਉਣ ਵੱਖ ਵੱਖ ਕੰਮਾਂ ਲਈ ਵੱਖ ਵੱਖ ਟੀਮਾਂ ਬਣਾ ਕੇ ਸਾਥੀਆਂ ਦੀ ਸਹਿਮਤੀ ਨਾਲ ਡਿਊਟੀਆਂ ਲਗਾਈਆਂ ਤਾਂ ਕਿ ਸਮਾਗਮ ਸਫਲਤਾ ਪੂਰਬਕ ਸੰਪਨ ਕੀਤਾ ਜਾ ਸਕੇ। ਮੀਟਿੰਗ ਵਿੱਚ ਹਾਜਰ ਸਾਥੀਆਂ ਨੇ ਜਿਲ੍ਹਾ ਪ੍ਰਧਾਨ ਵਲੋਂ ਵੱਖ ਵੱਖ ਕੰਮਾਂ ਲਈ ਲਾਈਆਂ ਡਿਊਟੀਆਂ ਨੂੰ ਬਾ-ਖੂਬੀ ਨਿਭਾਉਣ ਦਾ ਯਕੀਨ ਦਿਵਾਇਆ ਅਤੇ ਕਿਹਾ ਕਿ ਸਾਰੇ ਸਾਥੀ ਮਿਲ ਕੇ ਇਸ ਸਮਾਗਮ ਦੀ ਸਫਲਤਾ ਲਈ ਤਾਣ ਲਾ ਦੇਣਗੇ। ਜ਼ਿਲ੍ਹਾ ਪ੍ਰਧਾਨ ਨੇ ਦਸਿਆ ਕਿ ਇਸ ਸਮਾਗਮ ਵਿੱਚ 80 ਸਾਲ ਦੀ ਉਮਰ ਬਤੀਤ ਕਰ ਚੁੱਕੇ ਪੈਨਸ਼ਨਰਜ਼ ਨੂੰ ਹਰ ਸਾਲ ਦੀ ਤਰ੍ਹਾਂ ਸਨਮਾਨਿਤ ਕੀਤਾ ਜਾਵੇਗਾ। ਪ੍ਰਧਾਨ ਨੇ ਸਾਥੀਆਂ ਨੂੰ ਕਿਹਾ ਕਿ ਉਹ ਸਾਰੇ ਪੈਨਸ਼ਨਰਾਂ ਤਕ ਪਹੁੰਚ ਕਰਕੇ ਉਨ੍ਹਾਂ ਨੂੰ ਸਮਾਗਮ ਵਿੱਚ ਸ਼ਾਮਲ ਕਰਾਉਣ ਤਾਂ ਕਿ ਜਿਥੇ ਸਾਥੀਆਂ ਨਾਲ ਸਮਾਜਿਕ ਸਾਂਝ ਵਧਾਈ ਜਾਵੇਗੀ, ਉੱਥੇ ਸਰਕਾਰ ਵਲੋਂ ਪੈਨਸ਼ਨਰਾਂ ਨਾਲ ਕੀਤੇ ਜਾ ਰਹੇ ਵਿਤਕਰੇ ਅਤੇ ਆਰਥਿਕ ਨੁਕਸਾਨ ਸਬੰਧੀ ਸਾਥੀਆਂ ਨਾਲ ਵਿਚਾਰ ਕਰਕੇ ਸੁਚੇਤ ਕਰਨ ਦੇ ਨਾਲ ਨਾਲ ਭਵਿੱਖੀ ਸੰਘਰਸ਼ਾਂ ਲਈ ਵਿਚਾਰ ਸਾਂਝੇ ਕੀਤੇ ਜਾਣਗੇ। ਇਹ ਸਮਾਗਮ ਸਵੇਰੇ ਠੀਕ 11 ਵਜੇ ਤੋਂ 2 ਵਜੇ ਬਾ:ਦੁ: ਤੱਕ ਹੋਵੇਗਾ। ਇਸ ਮੌਕੇ ਜ਼ਿਲ੍ਹਾ ਸਕੱਤਰ ਕ੍ਰਿਪਾਲ ਸਿੰਘ, ਮੀਤ ਪ੍ਰਧਾਨ ਸੂਰਜ ਪ੍ਰਕਾਸ਼, ਜ਼ਿਲ੍ਹਾ ਵਿੱਤ ਸਕੱਤਰ ਸੁਦੇਸ਼ ਚੰਦਰ ਸ਼ਰਮਾ, ਸ਼ਮਸ਼ੇਰ ਸਿੰਘ ਧਾਮੀ, ਮਹਿੰਦਰ ਕੁਮਾਰ ਮਹਿਤਾ ਤਹਿਸੀਲ ਸਕੱਤਰ, ਦਿਨੇਸ਼ ਪਠਾਨੀਆਂ ਵਿੱਤ ਸਕੱਤਰ, ਅਮੋਲਕ ਚੰਦ, ਕਰਮਜੀਤ ਸਿੰਘ ਐਸ.ਡੀ.ਓ., ਮਦਨ ਲਾਲ ਸੈਣੀ, ਡਾ: ਸੁੱਖਦੇਵ ਸਿੰਘ ਢਿੱਲੋਂ, ਬਲਵੀਰ ਸਿੰਘ ਸੈਣੀ ਸੂਬਾ ਪ੍ਰੈਸ ਸਕੱਤਰ ਸਮੇਤ ਹੋਰ ਵੀ ਅਨੇਕਾਂ ਸਾਥੀ ਹਾਜਰ ਸਨ।

7-Dec-PAGE-9.qxd 12/6/2023 10:58 PM Page 1



# ਪੇਂਡੂ ਮਜ਼ਦੂਰ ਯੂਨੀਅਨ ਨੇ ਵਿੱਤ ਮੰਤਰੀ ਤੇ ਐੱਸ ਐੱਸ ਪੀ ਦੇ ਪੁਤਲੇ ਫੂਕ ਕੇ ਕੀਤਾ ਪ੍ਰਦਰਸ਼ਨ

**ਕਰਤਾਰਪੁਰ (ਹਰਮੇਸ਼ ਦੱਤ)**

ਪੇਂਡੂ ਮਜਦੂਰ ਯੂਨੀਅਨ ਵੱਲੋਂ ਦਲਿਤ ਮਜਦੂਰਾਂ ਦਾ ਨਜ਼ੂਲ ਜਮੀਨ ਦਾ ਹੱਕ ਖੋਹਣ 'ਤੇ ਪੰਜਾਬ ਪੁਲਸ ਦੀ ਵੱਡੀ ਨਫਰੀ ਵਲੋਂ ਸਾਦੀਹਰੀ (ਸੰਗਰੂਰ) ਦੇ ਦਲਿਤਾਂ ਦੇ ਘਰਾਂ ਉੱਤੇ ਹਮਲਾ ਕਰਨ, ਔਰਤਾਂ ਨਾਲ ਬਦਸਲੂਕੀ ਕਰਨ, ਸਮਾਨ, ਵਹੀਕਲਾਂ ਦੀ ਭੰਨਤੋੜ ਕਰਨ ਤੇ ਜਬਤ ਕਰਨ ਅਤੇ 25 ਦਲਿਤਾਂ ਨੂੰ ਗ੍ਰਿਫਤਾਰ ਕਰਨ ਦੀ ਤਿੱਖੇ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਵਿੱਤ ਮੰਤਰੀ ਹਰਪਾਲ ਚੀਮਾ ਤੇ ਐਸ ਐਸ ਪੀ ਸੰਗਰੂਰ ਦਾ ਦੂਜੇ ਦਿਨ ਵੀ ਕੁਦੋਵਾਲ ਅਤੇ ਧੀਰਪੁਰ ਪਿੰਡਾਂ ਵਿਚ ਪੁਤਲਾ ਸਾੜਿਆ ਗਿਆ। ਕੁੱਦੋਵਾਲ ਵਿਖੇ ਛੱਪੜ ਕੰਢੇ ਵਿੱਤ ਮੰਤਰੀ ਹਰਪਾਲ ਚੀਮਾ ਅਤੇ ਐੱਸ ਐੱਸ ਦੀ ਅਰਥੀ ਫੂਕਣ ਤੋ ਬਾਅਦ ਅਸਤ ਛੱਪੜ ਵਿੱਚ ਸੁੱਟੇ ਗਏ। ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਅਤੇ ਯੂਥ ਵਿੰਗ ਦੇ ਆਗੂ ਗੁਰਪ੍ਰੀਤ ਸਿੰਘ ਚੀਦਾ ਨੇ ਕਿਹਾ ਕਿ ਨਜ਼ੂਲ ਜਮੀਨ ਦਾ ਦਲਿਤ ਹੱਕ ਲੈਣ ਲਈ ਪਿੰਡ ਸਾਦੀਹਰੀ ਦਾ ਜ਼ਮੀਨੀ ਮੋਰਚਾ ਲੰਬੇ ਸਮੇਂ ਤੋਂ ਚੱਲ ਰਿਹਾ ਹੈ। ਜਿਸ ਦਾ ਪ੍ਰਸ਼ਾਸਨ ਵਲੋਂ ਕੋਈ ਢੁਕਵਾਂ ਹੱਲ ਕਰਨ ਦੀ ਬਜਾਏ ਵਿੱਤ ਮੰਤਰੀ ਦੀ ਸ਼ਹਿ ਉੱਪਰ ਇਹਨਾਂ ਦਲਿਤ ਮਜਦੂਰਾਂ ਤੋਂ ਨਜ਼ੂਲ ਜਮੀਨ ਦਾ ਹੱਕ ਖੋਹ ਕੇ ਪਿੰਡ ਦੀ ਰਾਜਨੀਤਿਕ ਧੜੇਬੰਦੀ ਕਾਰਨ ਕੁਝ ਜਾਅਲਸਾਜ਼ੀ ਨਾਲ ਬਣੇ ਮੈਂਬਰ ਨੂੰ ਹੀ ਜ਼ਮੀਨ ਦੇਣ ਦੇ ਇਰਾਦੇ ਨਾਲ ਪਿੰਡ ਦੇ 250 ਘਰਾਂ ਦੇ ਦਲਿਤਾਂ ਨੂੰ ਜ਼ਮੀਨ ਚੋ ਡੰਡੇ ਦੇ ਜੋਰ 'ਤੇ ਪੁਲਿਸ ਵਲੋਂ ਖਦੇੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਜਿਸ ਦੀ ਕੜੀ ਤਹਿਤ ਪੁਲਸ ਵਲੋਂ ਵੱਡੀ ਗਿਣਤੀ 'ਚ ਹਮਲਾ ਕਰ ਦਿੱਤਾ ਗਿਆ। ਦਲਿਤਾਂ ਦੇ ਟੈਂਟ ਪੁੱਟ ਦਿੱਤੇ ਗਏ। ਔਰਤਾਂ ਨਾਲ ਬਦਸਲੂਕੀ ਕੀਤੀ ਗਈ ਤੇ ਉਹਨਾਂ ਦੇ ਕੱਪੜੇ ਵੀ ਪਾੜ ਦਿੱਤੇ ਗਏ, ਜਿਸ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ ਉਨ੍ਹੀ ਹੀ ਥੋੜੀ ਹੈ। ਜਥੇਬੰਦੀ ਨੇ ਸਰਕਾਰੀ ਸ਼ਹਿ ਉੱਤੇ ਕੀਤੀ ਗਈ ਪੁਲਸ ਕਾਰਵਾਈ ਖਿਲਾਫ ਪੰਜਾਬ ਭਰ 'ਚ ਵਿੱਤ ਮੰਤਰੀ ਹਰਪਾਲ ਚੀਮਾ ਤੇ ਐੱਸ ਐੱਸ ਪੀ ਸੰਗਰੂਰ ਦੇ ਪੁਤਲੇ ਸਾੜਨ ਦਾ ਹੋਕਾ ਦਿੱਤਾ ਅਤੇ ਨਾਲ ਹੀ ਐਲਾਨ ਕੀਤਾ ਕਿ ਪ੍ਰਸ਼ਾਸਨ ਆਪਣੀਆਂ ਦਲਿਤਾਂ ਵਿਰੋਧੀ ਹਰਕਤਾਂ ਤੋਂ ਬਾਜ ਆਵੇ ਨਹੀਂ ਤਾਂ ਐਮਰਜੈਂਸੀ ਮੀਟਿੰਗ ਕਰਕੇ ਇਸ ਦੇ ਪੱਕੇ ਹੱਲ ਦੀ ਵਿਉਂਤਬੰਦੀ ਘੜੀ ਜਾਵੇਗੀ ਅਤੇ ਇਸ ਮਸਲੇ ਨੂੰ 9,10,11 ਦਸੰਬਰ ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ,ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਦੇ ਘਰਾਂ ਅੱਗੇ ਲਗਾਏ ਜਾ ਰਹੇ ਤਿੰਨ ਰੋਜਾ ਜੋਨ ਪੱਧਰੀ ਮੋਰਚਿਆਂ ਵਿੱਚ ਵੀ ਉਠਾਇਆ ਜਾਵੇਗਾ।

# ਕਾਰ ਤੇ ਮੋਟਰਸਾਈਕਲ ਦੀ ਟੱਕਰ 'ਚ ਤਿੰਨ ਵਿਦਿਆਰਥੀ ਜ਼ਖਮੀ

**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ-ਮੁਕੇਰੀਆਂ ਮੁੱਖ ਮਾਰਗ 'ਤੇ ਪੈਂਦੇ ਭਾਰਤੀ ਪੈਟਰੋਲ ਪੰਪ ਦੇ ਬਿਲਕੁਲ ਸਾਹਮਣੇ ਕਾਰ ਤੇ ਮੋਟਰਸਾਈਕਲ ਦੀ ਸਿੱਧੀ ਟੱਕਰ ਹੋਣ ਕਾਰਨ ਮੋਟਰਸਾਈਕਲ ਸਵਾਰ ਤਿੰਨ ਵਿਦਿਆਰਥੀ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ। ਮੌਕੇ 'ਤੇ ਇਕੱਤਰ ਕੀਤੀ ਗਈ ਜਾਣਕਾਰੀ ਅਨੁਸਾਰ ਉਕਤ ਵਿਦਿਆਰਥੀ ਪਿੰਡ ਆਲਮ ਦੇ ਰਹਿਣ ਵਾਲੇ ਹਨ ਅਤੇ ਨਵਾਂ ਸ਼ਾਲਾ ਦੇ ਇਕ ਨਿੱਜੀ ਸਕੂਲ ਵਿਚ ਪੜ੍ਹਦੇ ਹਨ। ਅੱਜ ਸਵੇਰੇ ਜਦੋਂ ਉਹ ਪੁਰਾਣਾ ਸ਼ਾਲਾ ਤੋਂ ਨਵਾਂਸ਼ਾਲਾ ਸਕੂਲ ਪੜ੍ਹਨ ਲਈ ਆ ਰਹੇ ਸਨ ਤਾਂ ਪੈਟਰੋਲ ਪੰਪ ਨਜ਼ਦੀਕ ਇਕ ਕਾਰ ਦੀ ਲਪੇਟ ਵਿਚ ਆ ਗਏ। ਇਸ ਹਾਦਸੇ ਵਿਚ ਤਿੰਨੋਂ ਵਿਦਿਆਰਥੀ ਗੰਭੀਰ ਜ਼ਖ਼ਮੀ ਹੋ ਗਏ ਜਿਨ੍ਹਾਂ ਨੂੰ ਕਾਰ ਸਵਾਰ ਨੇ ਗੁਰਦਾਸਪੁਰ ਹਸਪਤਾਲ ਵਿਚ ਦਾਖਲ ਕਰਵਾ ਦਿੱਤਾ। ਲੋਕਾਂ ਦਾ ਕਹਿਣਾ ਹੈ ਕਿ ਗੁਰਦਾਸਪੁਰ-ਮੁਕੇਰੀਆਂ ਮੁੱਖ ਮਾਰਗ ਦੀ ਹਾਲਤ ਖਸਤਾ ਹੋਣ ਕਾਰਨ ਇਥੇ ਨਿਤ ਦਿਨ ਹਾਦਸੇ ਵਾਪਰ ਰਹੇ ਹਨ ਅਤੇ ਲੋਕਾਂ ਦਾ ਜ਼ਿੰਮੇਵਾਰ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਨੂੰ ਠਹਿਰਾਇਆ।

# ਦਿ ਨੋਬੇਲ ਸਕੂਲ ਵੱਲੋਂ ਨਸ਼ਾ ਮੁਕਤ ਰੈਲੀ ਦਾ ਆਯੋਜਨ




**ਕਰਤਾਰਪੁਰ (ਹਰਮੇਸ਼ ਦੱਤ)**

ਪ੍ਰੋਫੈਸਰ ਸੀ ਐਲ ਕੌਛੜ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਕੁਮਾਰ ਸ਼ਿਵ ਕੌਛੜ ਸਕੂਲ ਦੇ ਪ੍ਰਿੰਸੀਪਲ ਸੰਗੀਤ ਕੁਮਾਰ ਨੇ ਵਿਦਿਆਰਥੀਆਂ ਨੂੰ ਇਸ ਰੈਲੀ 'ਤੇ ਜਾਣ ਤੋਂ ਪਹਿਲਾਂ ਬੱਚਿਆਂ ਦਾ ਮਨੋਬਲ ਨੂੰ ਵਧਾਇਆ ਅਤੇ ਉਨ੍ਹਾਂ ਨੂੰ ਇਸ ਪ੍ਰਕਾਰ ਦੀਆਂ ਰੈਲੀਆਂ 'ਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਉਤਸਾਹਿਤ ਵੀ ਕੀਤਾ। ਦ ਨੋਬੇਲ ਸਕੂਲ ਜੋ ਕਿ ਸਿੱਖਿਆ ਦੇ ਮਾਧਿਅਮ 'ਚ ਉੱਚਤਾ ਵੱਲ ਵਧ ਰਿਹਾ ਹੈ, ਨੇ ਨਸ਼ਾ ਮੁਕਤ ਦਿਸ਼ਾ 'ਚ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ। 2 ਦਸੰਬਰ ਨੂੰ ਆਯੋਜਿਤ ਹੋਈ ਰੈਲੀ ਨੇ ਸਪੱਸ਼ਟ ਸੰਕੇਤ ਦਿੱਤਾ ਕਿ ਖੁਸ਼ਹਾਲੀ ਅਤੇ ਸਮਾਜਿਕ ਜ਼ਿੰਮੇਦਾਰੀ ਦੇ ਮਾਮਲੇ 'ਚ ਅਸੀਂ ਕਿਸੇ ਵੀ ਖੇਤਰ 'ਚ ਪੱਛੜੇ ਹੋਏ ਨਹੀਂ ਹਾਂ। ਇਸ ਰੈਲੀ ਦੀ ਸ਼ੁਰੂਆਤ ਕਰਦੇ ਹੋਏ ਅਸੀਂ ਸਾਰੇ ਇੱਕ ਜੁੱਟ ਮਿਲ ਕੇ ਇਹ ਵਚਨ ਕੀਤਾ ਕਿ ਨਸ਼ੇ ਦੇ ਖਿਲਾਫ ਲੋਕਾਂ 'ਚ ਜਾਗਰੂਕਤਾ ਵਧੇ ਅਤੇ ਉਹਨਾਂ ਨੂੰ ਇਸ ਖਤਰੇ ਤੋਂ ਬਚਾਉਣ ਲਈ ਸਕਾਰਾਤਮਕ ਕਦਮ ਚੁੱਕੇ ਜਾਣ। ਰੈਲੀ 'ਚ ਭਾਗ ਲੈਣ ਵਾਲੇ ਵਿਦਿਆਰਥੀਆਂ ਅਤੇ ਅਧਿਆਪਕ ਨਵਦੀਪ ਸਿੰਘ, ਮਨਪ੍ਰੀਤ ਸੁਰੀਲਾ, ਪਰਮਿੰਦਰ ਕੌਰ, ਅਨੁ ਅਤੇ ਨਵਜੋਤ ਸ਼ਰਮਾ ਨੇ ਨਸ਼ੇ ਖਿਲਾਫ ਮਜ਼ਬੂਤ ਸੰਕਲਪ ਚੁੱਕਿਆ। ਰੈਲੀ ਦੇ ਪ੍ਰਮੁੱਖ ਬੁਲਾਰਿਆਂ ਨੇ ਦੱਸਿਆ ਕਿ ਨਸ਼ਾ ਮੁਕਤੀ ਦਾ ਸੰਘਰਸ਼ ਕੇਵਲ ਇੱਕ ਵਿਅਕਤੀ ਜਾਂ ਪਰਵਾਰ ਦਾ ਮੁੱਦਾ ਨਹੀਂ ਬਲਕਿ ਇਹ ਸਮਾਜ ਦੀ ਵਚਨਬੱਧਤਾ ਦਾ ਵੀ ਸਵਾਲ ਹੈ। ਰੈਲੀ ਦਾ ਅੰਤ ਬਹੁਤ ਹੀ ਨਾਅਰੇ ਦੇ ਨਾਲ ਕੀਤਾ ਗਿਆ, ਦੇਸ਼ ਨੂੰ ਬਚਾਉਣਾ ਹੈ ਨਸ਼ੇ ਨੂੰ ਬੰਦ ਕਰਾਉਣਾ ਹੈ।

# ਜ਼ਿਲ੍ਹਾ ਰੈਡ ਕਰਾਸ ਸ਼ਾਖਾ ਵੱਲੋਂ ਮਨਾਇਆ ਵਿਸ਼ਵ ਏਡਜ ਦਿਵਸ

**ਮੋਹਾਲੀ, (ਗੁਰਜੀਤ ਬਿੱਲਾ)**- ਸ੍ਰੀਮਤੀ ਅਸ਼ਿਕਾ ਜੈਨ ਡਿਪਟੀ ਕਮਿਸ਼ਨਰ, ਐਸ.ਏ.ਐਸ.ਨਗਰ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਰੈਡ ਕਰਾਸ ਸ਼ਾਖਾ ਐਸ ਏ ਐਸ ਨਗਰ ਵੱਲੋਂ ਵਿਸ਼ਵ ਏਡਜ ਦਿਵਸ ਮਨਾਇਆ ਗਿਆ। ਜਿਸ ਦੌਰਾਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਐਸ ਏ ਐਸ ਨਗਰ ਵਿਖੇ ਕੰਮ ਕਰ ਰਹੇ ਕਰਮਚਾਰੀਆਂ ਅਤੇ ਸਵਰਾਜ ਟ੍ਰੇਨਿੰਗ ਸੈਂਟਰ ਵਿਖੇ ਵਿਅਕਤੀਆਂ ਨੂੰ ਏਡਜ ਦੀ ਬਿਮਾਰੀ ਤੋਂ ਬਚਣ ਲਈ ਜਾਗਰੂਕਤਾ ਕੈਂਪ ਲਗਾਇਆ ਗਿਆ, ਜਿਸ ਵਿੱਚ ਜਿਲਾ ਰੈਡ ਕਰਾਸ ਦੇ ਸਕੱਤਰ ਹਰਬੰਸ ਸਿੰਘ ਵੱਲੋਂ ਦੱਸਿਆ ਗਿਆ ਕਿ ਹਰ ਸਾਲ ਵਰਡ ਏਡਜ ਦਿਵਸ ਪਹਿਲੀ ਦਸੰਬਰ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਮਨਾਉਣ ਦਾ ਮਕਸਦ ਲੋਕਾਂ ਨੂੰ ਇਸ ਭਿਆਨਕ ਲਾਇਲਾਜ ਬਿਮਾਰੀ ਤੋਂ ਬਚਾਅ ਲਈ ਜਾਗਰੂਕ ਕਰਨਾ ਹੈ। ਅੰਤ ਵਿੱਚ ਸਕੱਤਰ ਵੱਲੋਂ ਦੱਸਿਆ ਗਿਆ ਕਿ ਸਾਰਿਆਂ ਨੌਜਵਾਨਾਂ ਨੂੰ ਏਡਜ ਦੀ ਜਾਣਕਾਰੀ ਹੋਣਾ ਲਾਜ਼ਮੀ ਹੈ।

# ਸਿਹਤ ਵਿਭਾਗ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ : ਡਾ. ਗੀਤਾਂਜਲੀ ਸਿੰਘ

**ਨਵਾਂ ਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਵਿਕਸਤ ਭਾਰਤ ਸੰਕਲਪ ਯਾਤਰਾ-ਹਮਾਰਾ ਸੰਕਲਪ ਵਿਕਸਿਤ ਭਾਰਤ ਮੁਹਿੰਮ ਤਹਿਤ ਸਿਹਤ ਬਲਾਕ ਮੁਜ਼ੱਫਰਪੁਰ ਦੇ ਪਿੰਡ ਸ਼ਾਹਪੁਰ ਤੇ ਮਝੂਰ ਵਿਖੇ ਆਈ.ਈ.ਸੀ. ਵੈਨ ਪਹੁੰਚੀ, ਜਿਸਪਿੰਡ ਮੋਹਾਲੋਂ ਵਿਖੇ ਰਾਹੀ ਲੋਕਾਂ ਨੂੰ ਸਰਕਾਰੀ ਸਕੀਮਾਂ ਪ੍ਰਤੀ ਜਾਗਰੂਕ ਕੀਤਾ ਗਿਆ। ਇਸ ਦੇ ਨਾਲ ਹੀ ਆਮ ਲੋਕਾਂ ਨੂੰ ਉਨ੍ਹਾਂ ਦੇ ਦਰਾਂ 'ਤੇ ਮੁੱਢਲੀਆਂ ਸਰਕਾਰੀ ਸਿਹਤ



ਸੇਵਾਵਾਂ ਮੁਹੱਈਆ ਕਰਵਾਉਣ ਲਈ ਵਿਸ਼ੇਸ਼ ਸਿਹਤ ਜਾਂਚ ਕੈਂਪ ਵੀ ਆਯੋਜਿਤ ਕੀਤੇ ਗਏ। ਇਸ ਸੰਬੰਧੀ ਸੀਨੀਅਰ ਮੈਡੀਕਲ ਅਫਸਰ ਡਾ. ਗੀਤਾਂਜਲੀ ਸਿੰਘ ਨੇ ਦੱਸਿਆ ਕਿ ਇਸ ਮੁਹਿੰਮ ਦਾ ਮੁੱਖ ਮੰਤਵ ਸਿਹਤ ਸਹੂਲਤਾਂ ਨੂੰ ਮੌਕੇ 'ਤੇ ਮੁਹੱਈਆ ਕਰਵਾਉਣ ਦੇ ਨਾਲ-ਨਾਲ ਸਰਕਾਰੀ ਸਕੀਮਾਂ ਦਾ ਪ੍ਰਸਾਰ ਅਤੇ ਪ੍ਰਚਾਰ ਜ਼ਮੀਨੀ ਪੱਧਰ ਤੱਕ ਕਰਨਾ ਹੈ ਤਾਂ ਜੋ ਕੋਈ ਵੀ ਯੋਗ ਲਾਭਪਾਤਰੀ ਇਨ੍ਹਾਂ ਸਿਹਤ ਸੇਵਾਵਾਂ ਦੇ ਲਾਭ ਤੋਂ ਵਾਂਝਾ ਨਾ ਰਹੇ। ਇਸ ਕੰਪੇਨ ਦੌਰਾਨ ਯੋਗ ਲਾਭਪਾਤਰੀਆਂ ਦੇ ਆਯੂਸ਼ਮਾਨ ਕਾਰਡ ਬਣਾਏ ਗਏ। ਮੌਕੇ 'ਤੇ ਸ਼ੂਗਰ, ਬਲੱਡ ਪ੍ਰੈਸ਼ਰ, ਟੀਬੀ ਆਦਿ ਪਿੰਡ ਮੋਹਾਲੋਂ ਵਿਖੇ ਐਨ ਐਮ ਗੁਰਦੇਵ ਕੌਰ, ਏ ਐਨ ਐਮ ਪਰਵੀਨ ਸੀ ਐਚ ਓ ਲਖਵਿੰਦਰ ਕੌਰ , ਸਵਿੰਦਰ ਕੌਰ, ਡਾ ਅਮਨ, ਰਜਿੰਦਰ ਕੁਮਾਰ ਮੌਜੂਦ ਸਨ।

# ਡੇਢ ਸਾਲ ਪਹਿਲਾਂ ਬਣਿਆ ਕਾਜਵੇਅ ਟੁੱਟਣ ਕਾਰਨ ਪਿੰਡ ਵਾਸੀਆਂ ਨੇ ਜਤਾਇਆ ਰੋਸ

**ਅੱਡਾ ਸਰਾਂ, (ਕਾਜਲ)**

ਪਿੰਡ ਕੰਧਾਲੀ ਨਰੰਗਪੁਰ 'ਚ ਗੰਨੇ ਨੂੰ ਲੈ ਕੇ ਜਾਂਦੀ ਇੱਕ ਕਿਸਾਨ ਦੀ ਟਰਾਲੀ ਡੇਢ ਵਰ੍ਹੇ ਪਹਿਲਾ ਬਣੇ ਕਾਜ ਵੇਅ 'ਚ ਧੱਸ ਗਈ। ਕਾਜ ਵੇਅ ਦੇ ਟੁੱਟਣ ਕਾਰਨ ਪਿੰਡ ਦੇ ਸਰਪੰਚ, ਪਿੰਡ ਵਾਸੀਆਂ ਨੇ ਸਰਕਾਰ ਅਤੇ ਵਿਭਾਗ ਦੇ ਖਿਲਾਫ ਰੋਸ ਜਤਾਇਆ ਹੈ। ਫਿਲਹਾਲ ਕੰਧਾਲੀ ਰਾਹੀਂ ਹੋ ਕੇ ਢੱਟਾ ਭਾਗੀਆਂ, ਅੱਡਾ ਸਰਾਂ ਰੋਡ ਨੂੰ ਜਾਣ ਵਾਲੇ ਵੱਡੇ ਵਾਹਨਾਂ ਦੀ ਆਵਾਜਾਈ ਬੰਦ ਹੋ ਗਈ ਹੈ। ਪਿੰਡ ਦੇ ਸਰਪੰਚ ਸੁਖਵਿੰਦਰ ਸਿੰਘ ਬੰਟੂ ਨੇ ਦੱਸਿਆ ਕਿ ਲੱਗਭੱਗ 9 ਲੱਖ ਰੁਪਏ ਦੀ ਗ੍ਰਾਂਟ ਨਾਲ ਬਣੇ ਇਸ ਕਾਜ ਵੇਅ ਤੋਂ ਗੰਨੇ ਦੇ ਪਹਿਲੇ ਸੀਜ਼ਨ ਦੌਰਾਨ ਹੀ ਟਰਾਲੀਆਂ ਨਿਕਲਣ ਲੱਗੀਆਂ ਸਨ ਕਿ ਇਸ ਦੀ ਪੁਲੀ ਧੱਸ ਗਈ, ਜਿਸ ਕਾਰਨ ਕਿਸਾਨ ਬਲਵਿੰਦਰ ਸਿੰਘ ਦੀ ਟਰਾਲੀ ਨੂੰ ਨੁਕਸਾਨ ਪੰਹੁਚਿਆ। ਉਨ੍ਹਾ ਦੱਸਿਆ ਕਿ ਪਿੰਡ ਵਾਸੀਆਂ ਨੇ ਹੀ ਕਾਜ ਵੇਅ ਦੁਆਲੇ ਮਿੱਟੀ ਪਾਈ ਅਤੇ ਕੰਧਾ ਕੱਢੀਆਂ ਸਨ, ਪਰੰਤ ਕਾਜ ਵੇਅ ਨੇੜੇ ਸੜਕ 'ਤੇ ਲੁੱਕ ਨਹੀਂ ਪਾਈ ਗਈ ਸੀ। ਉਧਰੋਂ ਹੁਣ ਘਟੀਆ ਨਿਰਮਾਣ ਮਟੀਰੀਅਲ ਨਾਲ ਬਣਾਈ ਇਹ ਪੁਲੀ ਟੁੱਟ ਗਈ, ਜਿਸ ਦੀ ਜਾਂਚ ਹੋਣੀ ਚਾਹੀਦੀ ਹੈ। ਇਸ ਮੌਕੇ ਸਰਪੰਚ ਦੇ ਨਾਲ ਨਾਲ ਮੌਕੇ 'ਤੇ ਮੌਜੂਦ ਪਿੰਡ ਵਾਸੀਆਂ ਰਮਨਦੀਪ ਸਿੰਘ ਹੇਅਰ, ਪਰਮਿੰਦਰ ਸਿੰਘ, ਗੁਰਦੇਵ ਸਿੰਘ, ਬਲਵਿੰਦਰ ਸਿੰਘ,



ਪਰਮਿੰਦਰ ਸਿੰਘ, ਗੁਰਦੇਵ ਸਿੰਘ, ਸੋਨੂ, ਅਵਤਾਰ ਸਿੰਘ, ਮਨਜੀਤ ਸਿੰਘ, ਪਰਮਜੀਤ ਸਿੰਘ, ਕਿਰਨਾਂ, ਅਮਨਦੀਪ ਸਿੰਘ, ਤੀਰਥ ਸਿੰਘ, ਹਰਦੀਪ ਸਿੰਘ, ਦਰਸ਼ਪ੍ਰੀਤ ਸਿੰਘ, ਮੱਖਣ ਸਿੰਘ ਆਦਿ ਨੇ ਜਦਲ ਤੋਂ ਜਲਦ ਉੱਚ ਕੁਆਲਟੀ ਵਾਲੀ ਪੁਲੀ ਦੇ ਨਿਰਮਾਣ ਦੀ ਮੰਗ ਕੀਤੀ। ਇਸ ਬਾਰੇ ਜਦੋਂ ਲੋਕ ਨਿਰਮਾਣ ਵਿਭਾਗ ਦੇ ਐੱਸ ਡੀ ਓ ਦਵਿੰਦਰ ਪਾਲ ਨਾਲ ਗੱਲ ਕੀਤੀ ਗਈ ਤਾਂ ਉਨ੍ਹਾ ਦੱਸਿਆ ਕਿ ਪਿਛਲੇ ਮਹੀਨਿਆਂ 'ਚ ਆਏ ਹੜ੍ਹਾਂ ਕਾਰਨ ਕਾਜ ਵੇਅ ਦੀਆਂ ਅਪਰੋਚਾ ਨੂੰ ਨੁਕਸਾਨ ਪਹੁੰਚਣ ਕਰਕੇ ਅਜਿਹਾ ਵਾਪਰਿਆ ਹੈ, ਫੌਰੀ ਤੌਰ 'ਤੇ ਇਸ ਦੀ ਰਿਪੇਅਰ ਕਰਵਾ ਦਿੱਤੀ ਜਾਵੇਗੀ।

# ਰੋਜ਼ਾਨਾ ਯਾਤਰਾ ਨਾਲ ਜੁੜ ਰਹੇ ਹਜ਼ਾਰਾਂ ਲੋਕ, ਮਹਿਲਾਵਾਂ ਦੀ ਵੀ ਚੰਗੀ ਭਾਗੀਦਾਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**

ਵਿਕਸਿਤ ਭਾਰਤ ਸੰਕਲਪ ਯਾਤਰਾ ਨੂੰ ਲੈ ਕੇ ਸੂਬੇ ਦੇ ਲੋਕ ਖਾਸਾ ਉਤਸ਼ਾਹਿਤ ਹਨ। ਇਸ ਯਾਤਰਾ ਰਾਹੀਂ ਜਿੱਥੇ ਲੋਕਾਂ ਨੂੰ ਕੇਂਦਰ ਸਰਕਾਰ ਦੀ ਜਨ ਭਲਾਈਕਾਰੀ ਯੋਜਨਾਵਾਂ - ਦੇ ਬਾਰੇ ਵਿਚ ਜਾਣਕਾਰੀ ਮਿਲ ਰਹੀ ਹੈ ਉੱਥੇ ਜਨ ਸੰਵਾਦ ਪ੍ਰੋਗ੍ਰਾਮ ਦੌਰਾਨ ਉਹ ਆਪਣੀ ਸਮਸਿਆਵਾਂ ਤੋਂ ਵੀ ਵਿਧਾਇਕਾਂ, ਮੰਤਰੀਆਂ ਤੇ ਅਧਿਕਾਰੀਆਂ ਨੂੰ ਜਾਣੂੰ ਕਰਾ ਰਹੇ ਹਨ। ਕਾਫੀ ਸਮਸਿਆਵਾਂ ਦਾ ਮੌਕੇ 'ਤੇ ਹੀ ਨਿਪਟਾਨ ਕੀਤਾ ਜਾ ਰਿਹਾ ਹੈ। ਵਰਨਣਯੋਗ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸੋਚ ਹੈ ਕਿ 2047 ਤਕ ਭਾਰਤ ਨੂੰ ਵਿਸ਼ਵ ਦਾ ਵਿਕਸਿਤ ਰਾਸ਼ਟਰ ਬਣਾਇਆ ਜਾਵੇ। ਇਸ ਨੂੰ ਲੈ ਕੇ ਸਮੁੱਚੇ ਭਾਰਤ ਵਿਚ 15 ਨਵੰਬਰ, 2023 ਤੋਂ ਵਿਕਸਿਤ ਭਾਰਤ ਸੰਕਲਪ ਯਾਤਰਾ ਕੱਢੀ ਜਾ ਰਹੀ ਹੈ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਯਾਤਰਾ ਨੂੰ ਸਾਰਥਕ ਬਨਾਉਣ ਤੇ ਲੋਕਾਂ ਦੀ ਸਮਸਿਆਵਾਂ ਸੁਨਣ ਲਈ ਯਾਤਰਾ ਦੇ ਨਾਲ-ਨਾਲ ਜਨ ਸੰਵਾਦ ਪ੍ਰੋਗ੍ਰਾਮ ਵੀ ਸ਼ੁਰੂ ਕਰ ਰੱਖਿਆ ਹੈ। ਹਰੇਕ ਵਿਧਾਨਸਭਾ ਵਿਚ ਯਾਤਰਾ ਦਾ ਲੋਕ ਗਰਮਜੋਸ਼ੀ ਨਾਲ ਸਵਾਗਤ ਕਰ ਰਹੇ ਹਨ। ਇਸ ਦੌਰਾਨ ਉਨ੍ਹਾਂ ਨੂੰ ਕੇਂਦਰ ਸਰਕਾਰ ਦੀ ਯੋਜਨਾਵਾਂ ਦੇ ਲਾਭ ਲੇਣ ਦੀ ਬਖੂਬੀ ਜਾਣਕਾਰੀ ਮਿਲ ਰਹੀ ਹੈ। ਹਰਿਆਣਾ ਵਿਚ ਯਾਤਰਾ ਦਾ ਛੇਵਾਂ ਦਿਨ ਚੱਲ ਰਿਹਾ ਹੈ। ਹੁਣ ਤਕ 96 ਗ੍ਰਾਮ ਪੰਚਾਇਤਾਂ ਤੇ ਵਾਰਡਾਂ ਵਿਚ ਵਿਕਸਿਤ ਭਾਰਤ ਯਾਤਰਾ ਪਹੁੰਚ ਚੁੱਕੀ ਹੈ। ਜਿਸ ਵਿਚ 44ਹਜਾਰ ਤੋਂ ਵੱਧ ਮਹਿਲਾ ਤੇ ਪੁਰਸ਼ਾਂ ਨੇ ਯਾਤਰਾ ਵਿਚ ਮੌਜੂਦਗੀ ਦਰਜ ਕਰਾਈ ਹੈ। ਯਾਤਰਾ ਦੇ ਪ੍ਰਤੀ ਲੋਕਾਂ ਵਿਚ ਇਸ ਗੱਲ ਦਾ ਭਰੋਸਾ ਵਧਿਆ ਹੈ ਕਿ ਕੋਈ ਮੰਤਰੀ, ਸਾਂਸਦ, ਵਿਧਾਇਕ ਤੇ ਅਧਿਕਾਰੀ ਉਨ੍ਹਾਂ ਦੇ ਪਿੰਡ ਪਹੁੰਚੇ ਹਨ ਅਤੇ ਉਨ੍ਹਾਂ ਦੀ ਸਮਸਿਆਵਾਂ ਦਾ ਹੱਲ ਕਰਵਾਇਆ ਹੈ। ਇਸ ਦੇ ਨਾਲ-ਨਾਲ ਪਿੰਡ ਦੇ ਮੇਧਾਵੀ ਵਿਦਿਆਰਥੀਆਂ , ਖਿਡਾਰੀਆਂ ਅਤੇ ਸਮਾਜ ਸੇਵੀਆਂ ਨੂੰ ਇਨਾਮ ਦਿੱਤੇ ਜਾ ਰਹੇ ਹਨ। ਇਸ ਨਾਲ ਲੋਕਾਂ ਵਿਚ ਭਵਿੱਖ ਵਿਚ ਪਿੰਡ ਦੇ ਵਿਕਾਸ ਵਿਚ ਯੋਗਦਾਨ ਦੇਣ ਦੀ ਪ੍ਰੇਰਣਾ ਮਿਲ ਰਹੀ ਹੈ। ਆਮ ਜਨਤਾ ਨੂੰ ਹੁਣ ਇਸ ਗੱਲ ਦੀ ਜਾਣਕਾਰੀ ਹੋ ਗਈ ਹੈ ਕਿ ਮੁੱਖ ਮੰਤਰੀ ਮਨੋਹਰ ਲਾਲ ਦੀ ਮਹਤੱਵਪੂਰਨ ਅੱਠ ਨੰਬਰਾਂ ਦਾ ਪਰਵਾਰ ਪਹਿਚਾਨ ਪੱਤਰ ਇਕ ਅਨੋਖਾ ਦਸਤਾਵੇਜ ਬਣ ਗਿਆ ਹੈ। ਹੋਰ ਰਾਜ ਵੀ ਅਧਿਐਨ ਕਰਨ ਹਰਿਆਣਾ ਵਿਚ ਪਹੁੰਚ ਰਹੇ ਹਨ। ਇਸ ਦਸਤਾਵੇਜ ਤੋਂ ਘਰ ਬੈਠੇ ਹੀ ਯੋਜਨਾਵਾਂ ਦਾ ਲਾਭ ਮਿਲ ਰਿਹਾ ਹੈ, ਜੋ ਮੁੱਖ ਮੰਤਰੀ ਦੀ ਵੱਡੀ ਸੋਚ ਨੂੰ ਦਰਸਾਉਂਦਾ ਹੈ। ਯਾਤਰਾ ਦੌਰਾਨ ਲੋਕ ਪਰਵਾਰ ਪਹਿਚਾਨ ਪੱਤਰ ਦੀ ਗਲਤੀਆਂ ਨੂੰ ਠੀਕ ਕਰਵਾ ਰਹੇ ਹਨ। ਪੰਜਵੇਂ ਦਿਨ 2300 ਲੋਕਾਂ ਨੇ ਪਰਵਾਰ ਪਹਿਚਾਣ ਪੱਤਰ ਦੀ ਗਲਤੀਆਂ ਨੂੰ ਠੀਕ ਕਰਵਾਉਣ ਲਈ ਕਾਊਂਟਰ 'ਤੇ ਪਹੁੰਚੇ। ਯਾਤਰਾ ਦੌਰਾਨ ਲੋਕ ਸਿਹਤ ਜਾਂਚ ਦੇ ਪ੍ਰਤੀ ਜਾਗਰੂਕ ਦਿਖਾਈ ਦਿੱਤੇ ਹਨ। ਲੋਕਾਂ ਵਿਚ ਇਸ ਗੱਲ ਦਾ ਸੰਤੋਸ਼ ਹੈ ਕਿ ਨਿਰੋਗੀ ਹਰਿਆਣਾ, ਆਯੁਸ਼ਮਾਨ ਭਾਰਤ, ਚਿਰਾਯੂ ਹਰਿਆਣਾ ਤੇ ਟੀਬੀ ਮੁਕਤ ਭਾਰਤ ਯੋਜਨਾ ਦੀ ਜਾਣਕਾਰੀ ਤੇ ਟੈਸਟ ਘਰਾਂ 'ਤੇ ਉਪਲਬਧ ਹੋ ਰਹੇ ਹਨ। ਇਸ ਲਈ ਲੋਕ ਸਿਹਤ ਜਾਂਚ ਕਰਵਾ ਰਹੇ ਹਨ। 11806 ਲੋਕ ਸਿਹਤ ਜਾਂਚ ਕਰਵਾ ਚੁੱਕੇ ਹਨ। 8956 ਲੋਕ ਟੀਬੀ ਦੀ ਜਾਂਚ ਕਰਵਾ ਚੁੱਕੇ ਹਨ।

# ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਅੱਜੋਵਾਲ ਵਿਖੇ ਵਰਕਸ਼ਾਪ

**ਟਾਂਡਾ ਉੜਮੁੜ (ਜਸਵਿੰਦਰ ਸੰਧੂ,ਉਂਕਾਰ ਸਿੰਘ)**- ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਪਿੰਡ ਅੱਜੋਵਾਲ ਹੁਸ਼ਿਆਰਪੁਰ ਵਿਖੇ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਜ਼ਿਲ੍ਹਾ ਸਿਖਿਆ ਅਫਸਰ ਐਲੀਮੈਂਟਰੀ ਅਤੇ ਡਾਇਟ ਪ੍ਰਿੰਸੀਪਲ ਸੰਜੀਵ ਗੌਤਮ



ਦੀ ਦੇਖਰੇਖ ਹੋਈ ਇਸ ਵਰਕਸ਼ਾਪ ਦੌਰਾਨ ਹਰਭਗਵੰਤ ਸਿੰਘ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਹੁਸ਼ਿਆਰਪੁਰ ਸ਼ਾਮਿਲ ਹੋਏ ਜਿਨਾਂ ਨਾਲ ਸਲਿੰਦਰ ਠਾਕੁਰ 'ਇੰਚਾਰਜ ਸਿੱਖਿਆ ਸੁਧਾਰ ਟੀਮ ਤੇ ਪ੍ਰਿੰਸੀਪਲ ਤਰਲੋਚਨ ਸਿੰਘ ਹਾਜਰ ਹੋਏ । ਜ਼ਿਲ੍ਹਾ ਹੁਸ਼ਿਆਰਪੁਰ ਦੇ ਸਾਰੇ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲਾਂ ਤੇ ਮੁੱਖ ਅਧਿਆਪਕਾਂ ਨੇ ਭਾਗ ਲਿਆ। ਗੌਤਮ ਨੇ ਦੱਸਿਆ ਕਿ ਨਿਊ ਇੰਡੀਆ ਲਿਟਰੇਸੀ ਪ੍ਰੋਗਰਾਮ ਸੈਂਟਰ ਦਾ ਇੱਕ ਪ੍ਰੋਜੈਕਟ ਹੈ । ਇਸ ਵਿੱਚ 15 ਸਾਲ ਤੋਂ ਉੱਪਰ ਵਾਲਿਆਂ ਨੂੰ ਸਾਖਰਤਾ, ਪੜ੍ਹਨਾ, ਲਿਖਣਾ, ਸਖਿਅਕੀ ਦੀ ਸਿਖਲਾਈ ਦਿੱਤੀ ਜਾਂਦੀ ਹੈ । ਨਾਲ ਹੀ ਉਹਨਾਂ ਨੇ ਦੱਸਿਆ ਕਿ ਨਿਊ ਇੰਡੀਆ ਲਿਟਰੇਸੀ ਪ੍ਰੋਗਰਾਮ ਦਾ ਟੀਚਾ ਸਾਲ 2030 ਤੱਕ ਪੂਰੀ ਸਾਖਰਤਾ ਨੂੰ ਹਾਸਿਲ ਕਰਨਾ ਹੈ । ਇਹ ਪ੍ਰੋਜੈਕਟ 2022 ਤੋਂ 2027 ਤੱਕ ਦਾ ਹੈ ਅਤੇ ਇਹ ਰਾਸ਼ਟਰੀ ਸਿੱਖਿਆ ਨੀਤੀ 2020 ਉੱਪਰ ਅਧਾਰਿਤ ਹੈ। ਇਸ ਵਰਕਸ਼ਾਪ ਦੌਰਾਨ ਲੈਕ: ਸੰਗੀਤਾ ਅਤੇ ਲੈਕ: ਸ਼ਿਖਾ ਸ਼ਰਮਾ ਨੇ ਸਟੇਜ ਦੀ ਭੂਮਿਕਾ ਬਖੂਬੀ ਨਿਭਾਈ । ਇਸ ਮੌਕੇ ਇੰਚਾਰਜ ਲੈਕ: ਸਤਵੰਤ ਕੌਰ, ਅੰਮਿਤ ਕੁਮਾਰ ਰਮਸਾ, ਵਿਕਰਮਜੀਤ ਚੰਦੇਲ,ਯੋਧਾਮਲ, ਮਨਮੋਹਨ ਸਿੰਘ ਤੇ ਸਮੂਹ ਸਟਾਫ ਆਦਿ ਹਾਜ਼ਰ ਸੀ।

# ਹਰਿਆਣਾ 'ਚ ਪਹਿਲੀ ਵਾਰ ਰਾਮਲੀਲਾ ਦਾ ਮੰਚਨ ਕਰਨ ਵਾਲੇ ਕਲਾਕਾਰ ਸਨਮਾਨਤ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**

ਹਰਿਆਣਾ ਵਿਚ ਸਮਾਜ ਨਿਰਮਾਣ ਵਿਚ ਸੰਤਾਂ-ਮਹਾਤਮਾਵਾਂ ਦੀ ਭੂਮਿਕਾ ਨੂੰ ਮਹਤੱਵਪੂਰਨ ਸਮਝਦੇ ਹੋਏ ਹਰਿਆਣਾ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਸੰਤ-ਮਹਾਪੁਰਸ਼ ਸਨਮਾਨ ਅਤੇ ਵਿਚਾਰ ਪ੍ਰਚਾਰ ਪ੍ਰਸਾਰ ਯੋਜਨਾ ਦੇ ਬਾਅਦ ਹੁਣ ਇਕ ਨਵੀਂ ਸ਼ੁਰੂਆਤ ਕਰਦੇ ਹੋਏ ਪਹਿਲੀ ਵਾਰ ਸ੍ਰੀਰਾਮ ਭਗਤਾਂ ਯਾਨੀ ਰਾਮਲੀਲਾ ਦਾ ਮੰਚਨ ਕਰਨ ਵਾਲੇ ਕਲਾਕਾਰਾਂ ਤੇ ਰਾਮਲੀਲਾ ਕਮੇਟੀ ਦੇ ਅਧਿਕਾਰੀਆਂ ਨੂੰ ਸਨਮਾਨਿਤ ਕੀਤਾ ਗਿਆ। ਜ਼ਿਲ੍ਹਾ ਕੁਰੂਕਸ਼ੇਤਰ ਦੇ ਪੁਰਸ਼ੋਤਮਪੁਰਾ ਬਾਗ ਵਿਚ ਪ੍ਰਬੰਧਿਤ ਪ੍ਰੋਗ੍ਰਾਮ ਵਿਚ ਮੁੱਖ ਮੰਤਰੀ ਮਨੋਹਰ ਲਾਲ ਨੇ 325 ਤੋਂ ਵੱਧ ਰਾਮਲੀਲਾ ਕਮੇਟੀ ਦੇ ਅਧਿਕਾਰੀਆਂ ਕਲਾਕਾਰਾਂ ਨੂੰ ਸਨਮਾਨਿਤ ਕੀਤਾ। ਹਰਿਆਣਾ ਵਿਚ ਗਰੀਬ ਪਰਿਵਾਰਾਂ ਦੇ ਬਜ਼ੁਰਗਾਂ ਨੂੰ ਤੀਰਥ ਸਥਾਨਾਂ ਦੇ ਦੌਰੇ ਲਈ ਵਿਸ਼ੇਸ਼ ਰੂਪ ਨਾਲ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਚਲਾਈ ਜਾ ਰਹੀ ਹੈ, ਜਿਸ ਦੇ ਤਹਿਤ ਬੀਪੀਐਲ ਪਰਵਾਰ ਦੇ 60 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਲੋਕ ਤੀਰਥ ਸਥਾਨਾਂ ਦਾ ਮੁਫਤ ਦੌਰਾ ਕਰ ਸਕਣਗੇ। ਇਸੀ ਲੜੀ ਵਿਚ ਮੁੱਖ ਮੰਤਰੀ ਨੇ ਇਸ ਯੋਜਨਾ ਦੇ ਪੋਰਟਲ ਦਾ ਵਿਧਿਵਤ ਸ਼ੁਰੂਆਤ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਪੋਰਟਲ ਦੇ ਸ਼ੁਰੂ ਹੁੰਦੇ ਹੀ ਹੁਣ ਤਕ ਰੇਲਵੇ ਦੀ ਇਕ ਬੋਗੀ ਦੀ ਬੁਕਿੰਗ ਹੋ ਚੁੱਕੀ ਹੈ। ਉਨ੍ਹਾਂ ਨੇ ਕਿਹਾ ਕਿ 22 ਜਨਵਰੀ ਦੇ ਬਾਅਦ ਅਯੋਧਿਆ ਦੇ ਲਈ ਪਹਿਲਾ ਜੱਥਾ ਰਵਾਨਾ ਹੋਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਇਸ ਯੋਜਨਾ ਦਾ ਵਿਸਤਾਰ ਵੀ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਸ੍ਰੀਰਾਮ ਭਗਤਾਂ ਨੂੰ ਨਸ਼ਾ ਮੁਕਤ ਪ੍ਰਹਿਰੀ ਬਨਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਉਹ ਆਪਣੇ ਰੰਗਮੰਚ ਰਾਹੀਂ ਤੋਂ ਨੌਜੁਆਨਾਂ ਨੂੰ ਨਸ਼ੇ ਤੋਂ ਦੂਰ ਰਹਿਣ ਦਾ ਸੰਦੇਸ਼ ਦੇਣ। ਉਨ੍ਹਾਂ ਨੇ ਕਿਹਾ ਕਿ ਅਜਿਹੀਆਂ ਸਮਾਜਿਕ ਬੁਰਾਈਆਂ ਨਾਲ਼ਂ ਲੜਨ ਲਈ ਸਮਾਜ ਵਿਚ ਤੁਹਾਡੇ ਵਰਗੇ ਲੋਕਾਂ ਦਾ ਸਹਿਯੋਗ ਜਰੂਰੀ ਹੈ। ਜਿਸ ਤਰ੍ਹਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ 22 ਜਨਵਰੀ, 2015 ਨੂੰ ਪਾਣੀਪਤ ਤੋਂ ਬੇਟੀ ਬਚਾਓ-ਬੇਟੀ ਪੜ੍ਹਾਓ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ ਅਤੇ ਇਸ ਮੁਹਿੰਮ ਨੂੰ ਸਰਕਾਰੀ ਯਤਨਾਂ ਦੇ ਨਾਲ-ਨਾਲ ਸਮਾਜਿਕ ਤੇ ਧਾਰਮਿਕ ਸੰਗਠਨਾਂ ਦੇ ਸਹਿਯੋਗ ਤੋਂ ਸਫਲ ਬਣਾਇਆ ਗਿਆ। ਜਿਸ ਦਾ ਨਤੀਜਾ ਇਹ ਹੋਇਆ ਕਿ ਬੇਟੀਆਂ ਨੂੰ ਮਾਰਨ ਵਾਲੇ ਸੂਬੇ ਵਜੋ ਕਲੰਕਿਤ ਹਰਿਆਣਾ ਨੂੰ ਹੁਣ ਬੇਟੀਆਂ ਨੂੰ ਬਚਾਉਣ ਵਾਲਾ ਸੂਬੇ ਕਿਹਾ ਜਾਂਦਾ ਹੈ। ਉਸੀ ਤਰ੍ਹਾਂ, ਹੁਣ ਨਸ਼ੇ ਨੂੰ ਜੜ ਤੋਂ ਖਤਮ ਕਰਨ ਲਈ ਜਨਜਾਗਰਣ ਦੇ ਨਾਲ-ਨਾਲ ਜੋ ਲੋਕ ਨਸ਼ੇ ਦੀ ਲਤ ਵਿਚ ਫਸ ਚੁੱਕੇ ਹਨ, ਉਨ੍ਹਾਂ ਦਾ ਨਸ਼ਾ ਮੁਕਤੀ ਕੇਂਦਰਾਂ ਰਾਹੀਂ ਪੁਨਰਵਾਸ ਕਰ ਸਮਾਜ ਦੀ ਮੁੱਖਧਾਰਾ ਨਾਲ ਜੋੜਨਾ ਹੈ। ਇਸ ਕੰਮ ਵਿਚ ਤੁਹਾਡੇ ਵਰਗੇ ਲੋਕ ਨਸ਼ਾ ਮੁਕਤ ਪ੍ਰਹਿਰੀ ਬਣ ਕੇ ਮਹਤੱਵਪੂਰਨ ਭੂਮਿਕਾ ਅਦਾ ਕਰ ਸਕਦੇ ਹਨ। ਡਰੱਗਸ ਦੇ ਸਪਲਾਇਰ ਜਾਂ ਇਸ ਕੰਮ ਵਿਚ ਸ਼ਾਮਿਲ ਲੋਕਾਂ 'ਤੇ ਰੋਕ ਲਗਾਉਦ ਲਈ ਕਾਨੂੰਨੀ ਕਾਰਵਾਈ ਸਰਕਾਰ ਵੱਲੋਂ ਕੀਤੀ ਜਾ ਰਹੀ ਹੈ। ਨਸ਼ੀਲੇ ਪਦਾਰਥਾਂ ਨੂੰ ਜਬਤ ਕੀਤਾ ਜਾ ਰਿਹਾ ਹੈ ਅਤੇ ਪਿਛਲੇ ਇਕ ਸਾਲ ਵਿਚ 140 ਕਰੋੜ ਰੁਪਏ ਤੋਂ ਵੱਧ ਦੇ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕੀਤਾ ਗਿਆ ਹੈ ਅਤੇ ਨਸ਼ੇ ਦੇ ਕਾਰੋਬਾਰ ਵਿਚ ਸ਼ਾਮਿਲ 90 ਲੋਕਾਂ ਦੀ ਸੰਪਤੀਆਂ ਨੂੰ ਵੀ ਤੋੜਿਆ ਗਿਆ। ਅਜਿਹੇ ਲੋਕਾਂ ਨੂੰ ਜੇਲ੍ਹ ਵਿਚ ਵੀ ਪਾਇਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਰਾਮ ਸਿਰਫ ਸ਼ਬਦ ਨਹੀਂ ਸਗੋ ਇਸ ਵਿਚ ਇੰਨੀ ਸ਼ਕਤੀ ਹੈ ਕਿ ਪੱਥਰ ਦੇ ਉੱਪਰ ਰਾਮ ਲਿਖਨ ਨਾਲ ਉਹ ਪਾਣੀ ਵਿਚ ਡੁੱਬਦਾ ਨਹੀਂ ਹੈ। ਮਰਿਆਦਾ ਪੁਰਸ਼ੋਤਮ ਸ੍ਰੀ ਰਾਮ ਦੀ ਲੀਲਾਵਾਂਦਾ ਮੰਚਨ ਰਾਮਲੀਲਾਵਾਂ ਵੱਲੋਂ ਕੀਤਾ ਜਾਂਦਾ ਹੈ, ਪਰ ਅਸਲ ਮਾਇਨੇ ਵਿਚ ਤੁਸੀਂ ਸਾਰਿਆਂ ਨੇ ਕਲਪਨਾ ਵੀ ਨਹੀਂ ਕੀਤੀ ਹੋਵੇਗੀ ਕਿ ਤੁਸੀਂ ਕਿੰਨ੍ਹੇ ਵੱਡਾ ਕੰਮ ਕਰ ਰਹੇ ਹਨ। ਸਮਾਜ ਦੇ ਲੋਕਾਂ ਨੂੰ ਸੰਸਕਾਰਿਤ ਕਰਨਾ ਆਪਣੀ ਵਿਰਾਸਤ ਦੇ ਨਾਲ ਜੋੜਨਾ , ਉਨ੍ਹਾਂ ਦੇ ਜੀਵਨ ਨੂੰ ਕਿਵੇਂ ਸੁਧਾਰਿਆ ਜਾਵੇ ਅਤੇ ਜੀਵਨ ਵਿਚ ਕੋਈ ਬੁਰਾਈ ਨਾ ਆਵੇ, ਇਸ ਦਿਸ਼ਾ ਵਿਚ ਇਸ ਤਰ੍ਹਾਂ ਦੇ ਕਲਾਕਾਰ ਬਹੁਤ ਵੱਡੀ ਭੂਮਿਕਾ ਨਿਭਾਉਂਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਲੰਬੇ ਸਮੇਂ ਦੇ ਸੰਘਰਸ਼ ਦੇ ਬਾਅਦ ਅਯੋਧਿਆ ਵਿਚ ਸ੍ਰੀ ਰਾਮ ਮੰਦਿਰ ਦਾ ਨਿਰਮਾਣ ਹੋ ਰਿਹਾ ਹੈ, ਉਹ ਹਰ ਦੇਸ਼ ਵਾਸੀ ਲਈ ਮਾਣ ਦੀ ਗੱਲ ਹੈ। 22 ਜਨਵਰੀ, 2024 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸ਼ਾਨਦਾਰ ਸ੍ਰੀ ਰਾਮ ਮੰਦਿਰ ਦਾ ਉਦਘਾਟਨ ਕਰਨਗੇ, ਉਸ ਦਿਨ ਦੂਜੀ ਦੀਵਾਲੀ ਮਨਾਈ ਜਾਵੇਗੀ।

# ਸਿਹਤ ਵਿਭਾਗ ਲੋਕਾਂ ਨੂੰ ਗੁਣਵੱਤਾਪੂਰਨ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ : ਡਾ. ਜਸਪ੍ਰੀਤ ਕੌਰ

**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਆਮ ਲੋਕਾਂ ਨੂੰ ਗੁਣਵੱਤਾਪੂਰਨ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਇਸੇ ਕੜੀ ਤਹਿਤ ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦਾ ਅਚਨਚੇਤ ਦੌਰਾ ਕੀਤਾ ਅਤੇ ਹਸਪਤਾਲ ਦੀ ਓ.ਪੀ.ਡੀ., ਜੱਚਾ-ਬੱਚਾ ਵਾਰਡ, ਐਮਰਜੈਂਸੀ ਵਾਰਡ ਅਤੇ ਓਟ ਸੈਂਟਰ ਸਮੇਤ ਵੱਖ-ਵੱਖ ਵਾਰਡਾਂ ਵਿਖੇ ਲੋਕਾਂ ਨੂੰ ਸਰਕਾਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਨੇ ਹਸਪਤਾਲ ਵਿੱਚ ਮੈਡੀਕਲ ਸਾਜ਼ੋ-ਸਮਾਨ ਦੀ ਚੈਕਿੰਗ ਵੀ ਕੀਤੀ। ਇਸ ਮੌਕੇ ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਹਸਪਤਾਲ ਦੇ ਸਿਹਤ ਅਧਿਕਾਰੀਆਂ ਨੂੰ ਹਦਾਇਤ ਕਰਦੇ ਹੋਏ ਕਿਹਾ ਕਿ ਹਸਪਤਾਲ ਵਿਚ ਕੋਈ ਵੀ ਮਰੀਜ਼ ਖੱਜਲ-ਖੁਆਰ ਨਹੀਂ ਹੋਣਾ ਚਾਹੀਦਾ। ਲੋਕਾਂ ਨੂੰ ਸਮੇਂ ਸਿਰ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਨੂੰ ਤਰਜ਼ੀਹ ਦਿੱਤੀ ਜਾਵੇ ਤਾਂ ਜੋ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਾ ਆਵੇ। ਇਸ ਮੌਕੇ ਜ਼ਿਲ੍ਹਾ ਹਸਪਤਾਲ਼, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਨੇ ਸਿਵਲ ਸਰਜਨ ਨੂੰ ਆਮ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਜ਼ਿਲ੍ਹਾ ਹਸਪਤਾਲ ਨਵਾਂਸਹਿਰ ਵਿਖੇ ਦਵਾਈਆਂ ਦੀ ਕੋਈ ਕਮੀ ਨਹੀਂ ਹੈ। ਸਾਰੇ ਟੈਸਟ ਮੁਫਤ ਕੀਤੇ ਜਾ ਰਹੇ ਹਨ। ਇਸ ਮੌਕੇ ਸਿਵਲ ਸਰਜਨ ਨੇ ਲੋਕਾਂ ਨੂੰ ਪੰਜਾਬ ਸਰਕਾਰ ਦੀਆਂ ਮੁਫਤ ਸਿਹਤ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਉਨ੍ਹਾਂ ਨੂੰ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਪ੍ਰੀਤ ਸਿੰਘ, ਸੀਨੀਅਰ ਮੈਡੀਕਲ ਅਫਸਰ, ਡਾ. ਸਤਵਿੰਦਰਪਾਲ ਸਿੰਘ, ਜ਼ਿਲ੍ਹਾ ਮਨੋਵਿਗਿਆਨੀ ਡਾ. ਰਾਜਨ ਸਾਸ਼ਤਰੀ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਮੌਜੂਦ ਸਨ।

# ਮਨਿਸਟੀਰੀਅਲ ਮੁਲਾਜ਼ਮਾਂ ਨਾਲ ਮੀਟਿੰਗ ਰਹੀ ਬੇਸਿੱਟਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੰਜਾਬ ਭਰ ਦੇ ਮਨਿਸਟੀਰੀਅਲ ਮੁਲਾਜ਼ਮ ਪਿਛਲੇ 28 ਦਿਨਾਂ ਤੋਂ ਲਗਾਤਾਰ ਸੰਘਰਸ਼ ਕਰ ਰਹੇ ਹਨ। ਇਹ ਮੁਲਾਜ਼ਮ ਆਪਣੀਆਂ ਹੱਕੀ ਮੰਗਾਂ ਪ੍ਰਤੀ ਸੰਘਰਸ਼ ਕਰ ਰਹੇ ਹਨ। ਸਰਕਰ ਵੱਲੋਂ ਇਨਾਂ ਮੁਲਾਜ਼ਮਾਂ ਨੂੰ ਪੰਜਾਬ ਭਵਨ ਚੰਡੀਗੜ੍ਹ ਵਿਖੇ ਮੀਟਿੰਗ ਲਈ ਬੁਲਾਇਆ ਗਿਆ ਸੀ, ਜਿਸ ਵਿੱਚ ਕੈਬਨਿਟ ਸਬ ਕਮੇਟੀ ਮੈਬਰਾਂ ਨਾਲ ਹੋਈ ਮੀਟਿੰਗ ਬੇਸਿੱਟਾ ਰਹੀ ਹੈ। ਸਰਕਾਰ ਮੁਲਾਜ਼ਮਾਂ ਨੂੰ ਡੀ.ਏ. ਦੇਣ ਅਤੇ ਪੁਰਾਣੀ ਪੈਨਸ਼ਨ ਦੇਣ ਤੋਂ ਵੀ ਭੱਜਦੀ ਨਜ਼ਰ ਆਈ ਹੈ। ਪਿਛਲੀਆਂ ਮੀਟਿੰਗਾਂ ਦੌਰਾਨ ਜੋ ਮੰਗਾਂ ਸਬ ਕਮੇਟੀ ਵੱਲੋਂ ਮੰਨੀਆਂ ਜਾ ਚੁੱਕੀਆਂ ਸਨ, ਦੀ ਕੋਈ ਵੀ ਨੋਟੀਫਿਕੇਸ਼ਨ ਜਾਰੀ ਨਹੀਂ ਕੀਤੀ ਗਈ, ਜਿਸ ਕਾਰਨ ਪੰਜਾਬ ਦੇ ਸਮੁੱਚੇ ਮੁਲਾਜ਼ਮ ਵਰਗ ਵਿੱਚ ਰੋਸ ਦੀ ਭਾਰੀ ਲਹਿਰ ਹੈ। ਬਹੁਤ ਜਲਦ ਹੀ ਸਾਰੇ ਮੁਲਾਜ਼ਮਾਂ ਵੱਲੋਂ ਇੱਕ ਪਲੇਟਫਾਰਮ 'ਤੇ ਇਕੱਤਰ ਹੋ ਕੇ ਵੱਡੇ ਪੱਧਰ ਤੇ ਲੜਾਈ ਲੜਨ ਦਾ ਬਿਗਲ ਵਜਾਇਆ ਜਾਵੇਗਾ। ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆਂ ਸੂਬਾ ਪ੍ਰਧਾਨ ਅਮਰੀਕ ਸਿੰਘ ਸੰਧੂ ਵੱਲੋ ਕਿਹਾ ਗਿਆ ਹੈ ਕਿ ਹਾਲ ਦੀ ਘੜੀ ਹੜਤਾਲ ਜਾਰੀ ਰਹੇਗੀ, ਅਗਲੇ ਐਕਸ਼ਨ ਬਾਰੇ ਸਟੇਟ ਕਮੇਟੀ ਦੀ ਮੀਟਿੰਗ ਕਰਨ ਉਪਰੰਤ ਸਾਰੇ ਸਾਥੀਆਂ ਨੂੰ ਸੂਚਿਤ ਕਰ ਦਿੱਤਾ ਜਾਵੇਗਾ। ਜਿਲ੍ਹੇ ਦੇ ਪ੍ਰਧਾਨ ਅਨੀਰੁੱਧ ਮੋਦਗਿਲ ਵੱਲੋਂ ਸਰਕਾਰ ਦੇ ਅੜੀਅਲ ਰੁੱਖ ਦੀ ਨਿਖੇਧੀ ਕੀਤੀ ਗਈ ਅਤੇ ਮੁਲਾਜ਼ਮਾਂ ਨੂੰ ਆਉਣ ਵਾਲੇ ਸੰਘਰਸ਼ ਲਈ ਤਿਆਰ ਰਹਿਣ ਲਈ ਕਿਹਾ ਗਿਆ।

# ਸੜਕ ਹਾਦਸੇ 'ਚ 1 ਦੀ ਮੌਤ, 2 ਜਖਮੀ

**ਅੱਡਾ ਸਰਾਂ, (ਕਾਜਲ)**- ਟਾਂਡਾ ਰੋਡ 'ਤੇ ਪਿੰਡ ਪੰਡੋਰੀ ਨੇੜੇ ਵਾਪਰੇ ਸੜਕ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਅਤੇ ਦੋ ਵਿਅਕਤੀ ਜਖਮੀ ਹੋ ਗਏ। ਹਾਦਸਾ ਦੁਪਹਿਰ 3 ਵਜੇ ਦੇ ਕਰੀਬ ਉਸ ਵੇਲੇ ਵਾਪਰਿਆ ਜਦੋਂ ਟਾਂਡਾ ਵੱਲ ਆ ਰਹੇ ਟੈਂਕਰ ਅਤੇ ਟਾਟਾ 407 ਗੱਡੀ ਦੀ ਆਹਮੋ ਸਾਹਮਣੇ ਟੱਕਰ ਹੋ ਗਈ। ਹਾਦਸੇ ਵਿੱਚ ਮਿੰਨੀ ਟਰੱਕ ਚਾਲਕ ਜਤਿੰਦਰ ਮੋਹਨ ਸਿੰਘ ਪੁੱਤਰ ਪਰਸ ਰਾਮ ਸੈਣੀ ਵਾਸੀ ਹੁਸ਼ਿਆਰਪੁਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਾਦਸੇ 'ਚ ਟੈਂਕਰ 'ਚ ਸਵਾਰ ਸ਼ਹਿਰਾਜਦੀਂਨ ਪੁੱਤਰ ਕਰਮਦੀਨ ਅਤੇ ਮੱਖਣ ਦੀਨ ਪੁੱਤਰ ਫ਼ਜ਼ਲ ਦੀਨ ਨਿਵਾਸੀ ਪਿੰਡ ਬੋਦਲਾ ਜਖਮੀ ਹੋ ਗਏ। ਜਿਨ੍ਹਾਂ ਨੂੰ ਟਾਂਡਾ ਦੇ ਸਰਕਾਰੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਜਿੱਥੇ ਮੁੱਢਲੀ ਡਾਕਟਰੀ ਮਦਦ ਦੇਣ ਉਪਰੰਤ ਜਖਮੀ ਮੱਖਣ ਦੀਨ ਨੂੰ ਹੁਸ਼ਿਆਰਪੁਰ ਰੈਫਰ ਕੀਤਾ ਗਿਆ।

# ਸਹਿਕਾਰੀ ਖੰਡ ਮਿੱਲ ਨਵਾਂਸ਼ਹਿਰ ਦੇ 56ਵੇਂ ਪਿੜਾਈ ਸੀਜ਼ਨ ਦੀ ਸ਼ੁਰੂਆਤ

**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਸਹਿਕਾਰੀ ਖੰਡ ਮਿੱਲ ਨਵਾਂਸ਼ਹਿਰ ਦੇ 56ਵੇਂ ਪਿੜਾਈ ਸੀਜ਼ਨ ਦੀ ਸ਼ੁਰੂਆਤ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ, ਪੰਜਾਬ ਵਾਟਰ ਰਿਸੋਰਸਿਸਜ ਮੈਨੇਜਮੈਂਟ ਅਤੇ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਅਤੇ ਹਲਕਾ ਇੰਚਾਰਜ ਬੰਗਾ ਕੁਲਜੀਤ ਸਿੰਘ ਸਰਹਾਲ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ, ਹਲਕਾ ਇੰਚਾਰਜ ਨਵਾਂਸ਼ਹਿਰ ਲਲਿਤ ਮੋਹਨ ਪਾਠਕ, ਮਾਰਕੀਟ ਕਮੇਟੀ ਦੇ ਚੇਅਰਮੈਨ ਗਗਨ ਅਗਨੀਹੋਤਰੀ, ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ ਰਾਜਦੀਪ ਸ਼ਰਮਾ, ਕਿਸਾਨ ਵਿੰਗ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਸੰਘਾ, ਯੂਥ ਆਗੂ ਯੁਧਵੀਰ ਕੰਗ ਅਤੇ ਹਰਬਿੰਦਰ ਸਿੰਘ ਵਲੋਂ ਸੰਯੁਕਤ ਤੌਰ 'ਤੇ ਕਰਵਾਈ ਗਈ। ਇਸ ਦੌਰਾਨ ਪਾਰਟੀ ਦੇ ਅਹੁੱਦੇਦਾਰਾਂ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਗੰਨਾ ਉਤਪਾਦਕਾਂ ਦੀ ਬੇਹਤਰੀ ਲਈ ਵਚਨਬੱਧ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਕਿਸਾਨ ਪੱਖੀ ਨੇਕ-ਨੀਅਤੀ ਸਦਕਾ ਪੰਜਾਬ 'ਚ ਇਸ ਸੀਜ਼ਨ ਦੀਆਂ ਸਰਕਾਰੀ ਗੰਨਾ ਮਿੱਲਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੂਬੇ 'ਚ ਗੰਨਾ ਕਿਸਾਨਾਂ ਦੀ ਮੰਗ ਮੁਤਾਬਕ 391 ਰੁਪਏ ਪ੍ਰਤੀ ਕੁਇੰਟਲ ਦਾ ਭਾਅ ਅਤੇ ਮਿੱਲਾਂ ਦੇ ਸ਼ੁਰੂ ਹੋਣ ਨਾਲ ਗੰਨਾ ਕਿਸਾਨਾਂ ਨੂੰ ਵੱਡੀ ਰਾਹਤ ਮਿਲੀ ਹੈ। ਸਹਿਕਾਰੀ ਖੰਡ ਮਿੱਲ ਦਾ ਸਾਲ 2023-24 ਦਾ ਪਿੜਾਈ ਸੀਜ਼ਨ ਸ਼ੁਰੂ ਕਰਨ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਮਿੱਲ ਦੇ ਜਨਰਲ ਮੈਨੇਜਰ ਸੁਰਿੰਦਰ ਪਾਲ ਨੇ ਇਸ ਮੌਕੇ ਹਾਜ਼ਰ ਪ੍ਰਮੁੱਖ ਸ਼ਖ਼ਸ਼ੀਅਤਾਂ ਨੂੰ ਜੀ ਆਇਆਂ ਆਖਦਿਆਂ ਦੱਸਿਆ ਕਿ ਇਸ ਵਾਰ ਮਿੱਲ ਵਲੋਂ 35 ਲੱਖ ਕੁਇੰਟਲ ਗੰਨੇ ਦੀ ਪਿੜਾਈ ਦਾ ਟੀਚਾ ਰੱਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ 32.18 ਲੱਖ ਕੁਇੰਟਲ ਗੰਨਾ ਪੀੜਿਆ ਗਿਆ ਸੀ। ਉਨ੍ਹਾਂ ਭਰੋਸਾ ਦਿੱਤਾ ਕਿ ਇਸ ਵਾਰ ਵੀ ਮਿੱਲ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਗੰਨਾ ਕਿਸਾਨਾਂ ਦੀ ਪੂਰੀ ਬੌਂਡ ਕੀਤੀ ਫ਼ਸਲ ਨੂੰ ਪੀੜਨ ਲਈ ਵਚਨਬੱਧ ਹੈ। ਪਿੜਾਈ ਸੀਜ਼ਨ ਦੀ ਸ਼ੁਰੂਆਤ ਮੌਕੇ ਮਿੱਲ ਦੇ ਕੰਡੇ 'ਤੇ ਗੰਨਾ ਲੈ ਕੇ ਆਉਣ ਵਾਲੇ ਪਹਿਲੇ ਤਿੰਨ ਜਿਮੀਂਦਾਰਾਂ ਨੂੰ ਹਾਰ ਅਤੇ ਲੋਈ ਦੇ ਕੇ ਸਨਮਾਨਿਤ ਕੀਤਾ ਗਿਆ। ਉਪਰੰਤ ਪਾਰਟੀ ਦੇ ਅਹੁੱਦੇਦਾਰਾਂ ਵੱਲੋਂ ਬਟਨ ਦਬਾ ਕੇ ਮਿੱਲ ਦੇ ਪਿੜਾਈ ਸੀਜ਼ਨ ਦੀ ਸ਼ੁਰੂਆਤ ਕੀਤੀ ਗਈ। ਮਿੱਲ ਦੇ ਜਨਰਲ ਮੈਨੇਜਰ ਵੱਲੋਂ ਗੰਨਾ ਉਤਪਾਦਕਾਂ ਨੂੰ ਅਪੀਲ ਕੀਤੀ ਗਈ ਕਿ ਇਹ ਗੰਨਾ ਮਿੱਲ ਇਲਾਕੇ ਦਾ ਸਾਂਝਾ ਅਦਾਰਾ ਹੋਣ ਕਾਰਨ, ਇਸ ਦੀ ਤਰੱਕੀ ਅਤੇ ਖੰਡ ਦੀ ਵਧੀਆ ਪੈਦਾਵਾਰ ਲਈ ਉਹ ਛਿੱਲਿਆ ਹੋਇਆ ਤਾਜਾ ਅਤੇ ਸਾਫ-ਸੁਥਰਾ ਗੰਨਾ 24 ਘੰਟੇ ਵਿੱਚ ਮਿੱਲ ਵਿੱਚ ਲਿਆਉਣ ਤਾਂ ਜੋ ਗੰਨੇ ਤੋਂ ਪੂਰੀ ਰਿਕਵਰੀ ਹਾਸਲ ਹੋ ਸਕੇ। ਇਸ ਮੌਕੇ ਚੀਫ ਇੰਜੀਨੀਅਰ ਹਰਦੇਵ ਸਿੰਘ, ਚੀਫ ਕੈਮੇਸਟ ਅਨੁਰਾਗ ਕੋਵਾਤਰਾ, ਕਿਰਤ ਭਲਾਈ ਅਫ਼ਸਰ ਸ਼ਾਮ ਸੁੰਦਰ, ਸੀ.ਸੀ.ਡੀ.ਓ ਮਨਦੀਪ ਸਿੰਘ, ਵਰਕਰ ਯੂਨੀਅਨ ਪੰਜਾਬ ਪ੍ਰਧਾਨ ਹਰਦੀਪ ਸਿੰਘ ਮੁਗੋਵਾਲ, ਡਾਇਰੈਕਟਰ ਹਰੀ ਪਾਲ ਸਿੰਘ ਜਾਡਲੀ, ਡਾਇਰੈਕਟਰ ਸੋਹਣ ਸਿੰਘ ਉਪਲ, ਡਾਇਰੈਕਟਰ ਚਰਨਜੀਤ ਸਿੰਘ, ਡਾਇਰੈਕਟਰ ਗੁਰਸੇਵਕ ਸਿੰਘ ਲਿਧੜ, ਡਾਇਰੈਕਟਰ ਕਸ਼ਮੀਰ ਸਿੰਘ, ਡਾਇਰੈਕਟਰ ਬੀਬੀ ਸੁਰਿੰਦਰ ਕੌਰ, ਡਾਇਰੈਕਟਰ ਹਰਿੰਦਰ ਕੌਰ, ਡਾਇਰੈਕਟਰ ਮਹਿੰਦਰ ਸਿੰਘ, ਡਾਇਰੈਕਟਰ ਜਗਤਾਰ ਸਿੰਘ ਵੀ ਮੌਜੂਦ ਸਨ।

# ਅਧਿਆਪਕ ਸਮਾਜ ਦਾ ਸਰਵ ਉੱਚ ਅੰਗ : ਅਰੋੜਾ

**ਟਾਂਡਾ ਉੜਮੁੜ, (ਉਕਾਰ ਸਿੰਘ, ਜਸਵਿੰਦਰ ਸੰਧੂ.)**

ਇਥੋਂ ਦੇ ਸਥਾਨਕ ਇਨੋਵੇਟਿਵ ਜੂਨੀਅਰ ਸਕੂਲ ਉੜਮੜ ਵਿਖੇ ਬੀਤੇ ਵਰ੍ਹੇ ਪੜ੍ਹਾਈ ਵਿੱਚ ਵਧੀਆ



ਕਾਰਗੁਜਾਰੀ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਨ ਲਈ ਸਨਮਾਨ ਸਮਾਰੋਹ ਕੀਤਾ ਗਿਆ। ਜਿਸ ਵਿੱਚ ਪ੍ਰਮੁੱਖ ਸਮਾਜ ਸੇਵੀ ਅਤੇ ਆਮ ਆਦਮੀ ਪਾਰਟੀ ਦੇ ਹਲਕਾ ਮੀਡੀਆ ਇੰਚਾਰਜ ਸੁਖਵਿੰਦਰ ਸਿੰਘ ਅਰੋੜਾ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ, ਜਿਨਾਂ ਨੇ ਇਸ ਸਮਾਰੋਹ ਦੇ ਆਰੰਭ ਵਿੱਚ ਆਪਣੇ ਸੰਬੋਧਨ ਦੌਰਾਨ ਵਿਦਿਆਰਥੀਆਂ ਨੂੰ ਅਧਿਆਪਕਾਵਾਂ ਦਾ ਸਤਿਕਾਰ ਕਰਨ ਦੀ ਪ੍ਰੇਰਨਾ ਦਿੰਦੇ ਹੋਏ ਕਿਹਾ ਕਿ ਅਧਿਆਪਕ ਸਮਾਜ ਦਾ ਸਰਵਉੱਚ ਅੰਗ ਹਨ। ਇਹ ਉਹ ਸ਼ਖ਼ਸੀਅਤਾਂ ਹਨ ਜਿਨਾਂ ਦੁਆਰਾ ਸਮਾਜ ਸਿਰਜਿਆ ਜਾਂਦਾ ਹੈ। ਇੱਕ ਅਧਿਆਪਕ ਹੀ ਚੰਗਾ ਡਾਕਟਰ, ਵਕੀਲ, ਇੰਜੀਨੀਅਰ ਚੰਗਾ ਜੱਜ ਅਤੇ ਚੰਗਾ ਰਾਜਨੀਤਕ ਆਗੂ ਪੈਦਾ ਕਰਦਾ ਹੈ। ਅਧਿਆਪਕ ਦੁਆਰਾ ਨਿਭਾਈ ਜਾਂਦੀ ਇਸ ਸੇਵਾ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ ਥੋੜੀ ਹੈ, ਇਸੇ ਲਈ ਚੰਗੇ ਰਾਜ ਪ੍ਰਬੰਧਕਾਂ ਨੇ ਆਪਣੇ ਰਾਜ ਸਮੇਂ ਦੌਰਾਨ ਅਧਿਆਪਕਾਂ ਨੂੰ ਹਮੇਸ਼ਾ ਪ੍ਰਮੁੱਖਤਾ ਦਿੰਦੇ ਹੋਏ ਉਹਨਾਂ ਦਾ ਮਾਨ ਸਤਿਕਾਰ ਕਾਇਮ ਰੱਖਿਆ। ਪ੍ਰਿੰਸੀਪਲ ਜਤਿੰਦਰ ਕੌਰ ਅਰੋੜਾ ਦੀ ਸਰਪ੍ਰਸਤੀ ਹੇਠ ਆਯੋਜਿਤ ਇਸ ਸਨਮਾਨ ਸਮਾਰੋਹ ਵਿੱਚ ਬੀਤੇ ਵਰ੍ਹੇ ਹੋਈ ਪ੍ਰੀਖਿਆ ਦੌਰਾਨ ਜਿਨਾਂ ਵਿਦਿਆਰਥੀਆਂ ਨੇ 95 % ਤੋਂ ਵੱਧ ਅੰਕ ਪ੍ਰਾਪਤ ਕੀਤੇ ਸਨ ਨੂੰ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਜਤਿੰਦਰ ਕੌਰ ਨੇ ਆਪਣੇ ਸੰਬੋਧਨ ਵਿੱਚ ਇਹਨਾਂ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਦੀ ਅਪੀਲ ਕੀਤੀ। ਉਹਨਾਂ ਕਿਹਾ ਕਿ ਵਿਦਿਆਰਥੀ ਜੀਵਨ ਵਿੱਚ ਕੇਤੀ ਮਿਹਨਤ ਹੀ ਚੰਗੇ ਭਵਿੱਖ ਨੂੰ ਤੈਅ ਕਰਦੀ ਹੈ। ਮੰਚ ਦਾ ਸੰਚਾਲਨ ਮੈਡਮ ਰਾਜਵਿੰਦਰ ਨੇ ਕੀਤਾ। ਇਸ ਮੌਕੇ ਸਕੂਲ ਸਟਾਫ ਵਿੱਚ ਦੀਕਸ਼ਾ ਅਰੋੜਾ, ਕਮਲਜੀਤ ਕੌਰ,ਆਸ਼ਾ ਰਾਣੀ, ਮੀਨਾ ਕੁਮਾਰੀ, ਭੁਪਿੰਦਰ ਕੌਰ,ਨੇਹਾ ਪਟਿਆਲ ਅਤੇ ਪ੍ਰਭਜੀਤ ਕੌਰ ਹਾਜਰ ਸਨ।

# ਐਨ ਆਰ ਆਈ ਸਭਾ ਪੰਜਾਬ ਦੇ ਪ੍ਰਧਾਨ ਦੀ ਚੋਣ, ਵੋਟਰ ਸੂਚੀ ਦੀ ਹੋਈ ਅੰਤਮ ਪ੍ਰਕਾਸ਼ਨਾ

ਜਲੰਧਰ, (ਸ਼ੈਲੀ ਐਲਬਰਟ) ਐਨ.ਆਰ.ਆਈ. ਸਭਾ ਪੰਜਾਬ ਦੇ ਪ੍ਰਧਾਨ ਦੀ ਚੋਣ, ਜੋ ਕਿ 5 ਜਨਵਰੀ 2024 ਨੂੰ ਹੋਣੀ ਹੈ, ਦੇ ਮੱਦੇਨਜ਼ਰ ਮੰਗਲਵਾਰ ਨੂੰ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ ਐਨ.ਆਰ.ਆਈ. ਸਭਾ ਦੀ ਵੈੱਬਸਾਈਟ www.nrisabhapunjab.in 'ਤੇ ਕਰ ਦਿੱਤੀ ਗਈ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਐਨ.ਆਰ.ਆਈ. ਸਭਾ ਦੇ ਕਾਰਜਕਾਰੀ ਡਾਇਰੈਕਟਰ-ਕਮ-ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਵਰਿੰਦਰਪਾਲ ਸਿੰਘ ਬਾਜਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਭਾ ਦੇ ਮੈਂਬਰਾਂ ਦੀ ਡ੍ਰਾਫਟ ਵੋਟਰ ਸੂਚੀ 3 ਨਵੰਬਰ 2023 ਨੂੰ ਸਭਾ ਦੀ ਵੈਬਸਾਈਟ 'ਤੇ ਅਪਲੋਡ ਕੀਤੀ ਗਈ ਸੀ। ਵੋਟਰ ਸੂਚੀ 'ਤੇ 10 ਨਵੰਬਰ 2023 ਤੱਕ ਪ੍ਰਾਪਤ ਦਾਅਵੇ ਤੇ ਇਤਰਾਜ਼ਾਂ ਦਾ 17 ਨਵੰਬਰ 2023 ਤੱਕ ਨਿਪਟਾਰਾ ਕਰਨ ਉਪਰੰਤ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ ਕੀਤੀ ਗਈ ਹੈ। ਬਾਜਵਾ ਨੇ ਅੱਗੇ ਦੱਸਿਆ ਕਿ 11 ਅਤੇ 12 ਦਸੰਬਰ 2023 ਨੂੰ ਨਾਮਜ਼ਦਗੀ ਪੱਤਰ ਏ.ਡੀ.ਸੀ. (ਜ) ਜਲੰਧਰ ਦੀ ਕੋਰਟ ਵਿਖੇ ਪ੍ਰਾਪਤ ਕੀਤੇ ਜਾਣਗੇ ਜਦਕਿ ਨਾਮਜ਼ਦਗੀ ਪੱਤਰਾਂ ਦੀ ਪੜਤਾਲ 13 ਦਸੰਬਰ 2023 ਨੂੰ ਹੋਵੇਗੀ। 14 ਤੇ 15 ਦਸੰਬਰ ਨੂੰ ਚੋਣਾਂ ਵਿੱਚ ਸਰਬਸੰਮਤੀ ਦੀ ਸੰਭਾਵਨਾ ਦੀ ਪੜਚੋਲ ਦੀ ਕੋਸ਼ਿਸ਼ ਉਪਰੰਤ 22 ਦਸੰਬਰ 2023 ਨੂੰ ਨਾਮਜ਼ਦਗੀ ਪੱਤਰ ਵਾਪਸ ਲਏ ਜਾ ਸਕਣਗੇ। ਉਨ੍ਹਾਂ ਐਨ.ਆਰ. ਆਈ. ਸਭਾ ਦੇ ਸਾਰੇ ਮੈਂਬਰਾਂ ਨੂੰ ਪੰਜ ਸਾਲ ਤੋਂ ਪੁਰਾਣੇ ਫੋਟੋ ਪਛਾਣ ਪੱਤਰ ਰੀਨਿਊ ਕਰਵਾਉਣ ਦੀ ਅਪੀਲ ਕਰਦਿਆਂ ਦੱਸਿਆ ਕਿ ਫੋਟੋ ਸ਼ਨਾਖਤੀ ਕਾਰਡ ਨਵਿਆਉਣ ਦੀ ਆਖਰੀ ਮਿਤੀ 15 ਦਸੰਬਰ 2023 ਹੈ। ਉਨ੍ਹਾਂ ਅੱਗੇ ਦੱਸਿਆ ਕਿ ਐਨ.ਆਰ.ਆਈਜ਼, ਜੋ 27 ਅਕਤੂਬਰ 2023 ਤੋਂ ਪਹਿਲਾਂ ਸਭਾ ਦੇ ਮੈਂਬਰ ਬਣੇ ਹਨ, ਨੂੰ ਹੀ ਵੋਟ ਪਾਉਣ ਦੀ ਆਗਿਆ ਹੋਵੇਗੀ। ਨਾਮਜ਼ਦ ਵਿਅਕਤੀ ਐਨ.ਆਰ.ਆਈ. ਮੈਂਬਰਾਂ ਵੱਲੋਂ ਵੋਟ ਨਹੀਂ ਕਰ ਸਕਦੇ। ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਵੋਟ ਪਾਉਣ ਲਾਈ ਆਉਣ ਵਾਲੇ ਐਨ.ਆਰ.ਆਈ. ਮੈਂਬਰ ਪਾਸਪੋਰਟ ਦੇ ਨਾਲ ਐਨ.ਆਰ.ਆਈ. ਸਭਾ ਪੰਜਾਬ/ਐਨ.ਆਰ.ਆਈ. ਸਭਾ ਜ਼ਿਲ੍ਹਾ ਇਕਾਈ ਵੱਲੋਂ ਜਾਰੀ ਕੀਤਾ ਗਿਆ ਪਛਾਣ ਪੱਤਰ ਨਾਲ ਲੈ ਕੇ ਆਉਣ। ਇਸ ਸਬੰਧੀ ਵਧੇਰੇ ਜਾਣਕਾਰੀ www.nrisabhapunjab.in ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਸੂਬੇ 'ਚ ਬਣਾਈਆਂ ਜਾਣਗੀਆਂ ਇਕ ਹਜ਼ਾਰ ਖੇਡ ਨਰਸਰੀਆਂ : ਮੀਤ ਹੇਅਰ

**ਹੁਸ਼ਿਆਰਪੁਰ, (ਓ ਪੀ ਰਾਣਾ )**

ਪੰਜਾਬ ਦੇ ਖੇਡ ਤੇ ਯੁਵਕ ਸੇਵਾਵਾਂ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ ਸੂਬੇ ਵਿਚ ਖੇਡ



ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਸੂਬੇ ਵਿਚ ਵੱਖ-ਵੱਖ ਥਾਵਾਂ 'ਤੇ ਇਕ ਹਜ਼ਾਰ ਖੇਡ ਨਰਸਰੀਆਂ ਸਥਾਪਿਤ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਲਾਕੇ ਵਿਚ ਪ੍ਰਚਲਿਤ ਖੇਡਾਂ ਦੇ ਹਿਸਾਬ ਨਾਲ ਇਥੇ ਵੱਖ-ਵੱਖ ਖੇਡਾਂ ਲਈ ਨਰਸਰੀਆਂ ਸਥਾਪਿਤ ਕੀਤੀਆਂ ਜਾਣਗੀਆਂ ਤਾਂ ਜੋ ਇਨ੍ਹਾਂ ਖੇਡਾਂ ਨੂੰ ਹੋਰ ਉਤਸਾਹ ਮਿਲੇ। ਉਹ ਹੁਸ਼ਿਆਰਪੁਰ ਦੇ ਪਿੰਡ ਨੰਗਲ ਖਿਲਾੜੀਆਂ ਵਿਚ ਯੂਥ ਸਪੋਰਟਸ ਕਲੱਬ ਵੱਲੋਂ ਕਰਵਾਏ ਫੁੱਟਬਾਲ ਟੂਰਨਾਮੈਂਟ ਦੇ ਸਮਾਪਤੀ ਸਮਾਰੋਹ ਵਿਚ ਖਿਡਾਰੀਆਂ ਅਤੇ ਪਿੰਡ ਵਾਸੀਆਂ ਨੂੰ ਮੁੱਖ ਮਹਿਮਾਨ ਵਜੋਂ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਵਿਧਾਇਕ ਉੜਮੁੜ ਜਸਵੀਰ ਸਿੰਘ ਰਾਜਾ ਗਿੱਲ, ਵਿਧਾਇਕ ਦਸੂਹਾ ਕਰਮਬੀਰ ਸਿੰਘ ਘੁੰਮਣ, ਦੀਪਕ ਬਾਲੀ, ਅਰਜੁਨ ਐਵਾਰਡੀ ਗੁਰਦੇਵ ਸਿੰਘ ਗਿੱਲ ਵੀ ਹਾਜਰ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬਣਨ ਨਾਲ ਸੂਬੇ ਵਿਚ ਖੇਡ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਲਈ 'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਬਲਾਕ ਪੱਧਰ ਤੋਂ ਲੈ ਕੇ ਸੂਬਾ ਪੱਧਰ ਤੱਕ ਖੇਡ ਮੁਕਾਬਲੇ ਕਰਵਾਏ ਗਏ ਹਨ। ਇਸ ਸਾਲ 'ਖੇਡਾਂ ਵਤਨ ਪੰਜਾਬ ਦੀਆਂ' ਦੇ ਦੂਜੇ ਸਾਲ ਦੇ ਖੇਡ ਮੁਕਾਬਲੇ ਵੀ ਬੜੇ ਉਤਸਾਹ ਨਾਲ ਸੰਪੰਨ ਹੋਏ। ਉਨ੍ਹਾਂ ਕਿਹਾ ਕਿ ਨਵੀਂ ਖੇਡ ਨੀਤੀ ਨਾਲ ਖਿਡਾਰੀਆਂ ਦਾ ਸਰਬਪੱਖੀ ਵਿਕਾਸ ਹੋਵੇਗਾ। ਉਨ੍ਹਾਂ ਐਲਾਨ ਕਰਦਿਆਂ ਕਿਹਾ ਕਿ ਪਿੰਡ ਨੰਗਲ ਖਿਡਾਰੀਆਂ ਵਿਚ ਫੁੱਟਬਾਲ ਖੇਡ ਨਰਸਰੀ ਸ਼ੁਰੂ ਕੀਤੀ ਜਾਵੇਗੀ। ਇਸ ਤੋਂ ਇਲਾਵਾ ਪਿੰਡ ਦੇ ਸਟੇਡੀਅਮ ਦੇ ਬੁਨਿਆਦੀ ਢਾਂਚੇ ਅਤੇ ਰੱਖ-ਰਖਾਅ ਲਈ ਪ੍ਰਬੰਧਕਾਂ ਵੱਲੋਂ 25 ਲੱਖ ਰੁਪਏ ਤੱਕ ਦਾ ਖਰਚਾ ਪੰਜਾਬ ਸਰਕਾਰ ਸਹਿਣ ਕਰੇਗੀ। ਇਸ ਮੌਕੇ ਮੋਹਨ ਲਾਲ ਚਿੱਤੋਂ, ਜ਼ਿਲ੍ਹਾ ਖੇਡ ਅਫਸਰ ਗੁਰਪ੍ਰੀਤ ਸਿੰਘ, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਪ੍ਰੀਤ ਕੋਹਲੀ, ਨਾਇਬ ਤਹਿਸੀਲਦਾਰ ਵਿਜੇ ਕੁਮਾਰ, ਕਲੱਬ ਪ੍ਰਧਾਨ ਨਵਨੀਤ ਭਾਰਦਵਾਜ, ਸਕੱਤਰ ਜੀ.ਸੀ ਭਾਰਦਵਾਜ, ਸਰਬਜੀਤ ਸਿੰਘ, ਪਰਮਿੰਦਰ ਸਿੰਘ ਅਤੇ ਹੋਰ ਪਤਵੰਤੇ ਵੀ ਹਾਜਰ ਸਨ।

# ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂਆਂ ਵੱਲੋਂ ਖੇਤੀਬਾੜੀ ਅਫ਼ਸਰ ਨਾਲ ਮੀਟਿੰਗ

**ਗੁਰਦਾਸਪੁਰ, (ਜਨਕ ਮਹਾਜਨ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜ਼ੋਨ ਗੁਰਦੁਆਰਾ ਸ਼ਹੀਦ ਬੀਬੀ ਸੁੰਦਰੀ ਨਵਾਂ ਪਿੰਡ ਬਹਾਦਰ ਅਤੇ ਬਾਬਾ ਮਸਤੂ ਦੇ ਆਗੂ ਚੀਫ ਖੇਤੀਬਾੜੀ ਅਫ਼ਸਰ ਗੁਰਦਾਸਪੁਰ ਨੂੰ ਮਿਲੇ। ਇਸ ਮੌਕੇ ਉਨ੍ਹਾਂ ਖੇਤੀ ਸਬੰਧੀ ਮੁਸ਼ਕਲਾਂ ਦੱਸੀਆਂ ਜਿਸ ਵਿੱਚ ਯੂਰੀਆ ਖਾਦ ਨਾਲ ਡੀਲਰ ਜੋ ਸਾਮਾਨ ਟੈਗ ਕਰਕੇ ਵੇਚ ਰਹੇ ਹਨ, ਦੇ ਬਾਰੇ ਗੱਲਬਾਤ ਕੀਤੀ। ਇਸ ਮੌਕੇ ਚੀਫ ਐਗਰੀਕਚਰ ਗੁਰਦਾਸਪੁਰ ਨੇ ਭਰੋਸਾ ਦਵਾਇਆ ਕਿ ਕੋਈ ਵੀ ਡੀਲਰ ਯੂਰੀਆ ਦੇ ਨਾਲ ਕੋਈ ਵੀ ਚੀਜ਼ ਟੈਗ ਕਰਕੇ ਨਹੀਂ ਵੇਚ ਸਕਦਾ। ਉਨ੍ਹਾਂ ਕਿਹਾ ਜੇਕਰ ਕੋਈ ਵੇਚਦਾ ਹੈ ਤਾਂ ਉਸ ਦੀ ਸ਼ਿਕਾਇਤ ਕੀਤੀ ਜਾਵੇ ਅਤੇ ਅਸੀਂ ਤਰੰਤ ਉਸ 'ਤੇ ਕਾਰਵਾਈ ਕਰਾਂਗੇ। ਇਸ ਮੌਕੇ ਅਨੋਖ ਸਿੰਘ ਸੁਲਤਾਨੀ, ਜਤਿੰਦਰ ਸਿੰਘ ਚੀਮਾ, ਕੁਲਜੀਤ ਸਿੰਘ ਹਯਾਤ ਨਗਰ, ਸੁਖਜਿੰਦਰ ਸਿੰਘ ਗੋਹ, ਜ਼ਿਲ੍ਹਾ ਪ੍ਰੈਸ ਸਕੱਤਰ ਸੁਖਦੇਵ ਸਿੰਘ ਅੱਲੜ ਪਿੰਡੀ, ਸੋਹਣ ਸਿੰਘ ਗਿੱਲ, ਡਾਕਟਰ ਦਿਲਜੀਤ ਸਿੰਘ ਨੇ ਤੇ ਹੋਰ ਕਿਸਾਨ ਆਗੂ ਹਾਜ਼ਰ ਸਨ।

# 'ਮਨ ਤਨ ਭਏ ਅਰੋਗਾ' ਪੁਸਤਕ 'ਤੇ ਵਿਚਾਰ-ਚਰਚਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਜ਼ਿਲ੍ਹਾ ਭਾਸ਼ਾ ਦਫ਼ਤਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਵਿਹੜੇ ਡਾ. ਹਰਮਿੰਦਰ ਸਿੰਘ ਸਿੱਧੂ ਦੀ ਪੁਸਤਕ 'ਮਨ ਤਨ ਭਏ ਅਰੋਗਾ' 'ਤੇ ਵਿਚਾਰ ਚਰਚਾ ਕੀਤੀ ਗਈ। ਆਰੰਭ 'ਚ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਦਵਿੰਦਰ ਸਿੰਘ ਬੋਹਾ ਵੱਲੋਂ ਸਮੂਹ ਪ੍ਰਧਾਨਗੀ ਮੰਡਲ, ਸਾਹਿਤਕਾਰਾਂ ਅਤੇ ਪਤਵੰਤੇ ਸੱਜਣਾ ਨੂੰ 'ਜੀ ਆਇਆਂ ਨੂੰ' ਕਿਹਾ ਗਿਆ। ਉਨ੍ਹਾਂ ਵੱਲੋਂ ਡਾ. ਹਰਮਿੰਦਰ ਸਿੰਘ ਸਿੱਧੂ ਨੂੰ 'ਮਨ ਤਨ ਭਏ ਅਰੋਗਾ' ਲਈ ਮੁਬਾਰਕਬਾਦ ਦਿੰਦਿਆਂ ਇਸ ਪੁਸਤਕ ਨੂੰ ਅਜੋਕੀ ਭੱਜ-ਦੌੜ 'ਚ ਉਲਝੇ ਮਨੁੱਖ ਦੇ ਜ਼ਖ਼ਮੀ ਮਨ ਦੀ ਮਰੁਮ ਆਖਿਆ ਗਿਆ। ਡਾ. ਬੋਹਾ ਵੱਲੋਂ ਭਾਸ਼ਾ ਵਿਭਾਗ ਪੰਜਾਬ ਦੁਆਰਾ ਕੀਤੇ ਜਾ ਰਹੇ ਕੰਮਾਂ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀਆਂ ਪ੍ਰਾਪਤੀਆਂ ਤੋਂ ਵੀ ਹਾਜ਼ਰੀਨ ਨੂੰ ਜਾਣੂ ਕਰਵਾਇਆ ਗਿਆ। ਡਾ. ਦੀਪਕ ਮਨਮੋਹਨ ਸਿੰਘ ਵੱਲੋਂ ਕਿਹਾ ਗਿਆ ਕਿ ਹਥਲੀ ਪੁਸਤਕ ਮਨੁੱਖੀ ਜੀਵਨ ਵਿਚ ਸਰੀਰਕ ਸਿਹਤ ਦੇ ਸਾਮਾਨਾਂਤਰ ਮਾਨਸਿਕ ਸਿਹਤ ਦੀ ਮਹੱਤਤਾ ਨੂੰ ਦ੍ਰਿੜਾਉਂਦੀ ਹੈ। ਮੁੱਖ ਮਹਿਮਾਨ ਡਾ. ਪਰਮਿੰਦਰ ਸਿੰਘ ਵੱਲੋਂ ਕਿਹਾ ਗਿਆ ਕਿ ਇਸ ਕਿਤਾਬ 'ਚ ਮਨੋਵਿਗਿਆਨਕ ਥੈਰੇਪੀਆਂ ਦੇ ਹਵਾਲੇ ਨਾਲ ਮਾਨਸਿਕ ਨਿਰੋਗਤਾ ਦੀਆਂ ਵਿਧੀਆਂ ਬਾਰੇ ਚਰਚਾ ਕੀਤੀ ਗਈ ਹੈ। ਵਿਸ਼ੇਸ਼ ਮਹਿਮਾਨ ਲਤੀਫ਼ ਅਹਿਮਦ ਵੱਲੋਂ ਕਿਹਾ ਗਿਆ ਕਿ ਮਾਨਸਿਕ ਸਿਹਤ ਸਹੂਲਤਾਂ ਦੀ ਅਣਹੋਂਦ ਵਿਚ ਇਹ ਪੁਸਤਕ ਸਵੈ-ਇਲਾਜ ਦੇ ਰਾਹ ਤੋਰਦੀ ਹੈ। ਡਾ.ਕੁਲਦੀਪ ਪੁਰੀ ਨੇ ਪੁਸਤਕ ਬਾਰੇ ਬੋਲਦਿਆਂ ਆਖਿਆ ਗਿਆ ਕਿ ਇਹ ਕਿਤਾਬ ਸਰੀਰਿਕ-ਮਾਨਸਿਕ ਤੰਦਰੁਸਤੀ ਵਿੱਚ ਸਿਹਤਮੰਦ ਚੌਗਿਰਦੇ ਦੀ ਭੂਮਿਕਾ ਨੂੰ ਅਗਰਭੂਮੀ ਵਿਚ ਲਿਆਉਂਦੀ ਹੈ। ਡਾ. ਕੁਲਵਿੰਦਰ ਸਿੰਘ ਨੇ ਕਿਹਾ ਗਿਆ ਕਿ ਅਜੋਕੇ ਮੰਡੀ ਦੇ ਦੌਰ 'ਚ ਮਨੁੱਖੀ ਕਦਰਾਂ-ਕੀਮਤਾਂ ਦੇ ਨਿਘਾਰ ਸਦਕਾ ਆਉਣ ਵਾਲੀਆਂ ਪੀੜ੍ਹੀਆਂ ਦੇ ਸਨਮੁੱਖ ਜਿਹੜੀਆਂ ਚੁਣੌਤੀਆਂ ਹੋਣਗੀਆਂ, ਇਹ ਕਿਤਾਬ ਉਨ੍ਹਾਂ ਪ੍ਰਤੀ ਸਾਨੂੰ ਸਸ਼ੱਕਤ ਕਰਦੀ ਹੈ। ਚਰਚਾ ਨੂੰ ਅੱਗੇ ਤੋਰਦਿਆਂ ਡਾ. ਸ਼ਿੰਦਰਪਾਲ ਸਿੰਘ ਵੱਲੋਂ ਸਾਹਿਤਕ ਪ੍ਰਦੂਸ਼ਣ




ਦੇ ਅਜੋਕੇ ਦੌਰ ਵਿਚ ਸਮੇਂ ਦੀ ਨਬਜ਼ ਪਛਾਣ ਕੇ ਗੱਲ ਕਰਨੀ ਡਾ. ਹਰਮਿੰਦਰ ਸਿੰਘ ਸਿੱਧੂ ਦੇ ਹਿੱਸੇ ਆਇਆ ਹੈ। ਡਾ. ਕੰਵਰ ਜਸਮਿੰਦਰ ਪਾਲ ਸਿੰਘ ਵੱਲੋਂ ਆਖਿਆ ਗਿਆ ਕਿ ਇਹ ਕਿਤਾਬ ਸਾਡੇ ਸਾਰਿਆਂ ਨਾਲ ਸਬੰਧਤ ਹੈ ਕਿਉਂਕਿ ਇਸ ਵਿੱਚ ਮਨੁੱਖ ਅਤੇ ਮਨੁੱਖ ਦੇ ਅੰਤਰਮਨ ਬਾਰੇ ਬੜੀ ਸਰਲ ਭਾਸ਼ਾ ਵਿੱਚ ਗੱਲ ਕੀਤੀ ਗਈ ਹੈ। ਡਾ. ਅਮਰਜੀਤ ਸਿੰਘ ਵੱਲੋਂ ਆਖਿਆ ਗਿਆ ਕਿ ਇਸ ਕਿਤਾਬ ਦਾ ਛੋਟਿਆਂ ਅਤੇ ਵੱਡਿਆਂ ਸਭ ਲਈ ਲਾਭਕਾਰੀ ਹੈ। ਮਨਦੀਪ ਸਿੰਘ ਮਲੇਸ਼ੀਆ ਵੱਲੋਂ ਕਿਹਾ ਗਿਆ ਕਿ ਸਮਾਂ ਪ੍ਰਬੰਧਨ ਅਤੇ ਸਕਾਰਾਤਮਕ ਦ੍ਰਿਸ਼ਟੀਕੋਣ ਤੰਦਰੁਸਤ ਮਾਨਸਿਕ ਸਿਹਤ ਦਾ ਰਾਜ਼ ਹਨ। ਪ੍ਰੋ. ਵੀਰਦੇਵ ਸਿੰਘ ਵੱਲੋਂ ਕਿਹਾ ਗਿਆ ਕਿ ਇਹ ਕਿਤਾਬ ਮਾਨਸਿਕ ਸਿਹਤ, ਸਮੱਸਿਆਵਾਂ ਅਤੇ ਉਪਾਆਂ ਬਾਰੇ ਅੰਕੜੇ ਭਰਪੂਰ ਕਿਤਾਬ ਹੈ। ਡਾ. ਹਰਪ੍ਰੀਤ ਸਿੰਘ ਰਾਣਾ ਵੱਲੋਂ ਆਖਿਆ ਗਿਆ ਕਿ ਸਿਹਤਮੰਦ ਆਦਤਾਂ ਸਰੀਰਕ ਤੰਦਰੁਸਤੀ ਦੇ ਨਾਲ-ਨਾਲ ਮਾਨਸਿਕ ਸਿਹਤ ਦਾ ਵੀ ਮੂਲ ਹਨ। ਪੁਸਤਕ ਦੇ ਲੇਖਕ ਡਾ. ਹਰਮਿੰਦਰ ਸਿੰਘ ਸਿੱਧੂ ਨੇ ਇਸ ਪੁਸਤਕ ਨੂੰ ਲਿਖਣ ਦੇ ਉਦੇਸ਼ ਬਾਰੇ ਚਰਚਾ ਕਰਦਿਆਂ ਕਿਹਾ ਕਿ ਇਹ ਪੁਸਤਕ ਮੁੱਖ ਰੂਪ ਵਿਚ ਉਨ੍ਹਾਂ ਖੇਤਰਾਂ ਵਿਚਲੇ ਲੋਕਾਂ ਦੀ ਮਦਦ ਲਈ ਲਿਖੀ ਗਈ ਹੈ ਜਿਹੜੇ ਆਧੁਨਿਕ ਸਿਹਤ ਸਹੂਲਤਾਂ ਤੋਂ ਵਾਂਝੇ ਹਨ ਅਤੇ ਮਾਨਸਿਕ ਸਿਹਤ ਦੇ ਮਹੱਤਵ ਤੋਂ ਅਣਜਾਣ ਹਨ। ਸਮੂਹ ਬੁਲਾਰਿਆਂ ਵੱਲੋਂ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਦੀ ਕਾਰਜ ਸ਼ੈਲੀ ਅਤੇ ਸੁਹਜਮਈ ਦਿੱਖ ਦੀ ਸ਼ਲਾਘਾ ਕਰਦਿਆਂ ਸਮੁੱਚੀ ਟੀਮ ਨੂੰ ਵਧਾਈ ਦਿੱਤੀ ਗਈ। ਇਸ ਵਿਚਾਰ ਚਰਚਾ ਵਿਚ ਗੁਰਪ੍ਰੀਤ ਸਿੰਘ ਨਿਆਮੀਆਂ, ਗੁਰਚਰਨ ਸਿੰਘ, ਮਨਦੀਪ ਸਿੰਘ, ਡਾ. ਨਿੰਮੀ ਵਸ਼ਿਸ਼ਟ, ਰਾਜਿੰਦਰ ਵਸ਼ਿਸ਼ਟ, ਕੰਵਲਦੀਪ ਕੌਰ, ਜਤਿੰਦਰਪਾਲ ਸਿੰਘ, ਮਨਜੀਤਪਾਲ ਸਿੰਘ, ਜਪਨੀਤ ਕੌਰ, ਹਰਮਨਦੀਪ ਸਿੰਘ, ਪਲਵੀ ਭਾਰਦਵਾਜ, ਜਸਵੀਰ ਸਿੰਘ ਗੋਸਲ, ਅਰੁਣਾ ਚੌਧਰੀ, ਕਰਨਵੀਰ ਸਿੰਘ, ਸਿਮਰਨਜੀਤ ਕੌਰ, ਪ੍ਰਗਤੀ ਰਾਣਾ, ਸਤਵਿੰਦਰ ਕੌਰ, ਸਿਮਰਨ ਚੌਧਰੀ, ਹਰਜੋਤ ਕੌਰ, ਸਿਮਰਨਜੀਤ ਕੌਰ, ਪਰਵਿੰਦਰ ਸਿੰਘ, ਰਣਵੀਰ ਸਿੰਘ, ਗੁਰਸੇਵਕ ਸਿੰਘ ਆਦਿ ਵੱਲੋਂ ਵੀ ਸ਼ਿਰਕਤ ਕੀਤੀ ਗਈ। ਸਮਾਗਮ ਦੇ ਅੰਤ ਵਿਚ ਜ਼ਿਲ੍ਹਾ ਭਾਸ਼ਾ ਅਫ਼ਸਰ ਮੋਹਾਲੀ ਡਾ. ਦਵਿੰਦਰ ਸਿੰਘ ਬੋਹਾ ਵੱਲੋਂ ਮੁੱਖ ਮਹਿਮਾਨਾਂ ਅਤੇ ਬੁਲਾਰਿਆਂ ਨੂੰ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ ਅਤੇ ਹੋਰ ਪਤਵੰਤੇ ਸੱਜਣਾਂ ਦਾ ਇਸ ਸਮਾਗਮ ਵਿਚ ਪਹੁੰਚਣ ਲਈ ਧੰਨਵਾਦ ਕੀਤਾ ਗਿਆ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਦਰਸ਼ਨ ਕੌਰ ਵੱਲੋਂ ਕੀਤਾ ਗਿਆ। ਇਸ ਮੌਕੇ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ।

# ਪਾਵਰਕਾਮ ਦੀ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਮੰਗਾਂ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ



**ਸਮਰਾਲਾ (ਸੁਰਜੀਤ ਸਿੰਘ)** ਪੈਨਸ਼ਨਰ ਐਸੋਸੀਏਸ਼ਨ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਪੈਨਸ਼ਨਰ ਐਸੋਸੀਏਸ਼ਨ ਸਰਕਲ ਰੋਪੜ ਦੀ ਮੀਟਿੰਗ ਸਰਕਲ ਪ੍ਰਧਾਨ ਭਰਪੂਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜਥੇਬੰਦੀ ਵੱਲੋਂ ਕੀਤੇ ਸੰਘਰਸ਼ ਪ੍ਰੋਗਰਾਮਾਂ ਦੀ ਰਿਪੋਰਟਿੰਗ ਅਤੇ ਅਗਲੇ ਸੰਘਰਸ਼ ਪ੍ਰੋਗਰਾਮਾਂ 'ਤੇ ਵਿਚਾਰ ਚਰਚਾ ਕੀਤੀ ਗਈ। ਮੈਨੇਜਮੈਂਟ ਤੇ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਪ੍ਰਮੁੱਖ ਮੰਗਾਂ ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਅਤੇ ਸਕੇਲਾਂ ਦੀ ਸੁਧਾਈ ਸਿਫ਼ਾਰਸ਼ਾਂ ਦੇ ਉਲਟ 2.59 ਦੀ ਥਾਂ 2.45 ਪ੍ਰਤੀਸ਼ਤ ਕਰਨ ਦੇ ਮੁਲਾਜ਼ਮ ਵਿਰੋਧੀ ਫੈਸਲੇ ਜ਼ੋਰਦਾਰ ਨਿਖੇਧੀ ਕੀਤੀ ਗਈ। ਮੈਨੇਜਮੈਂਟ ਵੱਲੋਂ ਵੀ ਮੈਡੀਕਲ ਕੈਸ਼ਲੈਸ ਸਕੀਮ ਲਾਗੂ ਨਾ ਕਰਨਾ, ਬਿਨਾਂ ਸਰਤ ਸਾਰਿਆਂ ਨੂੰ 23 ਸਾਲਾਂ ਸਕੂਲ ਨਾ ਦੇਣਾ, ਡਿਸਮਿਸ ਆਗੂ ਬਹਾਲ ਨਾ ਕਰਨਾ, ਪੈਨਸ਼ਨਰਾਂ ਅਤੇ ਨਵੇਂ ਮੁਲਾਜ਼ਮਾਂ ਨੂੰ ਬਿਜਲੀ ਰਿਆਇਤ ਨਾ ਦੇਣਾ, ਆਦਿ ਮੰਗਾਂ ਨੂੰ ਲਾਗੂ ਨਹੀਂ ਕੀਤਾ ਜਾਂਦਾ। ਇਸ ਲਈ ਪਾਵਰ ਕਾਰਪੋਰੇਸ਼ਨ ਦੇ ਪੈਨਸ਼ਨਰਾਂ ਨੇ ਪੰਜਾਬ ਸਰਕਾਰ ਅਤੇ ਮੈਨੇਜਮੈਂਟ ਖਿਲਾਫ਼ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ ਹੈ, ਜਿਸ ਤਹਿਤ ਪੰਜਾਬ ਅੰਦਰ ਵਿਧਾਇਕਾਂ ਅਤੇ ਮੰਤਰੀਆਂ ਦੇ ਘਰਾਂ ਅੱਗੇ ਸਾਂਝੇ ਪ੍ਰਦਰਸ਼ਨ ਕੀਤੇ ਜਾਣਗੇ। ਮੈਨੇਜਮੈਂਟ ਖਿਲਾਫ ਜ਼ੋਨਲ ਪੱਧਰ ਦੇ ਵਿਸ਼ਾਲ ਧਰਨੇ ਦੇ ਕੇ ਮੁੱਖ ਦਫ਼ਤਰ ਅੱਗੇ ਲਾਮਿਸਾਲ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਮੀਟਿੰਗ ਵਿੱਚ ਸੂਬਾ ਆਗੂ ਸਿੰਕਦਰ ਸਿੰਘ ਤੋਂ ਇਲਾਵਾ ਖ਼ਜ਼ਾਨਚੀ ਹਰਬੰਸ ਸਿੰਘ, ਮੀਤ ਪ੍ਰਧਾਨ ਦਲਜੀਤ ਸਿੰਘ, ਐਡੀਟਰ ਅਵਤਾਰ ਸਿੰਘ, ਹਰਭਜਨ ਸਿੰਘ ਖਰੜ, ਹਰਜਿੰਦਰ ਸਿੰਘ ਰੋਪੜ, ਪ੍ਰੀਤਮ ਸਿੰਘ ਆਨੰਦਪੁਰ ਸਾਹਿਬ, ਰੌਸ਼ਨ ਸਿੰਘ ਆਨੰਦਪੁਰ ਸਾਹਿਬ, ਅਜੈਬ ਸਿੰਘ ਰੋਪੜ, ਸ਼ਿਵ ਦਿਆਲ ਰੋਪੜ, ਕਰਮ ਸਿੰਘ ਰੋਪੜ ਆਦਿ ਨੇ ਸ਼ਮੂਲੀਅਤ ਕੀਤੀ। ਪ੍ਰੈਸ ਨੂੰ ਜਾਣਕਾਰੀ ਹਰਬੰਸ ਸਿੰਘ ਖਜਾਨਚੀ ਸਰਕਲ ਰੋਪੜ ਨੇ ਦਿੱਤੀ।

## ਰਮਨ ਨੇ ਨਾਇਬ ਤਹਿਸੀਲਦਾਰ ਵਜੋਂ ਅਹੁਦਾ ਸੰਭਾਲਿਆ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)** ਨਾਇਬ ਤਹਿਸੀਲਦਾਰ ਹਰਨੇਕ ਸਿੰਘ ਦੀ ਰਿਟਾਇਰਮੈਂਟ ਤੋਂ ਬਾਅਦ ਉਨ੍ਹਾਂ ਦੀ ਜਗ੍ਹਾ ਨਾਇਬ ਤਹਿਸੀਲਦਾਰ ਵਜੋਂ ਸ੍ਰੀ ਰਮਨ ਨੇ ਅਹੁਦਾ ਸੰਭਾਲ ਲਿਆ ਹੈ ਅਤੇ ਬਤੌਰ ਨਾਇਬ ਤਹਿਸੀਲਦਾਰ ਦਫ਼ਤਰੀ ਕੰਮ ਕਾਜ ਸ਼ੁਰੂ ਕਰ ਦਿੱਤਾ ਹੈ।

ਇਸ ਮੌਕੇ ਪਟਵਾਰੀ ਯੂਨੀਅਨ ਦੇ ਪ੍ਰਧਾਨ ਕਰਮਜੀਤ ਸਿੰਘ ਦੀ ਅਗਵਾਈ ਹੇਠ ਸਮੂਹ ਪਟਵਾਰੀਆਂ ਤੇ ਕਾਨੂੰਗੋ ਦਲਜੀਤ ਸਿੰਘ ਨੇ ਤਹਿਸੀਲਦਾਰ ਸ੍ਰੀ ਰਮਨ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਜੀ ਆਇਆਂ ਆਖਿਆ ਤੇ ਦਫ਼ਤਰੀ ਕੰਮ ਵਿੱਚ ਪੂਰਾ ਸਾਥ ਦੇਣ ਦਾ ਭਰੋਸਾ ਦਿੱਤਾ। ਸ੍ਰੀ ਰਮਨ ਨਾਇਬ ਤਹਿਸੀਲਦਾਰ ਨੇ ਪਟਵਾਰੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਸੀਂ ਸਾਰੇ ਇਕ ਪਰਿਵਾਰ ਦੀ ਤਰ੍ਹਾਂ ਹਾਂ ਅਸੀਂ ਸਾਰਿਆਂ ਨੇ ਮਿਲ ਜੁਲ ਕੇ ਕੰਮ ਕਰਨਾ ਹੈ।

ਇਸ ਮੌਕੇ ਸ੍ਰੀ ਰਮਨ ਨਾਇਬ ਤਹਿਸੀਲਦਾਰ ਨੇ ਕਿਹਾ ਕਿ ਲੋਕਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ ਤੇ ਉਨ੍ਹਾਂ ਨੂੰ ਦਫਤਰ ਤੇ ਗੇੜੇ ਨਹੀਂ ਮਾਰਨੇ ਪੈਣਗੇ।

# ਇਤਿਹਾਸਕ ਹੋਵੇਗੀ 24 ਦੀ ਕਿਸਾਨ-ਮਜ਼ਦੂਰ ਰੋਸ ਰੈਲੀ



**ਸਿਰਸਾ (ਸੁਰਿੰਦਰ ਪਾਲ ਸਿੰਘ)** ਹਲਕਾ ਕਾਲਾਂਵਾਲੀ ਦੇ ਵਿਧਾਇਕ ਸ਼ੀਸ਼ਪਾਲ ਕੇਹਰਵਾਲਾ ਨੇ ਕਿਹਾ ਕਿ 24 ਦਸੰਬਰ ਨੂੰ ਸਿਰਸਾ ਵਿਖੇ ਹੋਣ ਵਾਲੀ ਪ੍ਰਸਤਾਵਿਤ ਕਿਸਾਨ-ਮਜ਼ਦੂਰ ਰੋਸ਼ ਰੈਲੀ ਇਤਿਹਾਸਕ ਹੋਵੇਗੀ। ਉਨ੍ਹਾਂ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੀ ਕੁਰਬਾਨੀ ਅਜਾਈਂ ਨਹੀਂ ਜਾਵੇਗੀ ਤੇ ਪੂਰੇ ਦੇਸ਼ ਵਿੱਚ ਬਦਲਾਅ ਦਾ ਮਾਹੌਲ ਹੈ।

ਵਿਧਾਇਕ ਸ਼ੀਸ਼ਪਾਲ ਵੱਲੋਂ ਆਪਣੀ ਜਨ ਸੰਪਰਕ ਮੁਹਿੰਮ ਜਾਰੀ ਰੱਖਦੇ ਹੋਏ ਇਸ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ।

ਵਿਧਾਇਕ ਸ਼ੀਸ਼ਪਾਲ ਕੇਹਰਵਾਲਾ ਨੇ ਆਪਣੇ ਹਲਕੇ ਦੇ ਪਿੰਡ ਹਾਡੀ ਖੇੜਾ, ਵੈਦਵਾਲਾ, ਸਿਕੰਦਰਪੁਰ, ਰਸੂਲਪੁਰ, ਫਰਵਾਹੀ ਕਲਾਂ, ਫਰਵਾਹੀ ਖੁਰਦ, ਨੇਜਾਡੇਲਾ ਕਲਾਂ, ਝੋਪੜਾ, ਮੀਰਪੁਰ, ਅਹਿਮਦਪੁਰ ਅਤੇ ਮੀਰਪੁਰ ਕਲੋਨੀ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੌਜੂਦਾ ਗਠਜੋੜ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਭਾਰੀ ਰੋਸ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਗੱਠਜੋੜ ਸਰਕਾਰ ਦਾ ਬਦਲ ਕਾਂਗਰਸ ਹੈ ਅਤੇ ਇਹੀ ਕਾਰਨ ਹੈ ਕਿ ਲੋਕ ਕਾਂਗਰਸ ਵੱਲ ਵੱਧ ਰਹੇ ਹਨ, ਕਿਉਂਕਿ ਕਾਂਗਰਸ ਹੀ ਇੱਕ ਅਜਿਹੀ ਪਾਰਟੀ ਹੈ, ਜਿਸ ਵਿੱਚ ਸਾਰੇ ਵਰਗਾਂ ਦੇ ਹਿੱਤ ਸੁਰੱਖਿਅਤ ਹਨ।

ਉਨ੍ਹਾਂ ਕਿਹਾ ਕਿ ਪੂਰੇ ਹਰਿਆਣਾ ਵਿੱਚ ਅਪਰਾਧ, ਬੇਰੁਜ਼ਗਾਰੀ ਅਤੇ ਮਹਿੰਗਾਈ ਆਪਣੇ ਸਿਖਰ 'ਤੇ ਹੈ, ਪਰ ਸਰਕਾਰ ਇਨ੍ਹਾਂ ਬੁਨਿਆਦੀ ਮੁੱਦਿਆਂ ਪ੍ਰਤੀ ਪੂਰੀ ਤਰ੍ਹਾਂ ਉਦਾਸੀਨ ਬਣੀ ਹੋਈ ਹੈ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਲਈ ਜ਼ਬਰਦਸਤੀ ਤਿੰਨ ਕਾਲੇ ਕਾਨੂੰਨ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਸੀ, ਜਿਸ ਨੂੰ ਦੇਸ਼ ਦੇ ਕਿਸਾਨਾਂ ਨੇ ਇਕਜੁਟ ਕਰਕੇ ਨਾਕਾਮ ਕਰ ਦਿੱਤਾ ਤੇ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਕਾਂਗਰਸ ਉਨ੍ਹਾਂ ਸ਼ਹਾਦਤਾਂ ਨੂੰ ਭੁੱਲਣ ਨਹੀਂ ਦੇਵੇਗੀ। ਉਨ੍ਹਾਂ ਦੱਸਿਆ ਕਿ ਇਸ ਰੈਲੀ ਵਿੱਚ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ, ਸੰਸਦ ਮੈਂਬਰ ਦਪਿੰਦਰ ਹੁੱਡਾ, ਹਰਿਆਣਾ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਉਦੈ ਭਾਨ ਸਮੇਤ ਕਈ ਵੱਡੇ ਆਗੂ ਆਪਣੇ ਵਿਚਾਰ ਪ੍ਰਗਟ ਕਰਨਗੇ।

ਇਸ ਜਨ ਸੰਪਰਕ ਅਭਿਆਨ ਦੌਰਾਨ ਉਨ੍ਹਾਂ ਨਾਲ ਬਹੁਤ ਸਾਰੇ ਸੀਨੀਅਰ ਕਾਂਗਰਸੀ ਵਰਕਰ ਵੀ ਹਾਜ਼ਰ ਸਨ।

## ਸਟੂਡੈਂਟਸ ਵੈਲਫੇਅਰ ਸੁਸਾਇਟੀ ਨੇ ਬੱਚਿਆਂ ਨੂੰ ਬੂਟ, ਜਰਸੀਆਂ ਤੇ ਜੁਰਾਬਾਂ ਵੰਡੀਆਂ



**ਜਗਰਾਉਂ, (ਸੰਜੀਵ ਅਰੋੜਾ)** ਸਟੂਡੈਂਟ ਵੈਲਫੇਅਰ ਸੁਸਾਇਟੀ ਵੱਲੋਂ ਪ੍ਰਧਾਨ ਪ੍ਰੇਮ ਕੁਮਾਰ ਭੰਡਾਰੀ ਤੇ ਡਾ. ਬੀ.ਬੀ. ਸਿੰਗਲਾ ਦੀ ਅਗਵਾਈ ਹੇਠ ਵੱਖ-ਵੱਖ 10 ਸਕੂਲਾਂ ਦੇ 200 ਵਿਦਿਆਰਥੀਆਂ ਨੂੰ ਸਥਾਨਕ ਬੁੱਕ ਬੈਂਕ ਲਾਇਬ੍ਰੇਰੀ ਵਿੱਚ ਗਰਮ ਜਰਸੀਆਂ, ਬੂਟ, ਜੁਰਾਬਾਂ ਅਤੇ ਟੋਪੀਆਂ ਵੰਡੀਆਂ। ਸਮਾਗਮ ਦੇ ਮੁੱਖ ਮਹਿਮਾਨ ਬੁੱਕ ਬੈਂਕ ਜਗਰਾਉਂ ਦੇ ਪ੍ਰਧਾਨ ਹਿੰਮਤ ਵਰਮਾ ਸਨ, ਜਿਨ੍ਹਾਂ ਨੇ ਆਪਣੀ ਨੇਕ ਕਮਾਈ 'ਚੋਂ ਸੁਸਾਇਟੀ ਨੂੰ 5100 ਰੁਪਏ ਦਿੱਤੇ।

ਇਸ ਮੌਕੇ ਬਾਬਾ ਮੋਹਨ ਸਿੰਘ ਸੱਗੂ, ਰਾਜ ਰਾਣੀ, ਬਿੱਟੂ ਮਲਹੋਤਰਾ, ਮੋਹਨ ਸਿੰਘ (ਸਪੇਨ) ਤੇ ਹੋਰ ਮਹਿਮਾਨਾਂ ਨੇ ਸੁਸਾਇਟੀ ਦੇ ਇਸ ਨੇਕ ਕੰਮ ਵਿੱਚ ਮਾਲੀ ਸਹਾਇਤਾ ਦਿੱਤੀ। ਇਸ ਮੌਕੇ ਰਵਿੰਦਰ ਸਿੰਘ ਵਰਮਾ, ਕੁਲਭੂਸ਼ਣ ਅੱਗਰਵਾਲ, ਡਾਕਟਰ ਰਾਜਿੰਦਰ ਸ਼ਰਮਾ, ਪ੍ਰੇਮ ਭੰਡਾਰੀ ਪ੍ਰਧਾਨ, ਪ੍ਰਦੀਪ ਸ਼ਰਮਾ, ਜਗਦੇਵ ਆਰੀਆ, ਰਾਕੇਸ਼ ਗੁਪਤਾ, ਕੈਪਟਨ ਨਰੇਸ਼ ਵਰਮਾ, ਬਿੱਟੂ ਮਲਹੋਤਰਾ, ਡਾਕਟਰ ਬੀ. ਬੀ. ਸਿੰਗਲਾ, ਸੋਹਣ ਲਾਲ ਛਾਬੜਾ, ਸ਼ਿੰਗਾਰਾ ਸਿੰਘ, ਮੋਹਨ ਸਿੰਘ, ਸਰਬਜੀਤ ਸਿੰਘ ਅਤੇ ਹੋਰ ਸਮਾਜ ਸੇਵੀ ਹਾਜ਼ਰ ਸਨ। ਇਸ ਮੌਕੇ ਮੰਚ ਸੰਚਾਲਣ ਕੈਪਟਨ ਨਰੇਸ਼ ਵਰਮਾ ਨੇ ਬਾਖੂਬੀ ਕੀਤਾ।

# ਫ਼ਿਰੋਜ਼ਪੁਰ ਗਲੋਬਲ ਕਰੀਅਰ ਫੇਅਰ 'ਚ ਭਾਰਤੀ ਤੇ ਵਿਦੇਸ਼ੀ ਯੂਨੀਵਰਸਿਟੀਆਂ ਦੇ ਨੁਮਾਇੰਦੇ ਪਹੁੰਚੇ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਡੀਸੀਐਮ ਗਰੁੱਪ ਆਫ਼ ਸਕੂਲਜ਼ ਵੱਲੋਂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕਰੀਅਰ ਬਾਰੇ ਜਾਗਰੂਕ ਕਰਨ ਦੇ ਉਦੇਸ਼ ਨਾਲ ਦਾਸ ਐਂਡ ਬ੍ਰਾਊਨ ਵਰਲਡ ਸਕੂਲ ਵਿਖੇ ਗਲੋਬਲ ਕਰੀਅਰ ਮੇਲੇ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਦੇਸ਼-ਵਿਦੇਸ਼ ਦੀਆਂ ਡੇਢ ਦਰਜਨ ਤੋਂ ਵੱਧ ਯੂਨੀਵਰਸਿਟੀਆਂ ਦੇ ਡੈਲੀਗੇਟਾਂ ਨੇ ਆ ਕੇ ਵਿਚਾਰ ਪ੍ਰਗਟ ਕੀਤੇ।ਵੱਖ-ਵੱਖ ਯੂਨੀਵਰਸਿਟੀਆਂ ਦੇ ਨੁਮਾਇੰਦਿਆਂ ਨੇ ਬੱਚਿਆਂ ਨੂੰ ਯੂਨੀਵਰਸਿਟੀ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ, ਕੋਰਸਾਂ, ਡਿਗਰੀਆਂ, ਡਿਪਲੋਮੇ ਆਦਿ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਕ ਹੀ ਜਗ੍ਹਾ ਤੇ ਇਕ ਸਮੇਂ 'ਤੇ ਏਨੀਆਂ ਯੂਨੀਵਰਸਿਟੀਆਂ ਦੇ ਡੈਲੀਗੇਟਾਂ ਨੂੰ ਵੱਖ-ਵੱਖ ਸਕੂਲਾਂ ਦੇ ਹਜ਼ਾਰਾਂ ਵਿਦਿਆਰਥੀਆਂ ਨੇ ਬਹੁਤ ਲਾਭ ਉਠਾਇਆ।ਗਲੋਬਲ ਕਰੀਅਰ ਮੇਲੇ ਦਾ ਉਦਘਾਟਨ ਡੀਸੀਐਮ ਗਰੁੱਪ ਆਫ਼ ਸਕੂਲਜ਼ ਦੇ ਸੀਈਓ ਡਾ. ਅਨਿਰੁੱਧ ਗੁਪਤਾ ਨੇ ਕੀਤਾ। ਉਨ੍ਹਾਂ ਨੇ ਜੋਤ ਜਗਾਈ ਤੇ ਗੁਬਾਰੇ ਉਡਾਏ ਅਤੇ ਮੇਲੇ ਲਈ ਸਾਰਿਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਕੈਰੀਅਰ ਮੇਲਾ ਵਿਦਿਆਰਥੀਆਂ ਲਈ ਵਰਦਾਨ ਸਾਬਤ ਹੋਵੇਗਾ।

ਡਾ. ਅਨਿਰੁਧ ਗੁਪਤਾ ਨੇ ਕਿਹਾ ਕਿ ਅਜਿਹੇ ਕੈਰੀਅਰ ਮੇਲੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਬਹੁਤ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਮੇਲਿਆਂ ਰਾਹੀਂ ਵਿਦਿਆਰਥੀਆਂ ਨੂੰ ਇਹ ਜਾਣਕਾਰੀ ਮਿਲਦੀ ਹੈ ਕਿ ਉਹ ਸਕੂਲੀ ਜੀਵਨ ਤੋਂ ਬਾਅਦ ਕਿਹੜੇ-ਕਿਹੜੇ ਕੋਰਸ ਕਰਕੇ ਆਪਣਾ ਕੈਰੀਅਰ ਬਣਾ ਸਕਦੇ ਹਨ ਤੇ ਉਨ੍ਹਾਂ ਦੇ ਸ਼ੰਕਿਆਂ ਦਾ ਨਿਵਾਰਨ ਵੀ ਕੀਤਾ ਜਾਂਦਾ ਹੈ। ਪ੍ਰਿੰਸੀਪਲ ਰਾਜੇਸ਼ ਕੁਮਾਰ ਚੰਦੇਲ ਨੇ ਸਾਰੇ ਮਹਿਮਾਨਾਂ, ਮਾਪਿਆਂ, ਵਿਦਿਆਰਥੀਆਂ ਤੇ ਵੱਖ-ਵੱਖ ਯੂਨੀਵਰਸਿਟੀਆਂ ਤੋਂ ਆਏ ਡੈਲੀਗੇਟਾਂ ਦਾ ਸਵਾਗਤ ਕੀਤਾ ਤੇ ਵਿਦਿਆਰਥੀਆਂ ਨੂੰ ਸਕੂਲ ਵੱਲੋਂ ਦਿੱਤੀ ਜਾਂਦੀ ਵਿਸ਼ਵ ਪੱਧਰੀ ਸਿੱਖਿਆ, ਖੇਡਾਂ ਅਤੇ ਹੋਰ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ।

ਡਿਪਟੀ ਸੀਈਓ ਡਾ. ਗੋਪਨ ਗੋਪਾਲਕ੍ਰਿਸ਼ਨਨ ਨੇ ਦੱਸਿਆ ਕਿ ਗਲੋਬਲ ਕਰੀਅਰ ਮੇਲੇ ਦੇ ਆਯੋਜਨ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਆਪਣੇ ਜ਼ਿਲ੍ਹੇ ਦੀਆਂ ਸਾਰੀਆਂ ਯੂਨੀਵਰਸਿਟੀਆਂ ਤੇ ਵਿਸ਼ਿਆਂ ਬਾਰੇ ਜਾਣਕਾਰੀ ਦੇਣਾ ਹੈ ਤਾਂ ਜੁ ਉਹ ਇਸੇ ਖੇਤਰ ਵਿਚ ਆਪਣਾ ਕਰੀਅਰ ਬਣਾ ਕੇ ਆਪਣਾ ਭਵਿੱਖ ਉਜਵਲ ਬਣਾ ਸਕਣ।ਫ਼ਿਰੋਜ਼ਪੁਰ ਗਲੋਬਲ ਕਰੀਅਰ ਮੇਲੇ ਵਿੱਚ ਦੇਸ਼-ਵਿਦੇਸ਼ ਦੀਆਂ ਕੁੱਲ 18 ਯੂਨੀਵਰਸਿਟੀਆਂ ਦੇ ਡੈਲੀਗੇਟ ਪਹੁੰਚੇ।ਇਨ੍ਹਾਂ ਯੂਨੀਵਰਸਿਟੀਆਂ ਵਿੱਚ ਚਿਤਕਾਰਾ ਯੂਨੀਵਰਸਿਟੀ, ਐਲਪੀਯੂ, ਆਈਸੀਐਫ਼ਏਆਈ ਹਿਮਾਚਲ, ਯੌਸ ਜਰਮਨੀ, ਐਸਆਈਈਸੀ, ਜੀਐਨਏ ਯੂਨੀਵਰਸਿਟੀ, ਸਿਟੀ ਯੂਨੀਵਰਸਿਟੀ, ਆਈਡੀਪੀ, ਕੈਨਨ ਕੰਸਲਟੈਂਟ, ਓਪੀ ਜਿੰਦਲ ਯੂਨੀਵਰਸਿਟੀ, ਬੀਐਮ ਮੁੰਜਾਲ ਯੂਨੀਵਰਸਿਟੀ, ਸ਼ਿਵ ਨਾਦਰ ਯੂਨੀਵਰਸਿਟੀ, ਜੀਡੀ ਗੋਇਨਕਾ ਯੂਨੀਵਰਸਿਟੀ, ਐਮਈਟੀ ਯੂਨੀਵਰਸਿਟੀ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਸ਼ਾਮਲ ਹਨ।ਥੋਪਰ ਇੰਸਟੀਚਿਊਟ ਆਫ ਇੰਜਨੀਅਰਿੰਗ ਐਂਡ ਟੈਕਨਾਲੋਜੀ, ਰਿਸ਼ੀਹੁੱਡ ਯੂਨੀਵਰਸਿਟੀ, ਮਾਨਵ ਰਚਨਾ ਐਜੂਕੇਸ਼ਨਲ ਇੰਸਟੀਚਿਊਟ, ਪਾਰੁਲ ਯੂਨੀਵਰਸਿਟੀ ਨੇ ਭਾਗ ਲਿਆ, ਜਿਸ ਰਾਹੀਂ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਰੁਚੀ ਅਨੁਸਾਰ ਵਿਸ਼ਿਆਂ ਬਾਰੇ ਜਾਣਕਾਰੀ ਦਿੱਤੀ ਗਈ।ਵਿਦਿਆਰਥੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਇਕ ਥਾਂ 'ਤੇ ਇੰਨੀਆਂ ਯੂਨੀਵਰਸਿਟੀਆਂ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਨ ਅਤੇ ਆਪਣੇ ਕਰੀਅਰ ਦੀ ਤਰੱਕੀ ਬਾਰੇ ਜਾਣਕਾਰੀ ਹਾਸਲ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਉਨ੍ਹਾਂ ਨੂੰ ਵੱਖ-ਵੱਖ ਯੂਨੀਵਰਸਿਟੀਆਂ ਵਿੱਚ ਜਾ ਕੇ ਉੱਥੇ ਦਿੱਤੇ ਕੋਰਸਾਂ ਤੇ ਡਿਗਰੀਆਂ ਬਾਰੇ ਜਾਣਕਾਰੀ ਹਾਸਲ ਕਰਨੀ ਪੈਂਦੀ ਸੀ।ਉਨ੍ਹਾਂ ਵੱਖ-ਵੱਖ ਨਵੇਂ ਸ਼ੁਰੂ ਕੀਤੇ ਕੋਰਸਾਂ ਬਾਰੇ ਵੀ ਜਾਣਕਾਰੀ ਹਾਸਲ ਕੀਤੀ, ਜਿਨ੍ਹਾਂ ਦੀ ਭਵਿੱਖ ਵਿੱਚ ਮੰਗ ਰਹੇਗੀ।

## ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਨੇ ਸਤਿਸੰਗ ਪ੍ਰੋਗਰਾਮ ਕਰਾਇਆ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਆਸ਼ਰਮ ਵਿੱਚ ਹਫ਼ਤਾਵਾਰੀ ਸਤਿਸੰਗ ਪ੍ਰੋਗਰਾਮ ਕਰਾਇਆ ਗਿਆ, ਜਿਸ ਵਿੱਚ ਆਸ਼ੂਤੋਸ਼ ਮਹਾਰਾਜ ਦੀ ਸ਼ੀਸ਼ਿਆਂ ਸਾਧਵੀ ਸੰਦੀਪ ਭਾਰਤੀ ਨੇ ਪ੍ਰਵਚਨਾਂ ਰਾਹੀਂ ਦੱਸਿਆ ਕਿ 'ਜਗਤ ਮਜ਼ਦੂਰੀ ਦੇਤ ਹੈ ਤਾਂ ਕਿਉ ਰਾਖੇ ਭਗਵਾਨ।' ਸਾਧਵੀ ਨੇ ਕਿਹਾ ਕਿ ਸੰਸਾਰ ਦਾ ਸਿਧਾਂਤ ਹੈ ਕੰਮ ਦੇ ਬਦਲੇ ਤਨਖਾਹ।ਇਹ ਨਿਯਮ ਸਤਿਗੁਰੂ ਦੇ ਸਾਮਰਾਜ ਵਿੱਚ ਵੀ ਲਾਗੂ ਹੁੰਦਾ ਹੈ।ਜਦੋਂ ਕੋਈ ਸਾਧਕ ਭਗਤੀ ਕਰਦਾ ਹੈ ਤਾਂ ਗੁਰੂ ਉਸ ਨੂੰ ਉਸ ਦੀ ਮਿਹਨਤ ਵੀ ਦਿੰਦਾ ਹੈ, ਪਰ ਸੁਆਰਥ ਅਤੇ ਪਰਉਪਕਾਰ ਵਿੱਚ ਫ਼ਰਕ ਹੈ।ਦੁਨੀਆ ਦੇ ਮਾਲਕ ਹਮੇਸ਼ਾ ਵੱਧ ਤੋਂ ਵੱਧ ਕੰਮ ਲੈਣ ਦੀ ਕੋਸ਼ਿਸ਼ ਕਰਦੇ ਹਨ ਤੇ ਘੱਟ ਤੋਂ ਘੱਟ ਮਿਹਨਤ ਦਿੰਦੇ ਹਨ, ਪਰ ਗੁਰੂ ਦੇ ਅਲੌਕਿਕ ਦਰਬਾਰ ਵਿੱਚ ਅਜਿਹਾ ਨਹੀਂ ਹੁੰਦਾ।ਬਿਲਕੁਲ ਇਸ ਦੇ ਉਲਟ ਹੈ।ਇੱਥੇ ਸੁਆਰਥ ਦਾ ਇੱਕ ਅੰਸ਼ ਵੀ ਨਹੀਂ ਹੈ, ਕੇਵਲ ਪਰਉਪਕਾਰ ਜਾਂ ਦਿਆਲਤਾ ਏਨੀ ਜ਼ਿਆਦਾ ਹੈ ਕਿ ਇੱਕ ਚੁਟਕੀ ਯਤਨ ਦੇ ਬਦਲੇ ਵਿੱਚ ਸਤਿਗੁਰੂ ਆਪਣੀ ਸਾਰੀ ਬਖਸ਼ਿਸ਼ ਬਖਸ਼ ਦਿੰਦੇ ਹਨ।

ਅੰਤ ਵਿੱਚ ਭੈਣਾਂ ਨੇ ਭਜਨ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

## ਵਿਧਾਨ ਸਭਾ ਦੇ ਸਪੀਕਰ ਦੇ ਅਚਾਨਕ ਰੁਕੇ ਕਾਫ਼ਲੇ ਨੂੰ ਦੇਖ ਹੈਰਾਨ ਹੋਏ ਵਿਦਿਆਰਥੀ-ਵਿਦਿਆਰਥਣਾਂ



**ਕੋਟਕਪੂਰਾ (ਸ਼ਾਮ ਲਾਲ ਚਾਵਲਾ)** ਦੋ ਪਿੰਡਾਂ ਰੱਤੀਰੋੜੀ-ਡੱਗੋਰੋਮਾਣਾ ਦੇ ਸਾਂਝੇ ਬਣੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਛੁੱਟੀ ਮੌਕੇ ਘਰ ਜਾ ਰਹੇ ਵਿਦਿਆਰਥੀ-ਵਿਦਿਆਰਥਣਾਂ ਉਸ ਵੇਲੇ ਹੈਰਾਨ ਰਹਿ ਗਏ, ਜਦੋਂ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਦਾ ਕਾਫਲਾ ਰੁਕਿਆ ਤੇ ਸਪੀਕਰ ਸੰਧਵਾਂ ਨੇ ਬੱਚਿਆਂ ਨਾਲ ਪੜ੍ਹਾਈ ਸਬੰਧੀ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਬੱਚਿਆਂ ਨੂੰ ਪਹਿਲਾਂ ਸਕੂਲ ਦੇ ਅਧਿਆਪਕਾਂ ਦੀ ਕਾਰਗੁਜ਼ਾਰੀ ਤੇ ਵਾਤਾਵਰਣ ਬਾਰੇ ਪੁੱਛਿਆ ਤੇ ਫਿਰ ਸਵਾਲ ਕੀਤਾ ਕਿ ਤੁਹਾਡੇ ਵਿੱਚੋਂ ਮਾਪਿਆਂ ਅਤੇ ਅਧਿਆਪਕਾਂ ਦਾ ਸਤਿਕਾਰ ਕਿਹੜੇ-ਕਿਹੜੇ ਵਿਦਿਆਰਥੀ-ਵਿਦਿਆਰਥਣਾਂ ਕਰਦੇ ਹਨ? ਬੱਚੇ ਇਸ ਗੱਲੋਂ ਹੈਰਾਨ ਸਨ ਕਿ ਇਸ ਤੋਂ ਪਹਿਲਾਂ ਵੱਖ ਵੱਖ ਪਾਰਟੀਆਂ ਦੀਆਂ ਬਣੀਆਂ ਸਰਕਾਰਾਂ ਮੌਕੇ ਮਾਮੂਲੀ ਵਿਧਾਇਕ ਜਾਂ ਹਲਕਾ ਇੰਚਾਰਜ ਵੀ ਕਦੀ ਇਸ ਤਰਾਂ ਰੁਕ ਕੇ ਬੱਚਿਆਂ ਨਾਲ ਗੱਲਬਾਤ ਨਹੀਂ ਸੀ ਕਰਦਾ, ਪਰ ਐਨੀ ਉੱਚੀ ਵਿਧਾਨ ਸਭਾ ਦੇ ਸਪੀਕਰ ਵਾਲੀ ਪਦਵੀ 'ਤੇ ਬਿਰਾਜਮਾਨ ਹੋਣ ਦੇ ਬਾਵਜੂਦ ਸਪੀਕਰ ਸੰਧਵਾਂ ਨੇ ਖੁਦ ਗੱਡੀ ਵਿੱਚੋਂ ਉੱਤਰ ਕੇ ਉਨ੍ਹਾਂ ਨਾਲ ਗੱਲਬਾਤ ਕਰਨ ਉਪਰੰਤ ਵਿਧਾਨ ਸਭਾ ਵਿਖੇ ਚੰਡੀਗੜ੍ਹ ਆਉਣ ਦਾ ਸੱਦਾ ਦਿੱਤਾ।

## ਵਿਧਾਇਕ ਦੀਆਂ ਕੋਸ਼ਿਸ਼ਾਂ ਨੂੰ ਪਿਆ ਬੂਰ, ਆਰ ਟੀ ਓ ਦੀ ਹੋਈ ਤਾਇਨਾਤੀ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਆਪਣੇ ਹਲਕੇ ਦੀਆਂ ਸਮੱਸਿਆਵਾਂ ਦੇ ਹੱਲ ਲਈ ਤਤਪਰ ਰਹਿਣ ਵਾਲੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਦੀਆਂ ਆਰਟੀਓ (ਰੀਜ਼ਨਲ ਟਰਾਂਸਪੋਰਟ ਅਫ਼ਸਰ) ਦਫ਼ਤਰ ਖੋਲ੍ਹਣ ਦੀਆਂ ਕੋਸਿਸਾਂ ਨੂੰ ਬੂਰ ਪਿਆ ਹੈ। ਉਨ੍ਹਾਂ ਨੇ ਇਹ ਮੁੱਦਾ ਪਿਛਲੇ ਵਿਧਾਨ ਸਭਾ ਸੈਸ਼ਨ ਵਿਚ ਵੀ ਸਵਾਲ ਦੇ ਰੂਪ ਵਿਚ ਉਠਾਇਆ ਸੀ, ਜਿਸ ਤੋਂ ਬਾਅਦ ਪੰਜਾਬ ਸਰਕਾਰ ਦੇ ਟਰਾਂਸਪੋਰਟ ਮੰਤਰੀ ਸ੍ਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਕਾਰਵਾਈ ਕਰਦਿਆਂ ਆਰਟੀਓ ਦੀ ਤਾਇਨਾਤੀ ਕਰ ਦਿੱਤੀ ਗਈ ਹੈ। ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਦੱਸਿਆ ਕਿ ਆਰਟੀਓ ਪੱਧਰ ਦੇ ਟਰਾਂਸਪੋਰਟ ਵਿਭਾਗ ਨਾਲ ਸਬੰਧਤ ਕੰਮਾਂ ਲਈ ਪਹਿਲਾਂ ਲੋਕਾਂ ਨੂੰ ਫ਼ਿਰੋਜ਼ਪੁਰ ਜਾਣਾ ਪੈਂਦਾ ਸੀ, ਜਿਸ ਨਾਲ ਲੋਕਾਂ ਨੂੰ ਆਉਣ ਜਾਣ ਵਿਚ ਬਹੁਤ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਲੋਕਾਂ ਦੀ ਖੱਜਲ ਖੁਆਰੀ ਹੁੰਦੀ ਸੀ। ਪਰ ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਉਨ੍ਹਾਂ ਦੀ ਮੰਗ ਮੰਨਦਿਆਂ ਫ਼ਾਜ਼ਿਲਕਾ ਵਿਖੇ ਹੀ ਆਰਟੀਓ ਦੀ ਤਾਇਨਾਤੀ ਦਾ ਹੁਕਮ ਜਾਰੀ ਕਰ ਦਿੱਤਾ ਹੈ।

## ਮਾਈਨਿੰਗ ਇੰਸਪੈਕਟਰ ਦੀ ਕੁੱਟਮਾਰ ਕਰਕੇ ਡਿਊਟੀ 'ਚ ਵਿਘਨ ਪਾਉਣ ਦੇ ਦੋਸ਼ 'ਚ 3 ਖਿਲਾਫ਼ ਪਰਚਾ ਦਰਜ

**ਜਲਾਲਾਬਾਦ, (ਜੀਤ ਕੁਮਾਰ)** ਥਾਣਾ ਸਿਟੀ ਦੀ ਪੁਲਸ ਵੱਲੋਂ ਨਜਾਇਜ਼ ਮਾਈਨਿੰਗ ਕਰਨ ਵਾਲੇ ਵਿਅਕਤੀਆਂ ਦੇ ਖਿਲਾਫ ਸਰਕਾਰੀ ਕ੍ਰਮਚਾਰੀ ਦੀ ਡਿਊਟੀ ਵਿਚ ਵਿਗਣ ਪਾਉਣ, ਅਗਵਾ ਕਰਕੇ ਕੁੱਟਮਾਰ ਕਰਨ ਦੇ ਦੋਸ਼ ਵਿੱਚ ਪਰਚਾ ਦਰਜ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਕੈਲਾਸ਼ ਢਾਕਾ ਪੁੱਤਰ ਰਮੇਸ਼ਵਰ ਢਾਕਾ ਵਾਸੀ ਪੱਨੀ ਵਾਲਾ ਸਿਰਸਾ (ਹਰਿਆਣਾ) ਨੇ ਪੁਲਸ ਕੋਲ ਬਿਆਨ ਦਰਜ ਕਰਾਏ ਗਏ ਹਨ ਕਿ ਉਹ ਬਤੌਰ ਜੇਈ-ਕਮ-ਇੰਸਪੈਕਟਰ ਮਾਈਨਿੰਗ ਸਬ ਡਵੀਜਨ ਜਲਾਲਾਬਾਦ ਵਿਖੇ ਲੱਗਾ ਹੋਇਆ ਹੈ ਤੇ ਬੀਤੇ ਦਿਨ ਬੱਬੂ ਵਗੈਰਾ ਵੱਲੋਂ ਸਰਕਾਰੀ ਕ੍ਰਮਚਾਰੀ ਦੀ ਡਿਊਟੀ ਵਿਚ ਵਿਘਨ ਪਾਇਆ ਗਿਆ ਹੈ ਅਤੇ ਉਸਨੂੰ (ਮੁਦੱਈ) ਅਗਵਾਹ ਕਰਕੇ ਲਿਜਾ ਕੇ ਕੁੱਟਮਾਰ ਕੀਤੀ ਗਈ ਹੈ ਅਤੇ ਨਾਜਾਇਜ ਮਾਈਨਿੰਗ ਕਰਕੇ ਟ੍ਰੈਕਟਰ ਸਵਰਾਜ ਅਤੇ ਟ੍ਰਾਲੀ ਰੇਤ ਨਾਲ ਭਰੀ ਹੋਈ ਨੂੰ ਛੁਪਾਇਆ ਗਿਆ ਹੈ।

ਜਿਸ 'ਤੇ ਥਾਣਾ ਸਿਟੀ ਦੀ ਪੁਲਸ ਵੱਲੋਂ ਮੁਦੱਈ ਕੈਲਾਸ਼ ਢਾਕਾ ਦੇ ਬਿਆਨਾਂ ਦੇ ਅਧਾਰ ਤੇ ਬੱਬੂ ਵਾਸੀ ਚੱਕ ਰੋਮਵਾਲਾ, ਗੁਰਮੇਜ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਛੋਟਾ ਫਲੀਆਵਾਲਾ ਅਤੇ ਅਣਪਛਾਤੇ ਵਿਅਕਤੀ ਦੇ ਖਿਲਾਫ ਧਾਰਾ 365,342,186,353,332,148,379 ਆਈਪੀਸੀ ਅਤੇ 21 ਮਾਇਨਿੰਗ ਐਂਡ ਮਿਨਰਲਜ ਐਕਟ ਦੇ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਪੁਲਸ ਵੱਲੋਂ ਛਾਪੇਮਾਰੀ ਕਰਕੇ ਨਾਮਜਦ ਵਿਅਕਤੀ ਬੱਬੂ ਅਤੇ ਗੁਰਮੇਜ ਸਿੰਘ ਗ੍ਰਿਫ਼ਤਾਰ ਕਰਨ ਉਪਰੰਤ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## 1971 ਭਾਰਤ-ਪਾਕਿ ਯੁੱਧ 'ਚ ਦੇਸ਼ ਦੀ ਫ਼ਤਹਿ ਦੀ ਯਾਦ 'ਚ 16 ਨੂੰ ਹੋਵੇਗੀ ਵਿਜੈ ਦਿਵਸ ਪਰੇਡ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-1971 ਦੇ ਭਾਰਤ ਪਾਕਿ ਯੁੱਧ ਵਿਚ ਦੇਸ਼ ਦੀ ਫ਼ਤਹਿ ਦੀ ਯਾਦ ਵਿਚ 16 ਦਸੰਬਰ ਨੂੰ ਵਿਜੈ ਦਿਵਸ ਪਰੇਡ ਹੋਵੇਗੀ ਅਤੇ 17 ਦਸੰਬਰ ਨੂੰ ਸ਼ਹੀਦਾਂ ਦੀ ਸਮਾਧ ਆਸਫਵਾਲਾ ਵਿਖੇ ਵਤਨ ਦੀਆਂ ਸਰਹੱਦਾਂ ਦੀ ਰਾਖੀ ਕਰਦਿਆਂ ਆਪਾ ਕੁਰਬਾਨ ਕਰਨ ਵਾਲੇ ਮਹਾਨ ਸ਼ਹੀਦਾਂ ਨੂੰ ਸਿਜਦਾ ਕਰਨ ਹਿੱਤ ਸਮਾਗਮ ਹੋਵੇਗਾ। ਇਹ ਜਾਣਕਾਰੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਦਿੰਦਿਆਂ ਦੱਸਿਆ ਕਿ ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਸ਼ਹੀਦਾਂ ਦੀ ਸਮਾਧੀ ਕਮੇਟੀ ਵੱਲੋਂ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਹਨ। ਇਨ੍ਹਾਂ ਸਮਾਗਮਾਂ ਵਿਚ ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਤੇ ਫੌਜ ਦੇ ਸੀਨੀਅਰ ਅਧਿਕਾਰੀ ਵੀ ਸ਼ਿਰਕਤ ਕਰਨਗੇ। 1971 ਦੀ ਭਾਰਤ ਪਾਕਿ ਜੰਗ ਵਿੱਚ ਫ਼ਾਜ਼ਿਲਕਾ ਸੈਕਟਰ ਵਿੱਚ ਭਿਆਨਕ ਯੁੱਧ ਹੋਇਆ ਸੀ ਅਤੇ ਭਾਰਤੀ ਫੌਜ ਦੇ ਵੀਰ ਜਵਾਨਾਂ ਨੇ ਆਪਣੀਆਂ ਸ਼ਹਾਦਤਾਂ ਦੇ ਕੇ ਨਾ ਕੇਵਲ ਮੁਲਕ ਦੀਆਂ ਹੱਦਾਂ ਦੀ ਰਾਖੀ ਕੀਤੀ, ਸਗੋਂ ਦੁਸ਼ਮਣ ਨੂੰ ਫ਼ਾਜ਼ਿਲਕਾ ਸ਼ਹਿਰ ਵੱਲ ਵਧਣ ਤੋਂ ਵੀ ਰੋਕਿਆ ਅਤੇ ਇਸ ਜੰਗ ਵਿਚ ਫ਼ਤਹਿ ਹਾਸਲ ਕੀਤੀ। ਇਸੇ ਕਰਕੇ ਇਨ੍ਹਾਂ ਫੌਜੀ ਸ਼ਹੀਦਾਂ ਨੂੰ ਫ਼ਾਜ਼ਿਲਕਾ ਦੇ ਰਾਖੇ ਦਾ ਖਿਤਾਬ ਵੀ ਦਿੱਤਾ ਜਾਂਦਾ ਹੈ। ਇਸ ਜੰਗ ਵਿਚ ਇਸ ਸੈਕਟਰ ਵਿੱਚ 228 ਭਾਰਤੀ ਜਵਾਨ ਸ਼ਹੀਦ ਹੋਏ ਸਨ ਅਤੇ ਉਨ੍ਹਾਂ ਦਾ ਆਸਫ਼ਵਾਲਾ ਵਿਖੇ ਬਣੀ ਜੰਗੀ ਯਾਦਗਾਰ ਵਾਲੀ ਥਾਂ ਸਿਵਲ ਸੁਸਾਇਟੀ ਵੱਲੋਂ ਅੰਤਮ ਸਸਕਾਰ ਕੀਤਾ ਗਿਆ ਸੀ। ਬਾਅਦ ਵਿੱਚ ਸ਼ਹਿਰ ਦੇ ਲੋਕਾਂ ਨੇ ਸ਼ਹੀਦਾਂ ਦੀ ਸਮਾਧੀ ਕਮੇਟੀ ਦਾ ਗਠਨ ਕਰਕੇ ਸਾਲਾਨਾ ਸਮਾਗਮ ਕਰਨਾ ਸੁਰੂ ਕੀਤਾ।

ਸ਼ਹੀਦਾਂ ਦੀ ਸਮਾਧੀ ਕਮੇਟੀ ਦੇ ਪ੍ਰਧਾਨ ਸ੍ਰੀ ਸੰਦੀਪ ਗਿਲਹੋਤਰਾ ਤੇ ਜਨਰਲ ਸਕੱਤਰ ਸ੍ਰੀ ਪ੍ਰਫੁੱਲ ਚੰਦਰ ਨਾਗਪਾਲ ਨੇ ਦੱਸਿਆ ਕਿ ਇਨ੍ਹਾਂ ਸ਼ਹੀਦਾਂ ਨੂੰ ਨਮਨ ਕਰਨ ਲਈ ਹਰ ਸਾਲ ਸਮਾਗਮ ਕੀਤਾ ਜਾਂਦਾ ਹੈ। ਇਸ ਵਾਰ ਵੀ 16 ਦਸੰਬਰ ਨੂੰ ਫ਼ਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਦਫ਼ਤਰ ਤੋਂ ਘੰਟਾ ਘਰ ਚੌਕ ਤੱਕ ਵਿਜੈ ਦਿਵਸ ਪਰੇਡ ਕੱਢੀ ਜਾਵੇਗੀ, ਜਿਸ ਵਿੱਚ ਸ਼ਹੀਦ ਪਰਿਵਾਰਾਂ ਦੇ ਮੈਂਬਰ, ਫੌਜ ਦੇ ਅਧਿਕਾਰੀ ਅਤੇ ਸ਼ਹਿਰ ਵਾਸੀ ਦੇਸ ਭਗਤੀ ਦੇ ਜਜ਼ਬੇ ਨਾਲ ਭਾਗ ਲੈਣਗੇ।

ਜ਼ਿਕਰਯੋਗ ਹੈ ਕਿ 16 ਦਸੰਬਰ 1971 ਨੂੰ ਉਕਤ ਜੰਗ ਵਿੱਚ ਭਾਰਤ ਦੀ ਵਿਜੈ ਦਾ ਐਲਾਨ ਹੋਇਆ ਸੀ। ਇਸੇ ਤਰ੍ਹਾਂ 17 ਦਸੰਬਰ ਨੂੰ ਸ਼ਹੀਦਾਂ ਦੀ ਸਮਾਧੀ ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸਮਾਗਮ ਹੋਵੇਗਾ, ਜਿਸ ਵਿੱਚ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਸ਼ਿਰਕਤ ਕਰਨਗੇ।

## ਚੋਣ ਨਤੀਜਿਆਂ ਨੇ ਦਿੱਲੀ ਦੰਗੇ ਕਰਾਉਣ ਵਾਲੀਆਂ ਪਾਰਟੀਆਂ ਨੂੰ ਸਬਕ ਸਿਖਾਇਆ : ਹਨੀ ਫੱਤਣਵਾਲਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** 4 ਰਾਜਾਂ ਦੇ ਚੋਣ ਨਤੀਜਿਆਂ ਨੇ ਦਿੱਲੀ ਦੰਗੇ ਕਰਵਾਉਣ ਤੇ ਬੇਅਦਬੀ ਕਰਨ ਵਾਲੀਆਂ ਪਾਰਟੀਆਂ ਨੂੰ ਸਬਕ ਸਿਖਾਇਆ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਆਪਣੇ ਗ੍ਰਹਿ ਵਿਖੇ ਕੀਤਾ। ਉਨ੍ਹਾਂ ਕਿਹਾ ਕਿ 1984 ਦਾ ਦਿੱਲੀ ਤੇ ਹੋਰ ਸਟੇਟਾਂ ਵਿੱਚ ਸਿੱਖ ਕਤਲੇਆਮ ਤੇ ਗੁਰੂ ਘਰਾਂ ਵਿੱਚ ਫੌਜ ਵਾੜੀ ਤੇ ਦਰਬਾਰ ਸਾਹਿਬ ਤੇ ਹਮਲਾ ਕਰਕੇ ਢਾਅ ਢੇਰੀ ਕੀਤਾ, ਉਸ ਕਾਂਗਰਸ ਪਾਰਟੀ ਨੂੰ ਗੁਰੂ ਨੇ ਸਬਕ ਸਿਖਾਇਆ ਹੈ। ਉਨ੍ਹਾਂ ਕਿਹਾ ਕਿ ਜਿਸ ਕਮਲਨਾਥ ਨੇ ਦਿੱਲੀ ਵਿੱਚ ਛੋਟੇ-ਛੋਟੇ ਬੱਚੇ ਕਤਲ ਕਰਾਏ, ਔਰਤਾਂ ਦੀਆਂ ਇੱਜ਼ਤਾਂ ਲੁੱਟੀਆਂ ਗਈਆਂ, ਉਸਦੀ ਮੱਧ ਪ੍ਰਦੇਸ਼ ਵਿੱਚ ਹਾਰ ਹੋਈ ਹੈ। ਹਨੀ ਫੱਤਣਵਾਲਾ ਨੇ ਕਿਹਾ ਕਿ 'ਆਪ' ਸਰਕਾਰ ਦਾ ਵੀ ਨਾਮੋਨਿਸ਼ਾਨ ਹੁਣ ਦੇਸ਼ ਦੇ ਨਕਸ਼ੇ ਤੋਂ ਮਿਟ ਜਾਵੇਗਾ।

## ਸੜਕ ਦਾ ਮੰਦਾ ਹਾਲ, ਲੋਕ ਪ੍ਰੇਸ਼ਾਨ

**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਮਾਜ ਸੇਵੀ ਸੰਦੀਪ ਸਿੰਘ ਭੱਲਮਾਜਰਾ ਨੇ ਸ਼ਹੀਦੀ ਜੋੜ ਮੇਲੇ ਦੇ ਮੱਦੇਨਜ਼ਰ ਦੱਸਿਆ ਕਿ ਪਿੰਡ ਤਰਖਾਣ ਮਾਜਰਾ ਤੋਂ ਲੈ ਕੇ ਪਿੰਡ ਮਲਕੋ ਮਾਜਰਾ ਤੇ ਇਸ ਤੋਂ ਅੱਗੇ ਸੌਂਢੇ ਪਿੰਡ ਨੂੰ ਜਾਂਦੇ ਹੋਏ ਤੇ ਫਿਰ ਪਿੰਡ ਜੱਲਾ ਤੇ ਇਸ ਤੋਂ ਅੱਗੇ ਪਿੰਡ ਭਮਾਰਸੀ ਤੱਕ ਸੜਕ ਦਾ ਬਹੁਤ ਮਾੜਾ ਹਾਲ ਹੈ। ਸੜਕ ਥਾਂ-ਥਾਂ ਤੋਂ ਟੁੱਟੀ ਹੋਈ ਹੈ ਤੇ ਸੜਕ ਵਿੱਚ ਵੱਡੇ-ਵੱਡੇ ਟੋਏ ਪਏ ਹਨ, ਪਰ ਅਫ਼ਸੋਸ ਅੱਜ ਤੱਕ ਇਸ ਸੜਕ ਦੀ ਮੁਰੰਮਤ ਵੀ ਨਹੀਂ ਹੋ ਸਕੀ, ਸੋਸ਼ਲ ਮੀਡੀਆ 'ਤੇ ਵਿਕਾਸ ਦੇ ਝੂਠੇ ਦਾਅਵੇ ਕਰਨ ਵਾਲਿਆਂ ਨੂੰ ਇਹ ਟੁੱਟੀਆਂ ਹੋਈਆਂ ਸੜਕਾਂ ਦਿਖਾਈ ਕਿਉਂ ਨਹੀਂ ਦਿੰਦੀਆਂ। ਬੀ ਡੀ ਓ ਦਫ਼ਤਰ ਸਰਹਿੰਦ ਮੰਡੀ ਤੋਂ ਲੈ ਕੇ ਪੁਰਾਣੀ ਸਰਹਿੰਦ ਸ਼ਹਿਰ ਨੂੰ ਜਾਂਦੀ ਸੜਕ ਦਾ ਵੀ ਬਹੁਤ ਜ਼ਿਆਦਾ ਮਾੜਾ ਹਾਲ ਹੈ। ਸੜਕ ਥਾਂ-ਥਾਂ ਤੋਂ ਟੁੱਟੀ ਹੋਈ ਹੈ ਤੇ ਸੜਕ ਵਿੱਚ ਵੱਡੇ-ਵੱਡੇ ਟੋਏ ਪਏ ਹੋਏ ਹਨ, ਪਰ ਅਫਸੋਸ ਦੀ ਗੱਲ ਕਿ ਇਥੋਂ ਦੇ ਆਕਾ ਤੇ ਜ਼ਿਲ੍ਹਾ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ, ਜਿਸਦੇ ਕੰਨਾਂ ਤੱਕ ਜੂੰਅ ਨੀ ਸਰਕਦੀ।

## ਵਿਵੇਕ ਆਸ਼ਰਮ ਜਲਾਲ 'ਚ ਬਰਸੀ ਸਮਾਗਮ 7 ਨੂੰ



**ਭਗਤਾ ਭਾਈ ਕਾ (ਰਾਜੀਵ ਗੋਇਲ)**-ਇਤਿਹਾਸਕ ਪਿੰਡ ਜਲਾਲ ਵਿਖੇ ਸ੍ਰੀਮਾਨ ਸੰਤ ਬਾਬਾ ਕਰਨੈਲ ਦਾਸ ਜਲਾਲ ਵਾਲਿਆ ਦੀ ਸਲਾਨਾ 13 ਵੀਂ ਬਰਸੀ ਸਵਾਮੀ ਬ੍ਰਹਮ ਮੁਨੀ ਜੀ ਜਲਾਲ ਦੀ ਰਹਿਨੁਮਾਈ, ਬਾਬਾ ਗੰਗਾ ਰਾਮ ਅਚਾਰੀਆ ਦੇ ਜਤਨਾਂ ਅਤੇ ਸਮੂਹ ਸੰਤ ਮਹਾਂਪੁਰਸ਼ਾਂ, ਸੰਗਤਾਂ ਦੇ ਸਹਿਯੋਗ ਨਾਲ ਵਿਵੇਕ ਆਸ਼ਰਮ ਜਲਾਲ (ਬਠਿੰਡਾ) ਵਿਖੇ ਮਨਾਈ ਜਾ ਰਹੀ ਹੈ। ਡੇਰੇ ਦੇ ਮੁੱਖ ਪ੍ਰਬੰਧਕ ਬਾਬਾ ਗੰਗਾ ਰਾਮ ਨੇ ਦੱਸਿਆ ਕਿ ਸੰਤ ਬਾਬਾ ਕਰਨੈਲ ਦਾਸ ਦੀ ਸਲਾਨਾ ਬਰਸੀ 7 ਦਸੰਬਰ ਨੂੰ ਮਨਾਈ ਜਾ ਰਹੀ ਹੈ। ਇਸ ਮੌਕੇ ਡੇਰੇ ਦੇ ਮੁੱਖ ਪ੍ਰਬੰਧਕ ਬਾਬਾ ਗੰਗਾ ਰਾਮ ਆਚਾਰੀਆ ਨੇ ਸੰਤ ਬਾਬਾ ਕਰਨੈਲ ਦਾਸ ਦੇ ਜੀਵਨ ਬਾਰੇ ਵੀ ਭਰਪੂਰ ਜਾਣਕਾਰੀ ਦਿੱਤੀ ਅਤੇ ਸੰਗਤਾਂ ਨੂੰ ਇਸ ਸਮਾਗਮ ਵਿੱਚ ਪਹੁੰਚਣ ਦੀ ਬੇਨਤੀ ਵੀ ਕੀਤੀ। ਇਸ ਮੌਕੇ ਸਤੀਸ਼ ਕੁਮਾਰ ਕਲਿਆਣ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਅਕਾਲ ਅਕੈਡਮੀ ਮਧੀਰ ਦੇ ਵਿਦਿਆਰਥੀਆਂ ਨੇ ਕੱਢੀ ਜਾਗਰੂਕਤਾ ਰੈਲੀ




**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)** ਕਲਗੀਧਰ ਟਰੱਸਟ ਬੜੂ ਸਾਹਿਬ ਅਧੀਨ ਚੱਲ ਰਹੇ ਵਿੱਦਿਅਕ ਅਦਾਰੇ ਅਕਾਲ ਅਕੈਡਮੀ ਮਧੀਰ ਵਿਖੇ ਪ੍ਰਿੰਸੀਪਲ ਸੁਖਵੀਰ ਕੌਰ ਦੀ ਅਗਵਾਈ ਵਿਚ ਸਮੂਹ ਸਟਾਫ਼ ਤੇ ਵਿਦਿਆਰਥੀਆਂ ਵੱਲੋਂ ਨਸ਼ਿਆਂ ਦੇ ਖਿਲਾਫ ਅਤੇ ਵਾਤਾਵਰਣ ਨੂੰ ਸਾਫ ਰੱਖਣ ਲਈ ਪਿੰਡ ਮਧੀਰ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਲਈ ਜਾਗਰੂਕਤਾ ਰੈਲੀ ਕੱਢੀ ਗਈ। ਇਸ ਰੈਲੀ ਨੂੰ ਅਕੈਡਮੀ ਵਿੱਚੋਂ ਪ੍ਰਿੰਸੀਪਲ ਸੁਖਵੀਰ ਕੌਰ ਨੇ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਵਿਦਿਆਰਥੀਆਂ ਨੇ ਹੱਥਾਂ ਵਿੱਚ ਨਸ਼ਿਆਂ ਖਿਲਾਫ ਅਤੇ ਵਾਤਾ ਵਰਣ ਨੂੰ ਸਾਫ ਰੱਖਣ ਲਈ ਮਾਟੋ ਅਤੇ ਪੋਸਟਰ ਫੜ ਕੇ ਲੋਕਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਪ੍ਰਿੰਸੀਪਲ ਸੁਖਵੀਰ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦਿਨ ਬ ਦਿਨ ਗੰਧਲ ਰਹੇ ਵਾਤਾਵਰਣ ਨੂੰ ਸਾਫ ਰੱਖਣ ਲਈ ਆਪਣਾ ਮੁੱਢਲਾ ਫ਼ਰਜ਼ ਸਮਝ ਕੇ ਹਰ ਇੱਕ ਇਨਸਾਨ ਨੂੰ ਬਣਦਾ ਯੋਗਦਾਨ ਪਾਉਣ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਪਰਾਲੀ ਸਾੜਨ ਨਾਲ, ਫੈਕਟਰੀਆਂ ਦੇ ਹਾਨੀਕਾਰਕ ਧੂੰਏਂ ਨਾਲ, ਆਵਾਜਾਈ ਦੇ ਸਾਧਨਾਂ ਦੇ ਧੂੰਏਂ ਨਾਲ ਹੋ ਰਹੇ ਦੂਸ਼ਤ ਵਾਤਾਵਰਣ ਮਨੁੱਖੀ ਜੀਵਨ ਅਤੇ ਪਸ਼ੂ ਪੰਛੀਆਂ ਲਈ ਕਿੰਨਾ ਘਾਤਕ ਸਿੱਧ ਹੋ ਰਿਹਾ ਹੈ। ਇਸ ਮੌਕੇ ਰਮਨੀਤ ਕੌਰ, ਅਮਨਦੀਪ ਕੌਰ ਰੁਪਿੰਦਰ ਕੌਰ ਨਵਦੀਪ ਸਿੰਘ ਅਤੇ ਅਨਮੋਲ ਆਦਿ ਹਾਜ਼ਰ ਸਨ।

## ਭਗਵੰਤ ਮਾਨ ਸਰਕਾਰ ਆਮ ਲੋਕਾਂ ਦੀ ਸਰਕਾਰ : ਗੋਲਡੀ ਮੁਸਾਫ਼ਿਰ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ, ਜੋ ਹਰ ਕੰਮ ਆਮ ਲੋਕਾਂ ਦੀ ਬਿਹਤਰੀ ਲਈ ਕਰ ਰਹੀ ਹੈ। ਇਹ ਗੱਲ ਬੱਲੂਆਣਾ ਦੇ ਵਿਧਾਇਕ ਸ੍ਰੀ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਨੇ ਪਿੰਡ ਢੀਂਗਾਂ ਵਾਲੀ ਵਿਚ ਜਨ ਸੁਣਵਾਈ ਦੌਰਾਨ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਆਖੀ। ਵਿਧਾਇਕ ਸ੍ਰੀ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਇਸ ਪਿੰਡ ਵਿਚ ਵਿਕਾਸ ਕਾਰਜਾਂ ਦੀ ਸੁਰੂਆਤ ਕਰਾਉਣ ਅਤੇ ਪਿੰਡ ਦੇ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਲਈ ਪੁੱਜੇ ਸਨ। ਇਸ ਮੌਕੇ ਵਿਧਾਇਕ ਸ੍ਰੀ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਨੇ ਪਿੰਡ ਵਿੱਚ 32 ਲੱਖ 46 ਹਜ਼ਾਰ ਦੇ ਵਿਕਾਸ ਕਾਰਜ ਪਿੰਡ ਵਾਸੀਆਂ ਨੂੰ ਸਮਰਪਤ ਕੀਤੇ। ਵਿਧਾਇਕ ਨੇ ਇਸ ਮੌਕੇ ਆਖਿਆ ਕਿ ਸੂਬਾ ਸਰਕਾਰ ਵੱਲੋਂ ਲੋਕਾਂ ਨੂੰ ਹਰ ਪ੍ਰਕਾਰ ਦੀ ਸਹੂਲਤ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਸਕੀਮ ਤਹਿਤ ਸਰਕਾਰ ਵੱਲੋਂ 5 ਲੱਖ ਰੁਪਏ ਤੱਕ ਦਾ ਸਿਹਤ ਬੀਮਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਨੇ ਅਪੀਲ ਕੀਤੀ ਕਿ ਜਿਨ੍ਹਾਂ ਦੇ ਇਹ ਕਾਰਡ ਹਾਲੇ ਨਹੀਂ ਬਣੇ ਹਨ, ਉਹ ਇਹ ਕਾਰਡ ਜ਼ਰੂਰ ਬਣਾਉਣ ਤਾਂ ਜੁ ਕਿਸੇ ਵੀ ਸਿਹਤ ਸਮੱਸਿਆ ਸਮੇਂ 5 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਪਰਵਾਰ ਨੂੰ ਮਿਲ ਸਕੇ। ਵਿਧਾਇਕ ਨੇ ਆਖਿਆ ਕਿ ਬੱਲੂਆਣਾ ਪੇਂਡੂ ਹਲਕਾ ਹੈ ਅਤੇ ਪਿਛਲੀਆਂ ਸਰਕਾਰ ਨੇ ਇਸ ਹਲਕੇ ਦੇ ਵਿਕਾਸ ਵੱਲ ਕੋਈ ਧਿਆਨ ਨਹੀਂ ਦਿੱਤਾ ਹੈ, ਜਦ ਕਿ ਹੁਣ ਸੂਬਾ ਸਰਕਾਰ ਵੱਲੋਂ ਖੁਲਦਿਲੀ ਨਾਲ ਹਲਕੇ ਦੇ ਵਿਕਾਸ ਲਈ ਗ੍ਰਾਂਟਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਹਰੇਕ ਪਿੰਡ ਵਿਚ ਲੱਖਾਂ ਰੁਪਏ ਦੇ ਵਿਕਾਸ ਕਾਰਜ ਚੱਲ ਰਹੇ ਹਨ।

## ਚੋਰੀ ਦੇ ਮੋਟਰਸਾਈਕਲ ਸਣੇ 2 ਕਾਬੂ

**ਜਲਾਲਾਬਾਦ, (ਜੀਤ ਕੁਮਾਰ)** ਥਾਣਾ ਵੈਰੋਕੇ ਦੀ ਪੁਲਸ ਵੱਲੋਂ ਚੋਰੀ ਦਾ ਇਕ ਮੋਟਰ ਸਾਇਕਲ ਸਣੇ 2 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਸਹਾਇਕ ਥਾਣੇਦਾਰ ਸਤਪਾਲ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਬੱਸ ਅੱਡਾ ਵੈਰੋਕੇ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਰਿੰਕੂ ਕੁਮਾਰ ਅਤੇ ਹਰੀ ਚੰਦ ਉਰਫ ਬੰਟੀ ਪੁੱਤਰ ਐਸ਼ੀ ਲਾਲ ਸ਼ਰਮਾ ਵਾਸੀਆਨ ਪੰਡਤਾ ਵਾਲੇ ਝੁੱਗੇ ਉਰਫ ਚੱਕ ਕਬਰ ਵਾਲਾ ਮੋਟਰ ਸਾਇਕਲ ਚੋਰੀ ਕਰਨ ਦੇ ਆਦੀ ਹਨ ਅਤੇ ਅੱਜ ਵੀ ਚੋਰੀ ਕੀਤੇ ਮੋਟਰ ਸਾਇਕਲ ਵੇਚਣ ਦੀ ਤਾਕ ਵਿਚ ਹਨ ਅਤੇ ਜੇਕਰ ਚੱਕ ਕਬਰ ਵਾਲਾ ਚੌਕ ਤੇ ਨਾਕਾਬੰਦੀ ਕੀਤੀ ਜਾਵੇ ਤਾਂ ਰੰਗੇ ਹੱਥੀ ਕਾਬੂ ਆ ਸਕਦੇ ਹਨ, ਜਿਸ ਤੇ ਪੁਲਸ ਪਾਰਟੀ ਨੇ ਨਾਕਾਬੰਦੀ ਕਰਕੇ ਰਿੰਕੂ ਕੁਮਾਰ ਅਤੇ ਹਰੀ ਚੰਦ ਉਰਫ ਬੰਟੀ ਨੂੰ ਚੋਰੀ ਦਾ ਮੋਟਰ ਸਾਇਕਲ ਸਣੇ ਕਾਬੂ ਕਰਕੇ ਇਨ੍ਹਾਂ ਵਿਅਕਤੀਆਂ ਦੇ ਖਿਲਾਫ ਧਾਰਾ 379, 411 ਅਤੇ 413 ਆਈਪੀਸੀ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

## ਭੂਪੇਸ਼ ਸ਼ਰਮਾ ਨੇ ਖ਼ਜ਼ਾਨਾ ਅਫ਼ਸਰ ਵਜੋਂ ਅਹੁਦਾ ਸੰਭਾਲਿਆ



**ਧੂਰੀ (ਸੁਖਦੇਵ ਧੂਰੀ)** ਮਨਿਸਟ੍ਰੀਅਲ ਸਟਾਫ ਯੂਨੀਅਨ ਦੇ ਪ੍ਰਧਾਨ ਪਰਮਪ੍ਰੀਤ ਸਿੰਘ ਅਤੇ ਸਕੱਤਰ ਨਿਰਭੈ ਸਿੰਘ, ਗੁਰਪ੍ਰੀਤ ਸਿੰਘ ਘਨੌਰੀ ਨੇ ਭੂਪੇਸ਼ ਸ਼ਰਮਾ ਬਰਨਾਲਾ ਦੇ ਖਜ਼ਾਨਾ ਅਫ਼ਸਰ ਵਜੋਂ ਪਦ ਭਾਰ ਸੰਭਾਲਣ 'ਤੇ ਉਨ੍ਹਾਂ ਨੂੰ ਮੁਬਾਰਕਬਾਦ ਦਿੰਦਿਆਂ ਸਵਾਗਤ ਕੀਤਾ ਅਤੇ ਜੀ ਆਇਆਂ ਨੂੰ ਆਖਿਆ। ਇਸ ਮੌਕੇ ਖਜ਼ਾਨਾ ਅਫ਼ਸਰ ਨੂੰ ਪੂਰਨ ਸਹਿਯੋਗ ਦੇਣ ਦਾ ਭਰੋਸਾ ਵੀ ਦਿਵਾਇਆ। ਇਸ ਮੌਕੇ ਸੁਖਵਿੰਦਰ ਸਿੰਘ ਜੂਨੀਅਰ ਸਹਾਇਕ ਖਜ਼ਾਨਾ ਧੂਰੀ, ਰਾਕੇਸ਼ ਕੌਰ ਇਸਤਰੀ ਵਿੰਗ ਪ੍ਰਧਾਨ, ਦਲਜੀਤ ਕੌਰ ਮੂਲੋਵਾਲ, ਪਰਿਆਸ ਗੁਪਤਾ ਧੂਰੀ ਪਿੰਡ, ਰਾਜੇਸ਼ ਕੁਮਾਰ ਜਹਾਂਗੀਰ ਕਹੇਰੂ, ਸੰਦੀਪ ਕੁਮਾਰ ਜਹਾਂਗੀਰ ਤੇ ਹੋਰ ਮੈਂਬਰ ਹਾਜ਼ਰ ਸਨ। ਨਵੇਂ ਆਏ ਖਜ਼ਾਨਾ ਅਫ਼ਸਰ ਭੂਪੇਸ਼ ਸ਼ਰਮਾ ਨੇ ਭਰੋਸਾ ਦਿੱਤਾ ਕਿ ਕਿਸੇ ਨਾਲ ਕੋਈ ਵੀ ਭੇਦਭਾਵ ਨਹੀਂ ਕੀਤਾ ਜਾਵੇਗਾ। ਸਾਰਿਆਂ ਦੇ ਕੰਮ ਇਮਾਨਦਾਰੀ ਤੇ ਲਗਨ ਨਾਲ ਕੀਤੇ ਜਾਣਗੇ।

## ਮਨੋਜ ਕੁਮਾਰ ਇੰਨੋਵੇਟਿਵ ਟੀਚਿੰਗ ਬੈਸਟ ਟੀਚਰ ਨੈਸ਼ਨਲ ਐਵਾਰਡ ਨਾਲ ਸਨਮਾਨਤ



**ਬਾਘਾ ਪੁਰਾਣਾ, (ਮਨੀ ਸਿੰਗਲਾ)** ਚੰਡੀਗੜ੍ਹ ਯੂਨੀਵਰਸਿਟੀ ਵਿਖੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਂਡ ਐਸੋਸੀਏਸ਼ਨ ਵੱਲੋਂ ਪ੍ਰਧਾਨ ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਫੈਪ ਨੈਸ਼ਨਲ ਐਵਾਰਡ 2023 ਦਾ ਆਰੰਭ ਹੋਇਆ, ਜਿਸ ਲਈ ਪੂਰੇ ਦੇਸ਼ ਦੇ ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਨੇ ਅਰਜ਼ੀ ਦਿੱਤੀ ਤੇ ਬੈਸਟ ਟੀਚਰ ਲਈ ਆਪਣਾ ਦਾਅਵਾ ਪੇਸ਼ ਕੀਤਾ, ਜਿਸ ਵਿੱਚੋਂ ਸਿਰਫ਼ 300 ਅਧਿਆਪਕ ਨੂੰ ਹੀ ਬੈਸਟ ਇੰਨਵੇਟਿਵ ਬੈਸਟ ਟੀਚਰ ਨੈਸ਼ਨਲ ਐਵਾਰਡ 2023 ਲਈ ਸਨਮਾਨਤ ਕੀਤਾ ਗਿਆ।

ਇਸ ਐਵਾਰਡ ਲਈ ਮੋਗਾ ਜ਼ਿਲ੍ਹੇ ਦੇ 10 ਅਧਿਆਪਕਾਂ ਨੂੰ ਹੀ ਚੁਣਿਆ ਗਿਆ, ਜਿਨ੍ਹਾਂ ਵਿੱਚੋਂ ਬਾਘਾ ਪੁਰਾਣਾ ਇਲਾਕੇ ਦੀ ਇਕੋ ਇਕ ਉੱਭਰਦੀ ਹੋਈ ਸੰਸਥਾ ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰ: ਮਨੋਜ ਕੁਮਾਰ ਨੂੰ ਫੈਪ ਐਵਾਰਡ 2023 ਦੇ ਤਾਜ ਨਾਲ ਸਨਮਾਨਤ ਕੀਤਾ ਗਿਆ, ਜੋ ਬਾਘਾਪੁਰਾਣਾ ਇਲਾਕੇ ਲਈ ਬਹੁਤ ਹੀ ਮਾਣ ਦੀ ਵੱਲ ਹੈ। ਇਹ ਐਵਾਰਡ ਮਨੋਜ ਕੁਮਾਰ ਨੂੰ ਲੈਫਟੀਨੈਂਟ ਜਨਰਲ ਕੰਵਲਜੀਤ ਸਿੰਘ ਢਿੱਲੋਂ, ਡਾ. ਰਾਜ ਕੁਮਾਰ, ਰੰਜਨ ਸਿੰਘ, ਮਾਣਯੋਗ ਮਨਿਸਟਰ ਆਫ਼ ਸਟੇਟ ਐਜੂਕੇਸ਼ਨ ਤੇ ਫੈਪ ਦੇ ਪ੍ਰਧਾਨ ਜਗਜੀਤ ਸਿੰਘ ਧੂਰੀ ਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਦੇ ਹੱਥੋਂ ਪ੍ਰਾਪਤ ਹੋਇਆ।

ਲਾਰੈਂਸ ਸਕੂਲ ਦੇ ਚੇਅਰਮੈਨ ਤਰਸੇਮ ਲਾਲ ਗਰਗ ਤੇ ਪ੍ਰਿੰਸੀਪਲ ਮੈਡਮ ਜੀਨਮ ਗਰਗ ਅਤੇ ਮਨੋਜ ਕੁਮਾਰ ਨੇ ਇਸ ਐਵਾਰਡ ਦੀ ਪ੍ਰਾਪਤੀ 'ਤੇ ਫੈਪ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਪ੍ਰਣ ਕਰਦੇ ਹਨ ਕਿ ਅੱਗੇ ਤੋਂ ਵੀ ਬੱਚਿਆਂ ਨੂੰ ਵਧੀਆ ਤਰੀਕੇ ਨਾਲ ਪ੍ਰਾਪਤੀ ਮੁਹੱਈਆ ਕਰਾਉਣਗੇ ਤੇ ਇਸੇ ਤਰ੍ਹਾਂ ਇਲਾਕੇ ਦੇ ਬੱਚਿਆਂ ਨੂੰ ਤਰੱਕੀਆਂ ਦੇ ਰਾਹ ਵੱਲ ਲੈ ਕੇ ਜਾਣਗੇ ਤਾਂ ਜੁ ਉਨ੍ਹਾਂ ਦਾ ਭਵਿੱਖ ਉੱਜਵਲ ਹੋਵੇ। ਉਨ੍ਹਾਂ ਨੇ ਕਿਹਾ ਕਿ ਸਕੂਲ ਵਿੱਚ ਸਮੇਂ ਸਿਰ ਪੜ੍ਹਾਈ ਨਾਲ ਸਬੰਧਤ ਗੀਤਵਿਧੀਆਂ ਮੁਕਾਬਲੇ ਕਰਾਏ ਜਾਂਦੇ ਹਨ ਤਾਂ ਜੁ ਬੱਚਿਆਂ ਦੀ ਪੜ੍ਹਾਈ ਵਿਚ ਰੁਚੀ ਬਣੀ ਰਹੇ।

# ਕਿਰਤੀਆਂ ਤੇ ਛੋਟੇ ਉਦਯੋਗਪਤੀਆਂ ਨੂੰ ਅਣਗੌਲਿਆ ਨਹੀਂ ਕੀਤਾ ਜਾਵੇਗਾ : ਸਪੀਕਰ ਸੰਧਵਾਂ



**ਕੋਟਕਪੂਰਾ (ਸ਼ਾਮ ਲਾਲ ਚਾਵਲਾ)** ਕਿਰਤੀਆਂ, ਛੋਟੇ ਵਪਾਰੀਆਂ ਤੇ ਉਦਯੋਗਪਤੀਆਂ ਨੇ ਸੂਬੇ ਦੇ ਅਰਥਚਾਰੇ ਨੂੰ ਗਤੀ ਪ੍ਰਦਾਨ ਕਰਨ ਵਿੱਚ ਅਹਿਮ ਯੋਗਦਾਨ ਪਾਇਆ ਹੈ ਤੇ ਇਨ੍ਹਾਂ ਦੀਆਂ ਮੰਗਾਂ ਅਤੇ ਸਮੱਸਿਆਵਾਂ ਨੂੰ ਕਿਸੇ ਵੀ ਕੀਮਤ ਤੇ ਅਣਗੌਲਿਆ ਨਹੀਂ ਕੀਤਾ ਜਾਵੇਗਾ ।

ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਆਪਣੇ ਗ੍ਰਹਿ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਹੱਲ ਕਰਨ ਉਪਰੰਤ 'ਦਾ ਰਵੀਦਾਸ ਪੰਜਾਬੀ ਜੁੱਤੀ ਮੇਕਰ ਯੂਨੀਅਨ' ਕੋਟਕਪੂਰਾ ਦੇ ਨੁਮਾਇੰਦਿਆਂ ਕੋਲ ਪਹੁੰਚ ਕੇ ਗੱਲਬਾਤ ਕਰਦਿਆਂ ਆਖੀ ।

ਯੂਨੀਅਨ ਦੇ ਪ੍ਰਧਾਨ ਵੇਦ ਪ੍ਰਕਾਸ਼ ਨੇ ਸਪੀਕਰ ਸੰਧਵਾਂ ਨੂੰ ਦੱਸਿਆ ਕਿ ਕੋਟਕਪੂਰਾ ਵਿੱਚ ਜੁੱਤੀ ਬਨਾਉਣ ਦੇ ਕਾਰੋਬਾਰ ਨਾਲ ਸਬੰਧਤ ਰੇਗਰ ਸਮਾਜ ਦੇ ਕੋਈ 500-600 ਘਰ ਹਨ ਤੇ 30-35 ਛੋਟੇ-ਵੱਡੇ ਜੁੱਤੀਆਂ ਦੇ ਯੂਨਿਟ ਹਨ, ਜੋ ਪਿਛਲੇ ਲੰਬੇ ਸਮੇਂ ਤੋਂ ਹਰ ਕਿਸਮ ਦੀ ਜੁੱਤੀ, ਖਾਸਕਰ ਪੰਜਾਬੀ ਜੁੱਤੀ ਬਨਾਉਣ ਲਈ ਮਸ਼ਹੂਰ ਹਨ । ਉਨ੍ਹਾਂ ਦੱਸਿਆ ਕਿ ਕੋਟਕਪੂਰਾ ਵਿਖੇ ਬਨਣ ਵਾਲੀ ਪੰਜਾਬੀ ਜੁੱਤੀ ਦੀ ਸੂਬੇ ਵਿੱਚ ਹੀ ਨਹੀਂ ਬਲਕਿ ਵਿਦੇਸ਼ਾਂ ਵਿੱਚ ਵੀ ਕਾਫੀ ਮੰਗ ਹੈ। ਇਸ ਕਿੱਤੇ ਨਾਲ ਜੁੜੇ ਹੋਏ ਲੋਕ ਦਿਨ ਰਾਤ ਮਿਹਨਤ ਕਰਦੇ ਹਨ ਪਰ ਪਿਛਲੇ ਕੁਝ ਸਮੇਂ ਤੋਂ ਉਨ੍ਹਾਂ ਦੀ ਕਮਾਈ ਦਾ ਇੱਕ ਵੱਡਾ ਹਿੱਸਾ 12 ਪ੍ਰਤੀਸ਼ਤ ਟੈਕਸ ਦੇ ਰੂਪ ਵਿੱਚ ਚਲਾ ਜਾਂਦਾ ਹੈ, ਜਦਕਿ ਹੋਲਸੇਲ (ਥੋਕ) ਵਿੱਚ ਉਨ੍ਹਾਂ ਦਾ ਮਾਰਜਿਨ (ਆਮਦਨ) 15 ਤੋਂ 20 ਪ੍ਰਤੀਸ਼ਤ ਹੈ । ਉਨ੍ਹਾਂ ਦੱਸਿਆ ਕਿ ਪਹਿਲਾਂ ਇਹ ਟੈਕਸ 5 ਪ੍ਰਤੀਸ਼ਤ ਸੀ, ਪਰ ਮੋਦੀ ਸਰਕਾਰ ਨੇ ਵਧਾ ਕੇ 12 ਪ੍ਰਤੀਸ਼ਤ ਕਰ ਦਿੱਤਾ। ਉਨ੍ਹਾਂ ਸਪੀਕਰ ਸੰਧਵਾਂ ਨੂੰ ਬੇਨਤੀ ਕੀਤੀ ਕਿ ਇਸ ਸਬੰਧੀ ਸਰਕਾਰ ਤੋਂ ਕੁਝ ਰਿਆਇਤ ਦਿਵਾਉਣ ਵਿੱਚ ਉਨ੍ਹਾਂ ਦੀ ਮਦਦ ਕੀਤੀ ਜਾਵੇ ।

ਰੇਗਰ ਸਮਾਜ ਦੇ ਪ੍ਰਧਾਨ ਹਰਪਾਲ ਕੁਮਾਰ ਨੇ ਦੱਸਿਆ ਕਿ ਟੈਕਸ ਤੋਂ ਇਲਾਵਾ ਇਨ੍ਹਾਂ ਯੂਨਿਟਾਂ ਦੇ ਹਰ ਮਾਲਕ ਤੋਂ ਕਰਿੰਦੇ, ਕੰਮ 'ਤੇ ਲੱਗਣ ਵੇਲੇ, ਪੇਸ਼ਗੀ ਵਜੋਂ ਇੱਕ ਤੋਂ ਡੇਢ ਲੱਖ ਰੁਪਏ ਅਤੇ ਕਈ ਵਾਰ ਵੱਧ ਵੀ ਲੈ ਜਾਂਦੇ ਹਨ, ਜਿਸ ਦੀ ਜ਼ਿਆਦਾਤਰ ਪੱਕੀ ਲਿਖਤ ਨਹੀਂ ਕੀਤੀ ਜਾਂਦੀ। ਕੱਚੀ ਲਿਖਤ ਦਾ ਫ਼ਾਇਦਾ ਚੁੱਕ ਕੇ ਕਰਿੰਦੇ ਕੰਮ ਛੱਡਣ ਵੇਲੇ ਇਹ ਪੈਸਾ ਮੋੜ ਕੇ ਨਹੀਂ ਜਾਂਦੇ, ਜਿਸ ਨਾਲ ਮਾਲਕਾਂ ਦਾ ਕਾਫੀ ਨੁਕਸਾਨ ਹੋ ਰਿਹਾ ਹੈ।

## ਭਾਜਪਾ ਦੀ ਪ੍ਰਚੰਡ ਬਹੁਮਤ 'ਤੇ ਖੁਸ਼ੀ 'ਚ ਲੱਡੂ ਵੰਡੇ



**ਜਗਰਾਉਂ, (ਸੰਜੀਵ ਅਰੋੜਾ)** ਭਾਜਪਾ ਦੀ ਪ੍ਰਚੰਡ ਬਹੁਮਤ ਨਾਲ ਮੱਧ ਪ੍ਰਦੇਸ਼, ਰਾਜਸਥਾਨ ਤੇ ਛੱਤੀਸਗੜ੍ਹ ਵਿਖੇ ਹੋਈ ਜਿੱਤ ਦੀ ਖੁਸ਼ੀ 'ਚ ਜਗਰਾਉਂ ਭਾਜਪਾ ਨੇ ਲੱਡੂ ਵੰਡੇ। ਇਸ ਮੌਕੇ ਪੰਜਾਬ ਪ੍ਰਦੇਸ਼ ਭਾਜਪਾ ਦੇ ਸੀਨੀਅਰ ਆਗੂ ਡਾ. ਰਾਜਿੰਦਰ ਸ਼ਰਮਾ ਅਤੇ ਮੰਡਲ ਪ੍ਰਧਾਨ ਟੋਨੀ ਵਰਮਾ ਨੇ ਕਿਹਾ ਕਿ ਇਨ੍ਹਾਂ ਚੋਣਾਂ 'ਚ ਜਿੱਥੇ ਲੋਕਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਾਫ਼ ਸੁਥਰੀ ਵਿਸ਼ਵ ਪ੍ਰਸਿੱਧ ਅਤੇ ਹਰ ਵੇਲੇ ਦੇਸ਼ ਸੇਵਾ ਲਈ ਗਰਾਉਂਡ ਲੈਵਲ 'ਤੇ ਕੰਮ ਕਰਨ ਵਾਲੀ ਛਵੀ ਨੂੰ ਪਸੰਦ ਕੀਤਾ, ਉੱਥੇ ਹੀ ਰਾਜਸਥਾਨ ਅਤੇ ਛੱਤੀਸਗੜ੍ਹ ਦੇ ਵਿੱਚ ਕਾਂਗਰਸ ਪਾਰਟੀ ਨੂੰ ਸਿਰੇ ਤੋਂ ਨਕਾਰਿਆ ਹੈ। ਇਸ ਦੇ ਨਾਲ ਹੀ 'ਆਪ' ਦਾ ਵੋਟ ਸ਼ੇਅਰ 1 ਪ੍ਰਤੀਸ਼ਤ ਤੋਂ ਵੀ ਘੱਟ ਰਿਹਾ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਪੰਜਾਬ ਦਾ ਪੈਸਾ ਖਰਚ ਕੇ ਦੂਜੇ ਰਾਜਿਆਂ ਦੇ ਵਿੱਚ ਪ੍ਰਚਾਰ ਕਰਨ ਲਈ ਪੰਜਾਬ ਦੀ ਜਨਤਾ ਭਗਵੰਤ ਮਾਨ ਅਤੇ ਕੇਜਰੀਵਾਲ ਨੂੰ ਕਦੇ ਵੀ ਮਾਫ਼ ਨਹੀਂ ਕਰੇਗੀ। 2024 ਦੇ ਵਿੱਚ ਆਉਣ ਵਾਲੇ ਲੋਕ ਸਭਾ ਚੋਣਾਂ ਦੇ ਵਿੱਚ ਪੰਜਾਬ ਦੀ ਜਨਤਾ ਵੱਲੋਂ 'ਆਪ' ਨੂੰ ਹਰਾ ਕੇ ਇਸ ਦਾ ਮਕੂਲ ਜਵਾਬ ਦਿੱਤਾ ਜਾਵੇਗਾ। ਇਨ੍ਹਾਂ ਰਾਜਾਂ ਦੇ ਵਿੱਚ ਭਾਜਪਾ ਨੂੰ ਪ੍ਰਚੰਡ ਬਹੁਮਤ ਮਿਲਣ ਤੋਂ ਬਾਅਦ 2024 ਵਿੱਚ ਲਗਾਤਾਰ ਤੀਸਰੀ ਵਾਰ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਦੇਸ਼ ਵਾਸੀਆਂ ਨੇ ਪੂਰਾ ਮਨ ਬਣਾ ਲਿਆ ਹੈ। ਇਸ ਮੌਕੇ ਸੁਮਿਤ ਅਰੋੜਾ, ਨਵੀਨ ਜੈਨ, ਕ੍ਰਿਸ਼ਨ ਕੁਮਾਰ, ਸੈਂਟੀ, ਸੁਮਿਤ, ਰਵੀ ਕਪੂਰ, ਮਾਨ ਸਿੰਘ, ਜੋਤੀ ਵਰਮਾ, ਵਿਨੇ ਸ਼ਰਮਾ, ਰਾਜਿੰਦਰ ਸ਼ਰਮਾ, ਕਪਿਲ ਕੁਮਾਰ, ਸਰਬਜੀਤ ਸਿੰਘ, ਸੰਜੀਵ ਕੁਮਾ ਤੇ ਹਨੀ ਆਦਿ ਹਾਜ਼ਰ ਸਨ।

# ਧਾਲੀਵਾਲ ਨੇ ਅਜਨਾਲਾ ਖੰਡ ਮਿੱਲ ਦੇ 34ਵੇਂ ਗੰਨਾ ਪਿੜਾਈ ਸੀਜ਼ਨ ਦੀ ਕੀਤੀ ਸ਼ੁਰੂਆਤ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਅਜਨਾਲਾ ਵਿਖੇ ਭੱਲਾ ਪਿੰਡ ਸ਼ੁਗਰ ਮਿੱਲ ਦੇ 34ਵੇਂ ਪਿੜਾਈ ਸੀਜ਼ਨ 2023-24 ਦੀ ਸ਼ੁਭ ਸ਼ੁਰੂਆਤ ਕੈਬਨਿਟ ਮੰਤਰੀ ਸ: ਕੁਲਦੀਪ ਸਿੰਘ ਧਾਲੀਵਾਲ ਨੇ ਆਪਣੇ ਕਰ ਕਮਲਾਂ ਨਾਲ ਕੀਤੀ। ਇਸ ਸ਼ੁਭ ਮੌਕੇ ਪਹਿਲਾਂ ਮਿਲ ਮੈਨੇਜਮੈਂਟ ਅਤੇ ਸਮੂਹ ਸਟਾਫ ਵਲੋਂ ਪ੍ਰਮਾਤਮਾ ਦਾ ਓਟ ਆਸਰਾ ਲੈਂਦੇ ਹੋਏ ਸ੍ਰੀ ਅਖੰਡ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹਰ ਸਮੇਂ ਕਿਸਾਨਾਂ ਦੇ ਨਾਲ ਖੜੀ ਹੈ ਅਤੇ ਕਿਸਾਨਾਂ ਦੇ ਹਿੱਤ ਵਿੱਚ ਕੰਮ ਕੀਤੇ ਜਾ ਰਹੇ ਹਨ। ਉਨਾਂ ਕਿਹਾ ਕਿ ਹਾਲ ਦੀ ਘੜੀ ਹੀ ਮੁੱਖ ਮੰਤਰੀ ਸ: ਮਾਨ ਨੇ ਗੰਨੇ ਦੇ ਭਾਅ ਵਿੱਚ ਵਾਧਾ ਕੀਤਾ ਹੈ ਜਿਸ ਕਰਕੇ ਕਿਸਾਨ ਭਰਾ ਖੁਸ਼ ਹਨ। ਉਨ੍ਹਾਂ ਕਿਹਾ ਕਿ ਸਾਡਾ ਸੂਬਾ ਦੇਸ਼ ਭਰ ਵਿਚੋਂ ਕਿਸਾਨਾਂ ਨੂੰ ਸਭ ਤੋਂ ਵੱਧ ਗੰਨੇ ਦਾ ਭਾਅ ਦੇਣ ਵਾਲਾ ਸੂਬਾ ਹੈ। ਉਨਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਰਵਾਇਤੀ ਫਸਲਾਂ ਦੇ ਚੱਕਰ ਵਿਚੋਂ ਨਿਕਲ ਕੇ ਸਹਾਇਕ ਧੰਦੇ ਅਪਨਾਉਣ। ਸ: ਧਾਲੀਵਾਲ ਨੇ ਕਿਹਾ ਕਿ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮਾਹਿਰਾਂ ਵਲੋਂ ਗੰਨੇ ਦੀਆਂ ਨਵੀਆਂ ਕਿਸਮਾਂ ਦੇ ਬੀਜ ਉਨਤ ਕੀਤੇ ਜਾ ਰਹੇ ਹਨ ਜੋ ਜਲਦੀ ਹੀ ਕਿਸਾਨ ਭਰਾਵਾਂ ਨੂੰ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਨੇ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਉਹ ਸਬਜੀਆਂ ਅਤੇ ਮੱਕੀ ਦੀ ਫਸਲ ਤੇ ਐਮ.ਐਸ.ਪੀ ਦੇਵੇ ਤਾਂ ਜੋ ਕਿਸਾਨ ਝੋਨੇ ਦੀ ਰਵਾਇਤੀ ਚੱਕਰ ਤੋਂ ਬਾਹਰ ਨਿਕਲ ਸਕਣ। ਸ: ਧਾਲੀਵਾਲ ਨੇ ਕਿਹਾ ਕਿ ਸਰਕਾਰ ਵਲੋਂ ਗੰਨਾ ਮਾਹਿਰਾਂ, ਕਿਸਾਨਾਂ ਅਤੇ ਅਧਿਕਾਰੀਆਂ ਨਾਲ ਇਕ ਸਬੰਧਤ ਕਮੇਟੀ ਬਣਾ ਦਿੱਤੀ ਹੈ ਜੋ ਗੰਨੇ ਦੀ ਲਾਗਤ ਦੇਖ ਕੇ ਇਸਦਾ ਰੇਟ ਤੈਅ ਕਰੇਗੀ। ਗੰਨਾ ਲਗਾਉਣ ਤੋਂ ਪਹਿਲਾਂ ਹੀ ਕਿਸਾਨਾਂ ਨੂੰ ਗੰਨੇ ਦੀ ਫਸਲ ਦੇ ਰੇਟ ਤੈਅ ਕਰਕੇ ਦੱਸ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ ਵਿਚੱ ਆਪਣੀਆਂ ਫਸਲਾਂ ਦਾ ਪੂਰਾ ਭਾਅ ਮਿਲਿਆ ਹੈ ਅਤੇ ਖੇਤੀ ਲਈ ਨਿਰਵਿਘਨ ਸਪਲਾਈ ਮਿੱਲ ਰਹੀ ਹੈ। ਉਨਾਂ ਕਿਹਾ ਕਿ ਮਾਨ ਸਰਕਾਰ ਵਲੋਂ ਹਰ ਵਰਗ ਦਾ ਖਿਆਲ ਰੱਖਿਆ ਜਾ ਰਿਹਾ ਹੈ। ਇਸ ਮੌਕੇ ਐੱਸਡੀਐਮ ਰਵਿੰਦਰਪਾਲ ਸਿੰਘ, ਜਨਰਲ ਮੈਨੇਜਰ ਰਜਿੰਦਰ ਪ੍ਰਤਾਪ ਸਿੰਘ, ਤਹਿਸੀਲਦਾਰ ਜਗਤਾਰ ਸਿੰਘ, ਬਲਾਕ ਵਿਕਾਸ ਤੇ ਪੰਚਾਇਤ ਅਸਫ਼ਰ ਕੁਲਜੀਤ ਸਿੰਘ ਬਾਜਵਾ, ਖੁਸ਼ਪਾਲ ਸਿੰਘ ਧਾਲੀਵਾਲ, ਗੁਰਜੰਟ ਸਿੰਘ ਸੋਹੀ, ਨਗਰ ਪ੍ਰੀਸ਼ਦ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ, ਹਰਬੀਰ ਸਿੰਘ ਬੱਬਲੂ, ਸਵਿੰਦਰ ਸਿੰਘ, ਸਤਿੰਦਰਬੀਰ ਸਿੰਘ, ਪਲਵਿੰਦਰ ਸਿੰਘ ਗਿੱਲ, ਗੁਰਨਾਮ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਵੀਰ ਹਾਜ਼ਰ ਸਨ।



# ਜ਼ਿਲ੍ਹਾ ਗੁਰਦਾਸਪੁਰ 'ਚ 21 ਹੋਰ ਆਮ ਆਦਮੀ ਕਲੀਨਿਕ ਮਨਜ਼ੂਰ: ਰਮਨ ਬਹਿਲ

ਗੁਰਦਾਸਪੁਰ (ਦਿਨੇਸ਼ ਕੁਮਾਰ)-ਪੰਜਾਬ ਸਰਕਾਰ ਵੱਲੋਂ ਮਿਆਰੀ ਸਿਹਤ ਸੇਵਾਵਾਂ ਦੇਣ ਦੇ ਉਪਰਾਲਿਆਂ ਤਹਿਤ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਲਈ 21 ਹੋਰ ਆਮ ਆਦਮੀ ਕਲੀਨਿਕ ਮਨਜ਼ੂਰ ਕੀਤੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਬਣਨ ਵਾਲੇ 21 ਹੋਰ ਆਮ ਆਦਮੀ ਕਲੀਨਿਕਾਂ ਵਿੱਚ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਤਿੰਨ ਪਿੰਡਾਂ ਤਿੱਬੜ, ਹਯਾਤਨਗਰ ਅਤੇ ਗਹੋਤ ਪੋਖਰ ਵਿਖੇ ਵੀ ਨਵੇਂ ਕਲੀਨਿਕ ਬਣਨਗੇਸ਼ ਉਨ੍ਹਾਂ ਨੇ ਦੱਸਿਆ ਕਿ ਸਰਹੱਦੀ ਜ਼ਿਲੇ ਗੁਰਦਾਸਪੁਰ ਵਿੱਚ ਇਸ ਸਮੇਂ 35 ਆਮ ਆਦਮੀ ਕਲੀਨਿਕ ਚੱਲ ਰਹੇ ਹਨ, ਜਿਨਾਂ ਵਿੱਚੋਂ ਮਿਲ ਰਹੀਆਂ ਸਿਹਤ ਸਹੂਲਤਾਂ ਦਾ ਆਮ ਲੋਕ ਲਾਭ ਉਠਾ ਰਹੇ ਹਨ। ਇਸ ਤੋਂ ਇਲਾਵਾ 6 ਹੋਰ ਨਵੇਂ ਆਮ ਆਦਮੀ ਕਲੀਨਿਕ ਬਣ ਕੇ ਤਿਆਰ ਹਨ ਜਿਨ੍ਹਾਂ ਦਾ ਉਦਘਾਟਨ ਵੀ ਜਲਦੀ ਹੀ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ 21 ਨਵੇਂ ਮਨਜ਼ੂਰ ਕੀਤੇ ਗਏ ਆਮ ਆਦਮੀ ਕਲੀਨਿਕ ਵੀ 15 ਜਨਵਰੀ 2024 ਤੱਕ ਤਿਆਰ ਹੋ ਜਾਣਗੇ। ਚੇਅਰਮੈਨ ਨੇ ਦੱਸਿਆ ਕਿ ਸੂਬੇ ਵਿੱਚ ਕੁੱਲ 664 ਆਮ ਆਦਮੀ ਕਲੀਨਿਕ ਹਨ ਜਿਨ੍ਹਾਂ ਵਿੱਚੋਂ ਸ਼ਹਿਰੀ ਖੇਤਰਾਂ ਵਿੱਚ 236 ਅਤੇ ਗ੍ਰਾਮੀਣ ਖੇਤਰਾਂ ਵਿੱਚ 428 ਕਲੀਨਿਕ ਕਾਰਜਸ਼ੀਲ ਹਨ ਅਤੇ ਇਹ ਸਾਰੇ ਰਜਿਸਟ੍ਰੇਸ਼ਨ, ਡਾਕਟਰੀ ਸਲਾਹ-ਮਸ਼ਵਰੇ, ਜਾਂਚ ਅਤੇ ਇਲਾਜ ਮੁਹੱਈਆ ਕਰਵਾਉਣ ਲਈ ਡਿਜੀਟਾਈਜ਼ੇਸ਼ਨ ਨਾਲ ਆਈ. ਟੀ. ਤੋਂ ਸਮਰੱਥ ਹਨ। ਇਸ ਦੇ ਨਤੀਜੇ ਵਜੋਂ ਮਰੀਜ਼ਾਂ ਨੂੰ ਰਜਿਸਟ੍ਰੇਸ਼ਨ ਤੋਂ ਲੈ ਕੇ ਇਲਾਜ ਲੈਣ ਤੱਕ ਦਾ ਸਮਾਂ ਕਾਫੀ ਘੱਟ ਗਿਆ ਹੈ। ਉਨਾਂ ਦੱਸਿਆ ਕਿ ਇਨਾਂ ਕਲੀਨਿਕਾਂ 'ਤੇ ਹੁਣ ਤੱਕ 70 ਲੱਖ ਤੋਂ ਵੱਧ ਮਰੀਜ਼ ਮੁਫ਼ਤ ਇਲਾਜ ਦਾ ਲਾਭ ਲੈ ਚੁੱਕੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕ ਖੁੱਲਣ ਨਾਲ ਨਾ ਸਿਰਫ ਸਿਹਤ ਸੇਵਾਵਾਂ ਵਿੱਚ ਕ੍ਰਾਂਤੀਕਾਰੀ ਸੁਧਾਰ ਹੋਇਆ ਹੈ ਬਲਕਿ ਇਸ ਨਾਲ ਮੈਡੀਕਲ ਖੇਤਰ ਵਿੱਚ ਬਹੁਤ ਸਾਰੇ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਨੂੰ ਰੁਜ਼ਗਾਰ ਵੀ ਮਿਲਿਆ ਹੈ।

ਉਨਾਂ ਕਿਹਾ ਕਿ ਪੰਜਾਬ ਸਰਕਾਰ ਦੇ ਆਮ ਆਦਮੀ ਕਲੀਨਿਕਾਂ ਦੇ ਮਾਡਲ ਦੀ ਸਫ਼ਲਤਾ ਦੀ ਅੰਤਰਰਾਸ਼ਟਰੀ ਪੱਧਰ ਤੱਕ ਚਰਚਾ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਸੂਬੇ ਦੇ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ।



# ਪੁਲਸ ਪ੍ਰਸ਼ਾਸਨ ਦਾ ਲਗਾਤਾਰ ਅਸਫਲ ਹੋਣਾ ਆਮ ਸ਼ਹਿਰੀ ਲਈ ਮੁਸੀਬਤ ਬਣਦਾ ਜਾ ਰਿਹੈ:ਜੈਂਤੀਪੁਰ

ਬਟਾਲਾ, (ਤਰਲੋਕ ਬੱਗਾ)-ਪੁਲਸ ਪ੍ਰਸ਼ਾਸਨ ਦਾ ਲਗਾਤਾਰ ਅਸਫਲ ਹੋਣਾ ਆਮ ਸ਼ਹਿਰੀ ਲਈ ਮੁਸੀਬਤ ਬਣਦਾ ਜਾ ਰਿਹਾ ਹੈ। ਮੈਂ ਇਹ ਗੱਲ ਦਾਅਵੇ ਨਾਲ ਇਕ ਕਾਂਗਰਸੀ ਹੋਣ ਦੇ ਨਾਤੇ ਨਹੀਂ ਸਗੋਂ ਇਕ ਆਮ ਨਾਗਰਿਕ ਹੋਣ ਦੇ ਕਾਰਨ ਕਹਿ ਰਿਹਾ ਹੈ। ਪੁਲਸ ਪ੍ਰਸ਼ਾਸਨ ਸ਼ਨੀਵਾਰ ਨੂੰ ਮੁੱਖ ਮੰਤਰੀ ਤੇ ਕੇਜਰੀਵਾਲ ਦੀ ਸੁਰੱਖਿਆ ਵਿੱਚ ਤੈਨਾਤ ਰਿਹਾ ਤੇ ਬਟਾਲੇ ਦੀ ਸੁਰੱਖਿਆ ਰੱਬ ਹਵਾਲੇ ਕਰ ਦਿੱਤੀ ਗਈ ਜਿਹੜਾ ਇਕ ਗੰਭੀਰ ਸਵਾਲ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਐਡਵੋਕੇਟ ਤੇ ਕਾਂਗਰਸੀ ਆਗੂ ਅਮਨਦੀਪ ਜੈਂਤੀਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਬਟਾਲੇ ਵਿੱਚ ਜਿੱਥੇ ਪਹਿਲਾ ਹੀ ਆਮ ਕਾਰੋਬਾਰੀ ਗੈਂਗਸਟਰਾਂ ਤੋਂ ਫਿਰੌਤੀ ਲਈ ਮਿਲ ਰਹੀਆਂ ਧਮਕੀਆਂ ਤੋਂ ਪ੍ਰੇਸ਼ਾਨ ਹੈ, ਉਥੇ ਉਦਯੋਗ ਜਗਤ ਨਿੱਤ ਹੋ ਰਹੀਆਂ ਚੋਰੀਆਂ ਤੋਂ ਕੁਰਲਾ ਉੱਠਿਆ ਹੈ। ਜਦੋਂ ਸਥਾਨਕ ਵਿਧਾਇਕ ਦੇ ਨਜ਼ਦੀਕੀ ਰਿਸ਼ਤੇਦਾਰ ਵੀ ਤਿੰਨ ਦਿਨਾਂ ਵਿੱਚ ਦੋ ਦੋ ਚੋਰੀਆਂ ਝੱਲਣ ਲਈ ਮਜਬੂਰ ਹੋ ਜਾਣ ਤਾਂ ਆਮ ਸ਼ਹਿਰੀ ਦੀ ਹਾਲਤ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਪੁਲਸ ਅਫ਼ਸਰਾਂ ਦਾ ਗੈਰ ਜ਼ਿੰਮੇਵਾਰੀ ਭਰਿਆ ਵਤੀਰਾ ਤੇ ਮੁਲਾਜ਼ਮਾਂ ਦੀ ਘੱਟ ਗਿਣਤੀ ਬਟਾਲੇ ਦੇ ਦੁਖਾਂਤ ਲਈ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਅਗਰ ਲੋਕਾਂ ਦੀ ਜਾਨ ਮਾਲ ਹੀ ਰਾਜ ਵਿੱਚ ਸੁਰੱਖਿਅਤ ਨਹੀਂ ਤਾਂ ਇਕ ਚੰਗੀ ਸਰਕਾਰ ਦੀ ਕਲਪਨਾ ਕਿਵੇਂ ਕੀਤੀ ਜਾ ਸਕਦੀ ਹੈ। ਲੋਕਾਂ ਦਾ ਜਾਨ ਮਾਲ ਸੁਰੱਖਿਅਤ ਰੱਖਣਾ ਸਰਕਾਰ ਦਾ ਪਹਿਲਾਂ ਕੰਮ ਹੈ। ਅਗਰ ਇਸ ਸਬੰਧ ਵਿੱਚ ਕੋਈ ਠੋਸ ਕਦਮ ਨਹੀਂ ਚੁੱਕੇ ਜਾਂਦੇ ਤਾਂ ਸਥਾਨਕ ਕਾਂਗਰਸ ਇਸ ਲਈ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜੇਗੀ ਤੇ ਪ੍ਰਸ਼ਾਸਨ ਦਾ ਘਿਰਾਓ ਕਰਨ ਲਈ ਮਜਬੂਰ ਹੋਵੇਗੀ। ਉਮੀਦ ਕਰਦਾ ਹਾਂ ਕਿ ਸਰਕਾਰ ਜ਼ਰੂਰੀ ਕਦਮ ਚੁੱਕ ਕੇ ਲੋਕਾਂ ਦੀ ਮਦਦ ਲਈ ਅੱਗੇ ਆਏਗੀ। ਇਸ ਮੌਕੇ ਅਨਿਲ ਸੇਖੜੀ ਬੱਬੀ, ਅਰਵਿੰਦ ਰਾਣੋ ਕੌਂਸਲਰ, ਹਰਿੰਦਰ ਸਿੰਘ ਕੌਂਸਲਰ, ਸੁਖਦੇਵ ਸਿੰਘ ਕੌਂਸਲਰ, ਕਸਤੂਰੀ ਲਾਲ ਕੌਂਸਲਰ, ਸੁਧੀਰ ਚੰਦਾ ਕੌਂਸਲਰ, ਗੁਲਸ਼ਨ ਮਾਰਬਲ ਵਾਲੇ, ਰਮੇਸ਼ ਬੁਰਾ, ਜਗੀਰ ਖੋਖਰ ਕੌਂਸਲਰ, ਪਰਵੀਨ ਸਾਨਨ, ਸ਼ਿਵ ਸਾਨਨ, ਰਮਨ ਨਈਅਰ ਜਿਲਾ ਪ੍ਰਧਾਨ ਕਾਂਗਰਸ ਸੇਵਾ ਦਲ, ਭੋਲਾਪੁਰੀ, ਵਿਜੇ ਅਬਰੋਲ, ਰਜਨੀਸ਼, ਰਾਜੇਸ਼ ਬਿੱਟੂ, ਜੁਝਾਰ ਸਿੰਘ, ਬੰਟੀ ਪ੍ਰਧਾਨ, ਵਿਸ਼ਨੂੰ, ਜਗਜੋਤ ਸਿੰਘ ਆਦਿ ਹਾਜ਼ਰ ਸਨ।



# ਆਯੂਸ਼ਮਾਨ ਕਾਰਡ ਬਣਵਾਓ, ਇੱਕ ਲੱਖ ਤੱਕ ਨਗਦ ਇਨਾਮ ਪਾਓ: ਏ ਡੀ ਸੀ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਪੰਜਾਬ ਸਰਕਾਰ ਵੱਲੋਂ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਕਾਰਡ ਬਣਵਾਉਣ ਵਾਲੇ ਲਾਭਪਾਤਰੀਆਂ ਲਈ 31 ਦਸੰਬਰ ਤੱਕ ਦਾ ਵਾਧਾ ਕਰ ਦਿੱਤਾ ਗਿਆ ਹੈ ਅਤੇ 31 ਦਸੰਬਰ ਤੱਕ ਕਾਰਡ ਬਣਵਾਉਣ ਵਾਲਿਆਂ ਵਿਚੋਂ 10 ਲੋਕਾਂ ਨੂੰ ਲੱਕੀ ਡਰਾਅ ਜ਼ਰੀਏ ਚੁਣਿਆ ਜਾਵੇਗਾ ਅਤੇ ਨਗਦ ਇਨਾਮ ਦਿੱਤੇ ਜਾਣਗੇ। ਇਸ ਸਬੰਧੀ ਵਧੀਕ ਡਿਪਟੀ ਕਮਿਸ਼ਨਰ ਅਮਨਦੀਪ ਕੌਰ ਨੇ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ ਦੱਸਿਆ ਕਿ ਇਸ ਯੋਜਨਾ ਤਹਿਤ ਪਹਿਲਾ ਇਨਾਮ 1 ਲੱਖ ਰੁਪਏ, ਦੂਜਾ ਇਨਾਮ 50 ਹਜ਼ਾਰ ਰੁਪਏ, ਤੀਜਾ ਇਨਾਮ 25 ਹਜ਼ਾਰ ਰੁਪਏ, ਚੌਥਾ ਇਨਾਮ 10 ਹਜ਼ਾਰ ਰੁਪਏ, ਪੰਜਵਾਂ ਇਨਾਮ 8 ਹਜ਼ਾਰ ਰੁਪਏ ਅਤੇ ਛੇਵੇਂ ਤੋਂ ਦਸਵੇਂ ਇਨਾਮ ਵਿੱਚ 5 ਹਜ਼ਾਰ ਰੁਪਏ ਦੇ ਡਰਾਅ ਕੱਢੇ ਜਾਣਗੇ। ਉਨ੍ਹਾਂ ਦੱਸਿਆ ਇਸ ਯੋਜਨਾ ਤਹਿਤ ਪੰਜਾਬ ਵਿੱਚ ਲਾਭਪਾਤਰੀ ਪਰਿਵਾਰਾਂ ਨੂੰ ਸੂਚੀਬੱਧ ਹਸਪਤਾਲਾਂ ਵਿੱਚ ਸਲਾਨਾ 5 ਲੱਖ ਤੱਕ ਦੇ ਮੁਫ਼ਤ ਇਲਾਜ ਦੀ ਸਹੂਲਤ ਪ੍ਰਦਾਨ ਕੀਤੀ ਜਾਂਦੀ ਹੈ, ਜਿਸ ਦਾ ਲੋੜਵੰਦ ਪਰਿਵਾਰਾਂ ਨੂੰ ਜ਼ਰੂਰ ਲਾਭ ਉਠਾਉਣਾ ਚਾਹੀਦਾ ਹੈ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਪਣੇ ਵਿਭਾਗਾਂ ਨਾਲ ਸਬੰਧਤ ਲੋੜਵੰਦਾਂ ਦੇ ਕਾਰਡ ਜ਼ਰੂਰ ਬਣਾਏ ਜਾਣ। ਉਨ੍ਹਾਂ ਦੱਸਿਆ ਕਿ ਇਸ ਕਾਰਡ 'ਤੇ ਹਰ ਸਾਲ ਪੂਰੇ ਪਰਿਵਾਰ ਲਈ 5 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦੀ ਸਹੂਲਤ ਹੈ ਅਤੇ ਆਯੂਸ਼ਮਾਨ ਕਾਰਡ ਲਾਭਪਾਤਰੀ ਹੁਣ ਖੁਦ ਘਰ ਬੈਠੇ ਆਯੂਸ਼ਮਾਨ ਐਪ ਰਾਹੀਂ ਕਾਰਡ ਬਣਾ ਸਕਦੇ ਹਨ ਜਾਂ ਆਯੂਸ਼ਮਾਨ ਕਾਰਡ ਬਣਾਉਣ ਲਈ ਨਜ਼ਦੀਕੀ ਆਸ਼ਾ ਵਰਕਰ ਜਾਂ ਨੇੜੇ ਦੇ ਸਰਕਾਰੀ ਹਸਪਤਾਲ ਵਿਖੇ ਸੰਪਰਕ ਕਰ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਕਾਰਡ ਧਾਰਕ ਗੋਡੇ ਬਦਲਣ, ਦਿਲ ਦੀ ਸਰਜਰੀ, ਕੈਂਸਰ ਦੇ ਇਲਾਜ ਆਦਿ ਸਮੇਤ ਲੱਗਭੱਗ 1600 ਕਿਸਮ ਦੇ ਇਲਾਜ ਦੀ ਸੁਵਿਧਾ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਲਾਭਪਾਤਰੀ ਪਰਿਵਾਰਾਂ ਵਿੱਚ ਐਨ:ਐਫ:ਐਸ:ਏ, ਰਾਸ਼ਨ ਕਾਰਡ ਧਾਰਕ, ਜੇ ਫਾਰਮ ਧਾਰਕ ਕਿਸਾਨ, ਰਜਿਸਰਡ ਮਜ਼ਦੂਰ, ਰਜਿਸਟਰਡ ਛੋਟੇ ਵਪਾਰੀ, ਮਾਨਤਾ ਪ੍ਰਾਪਤ ਪੀਲੇ ਕਾਰਡ ਧਾਰਕ ਪੱਤਰਕਾਰਾਂ ਤੇ ਸਮਾਜਿਕ, ਆਰਥਿਕ ਜਾਤੀ ਜਨ ਗਣਨਾ ਡਾਟਾ 2011 ਤਹਿਤ ਕਵਰ ਪਰਿਵਾਰ ਸ਼ਾਮਲ ਹਨ। ਇਸ ਮੀਟਿੰਗ ਵਿੱਚ ਡਿਪਟੀ ਮੈਡੀਕਲ ਕਮਿਸ਼ਨਰ ਡਾ: ਗੁਰਮੀਤ ਕੌਰ, ਜਿਲ੍ਹਾ ਮੰਡੀ ਅਫਸਰ ਅਮਨਦੀਪ ਸਿੰਘ, ਡੀ:ਐਮ ਕਾਮਨ ਸਰਵਿਸ ਸੈਂਟਰ, ਸਰਤਾਜ ਸਿੰਘ, ਜ਼ਿਲ੍ਹਾ ਕੁਆਰਡੀਨੇਟਰ ਫਤਿਹਦੀਪ ਸਿੰਘ, ਈ:ਐਫ:ਐਸ:ਓ ਸੰਦੀਪ ਸਿੰਘ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਸਰਕਾਰ ਦਾ ਸ਼ਲਾਘਾਯੋਗ ਫੈਸਲਾ: ਸੇਖਵਾਂ

**ਗੁਰਦਾਸਪੁਰ (ਜਨਕ ਮਹਾਜਨ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ 27 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਸ਼ੁਰੂ ਕਰਕੇ ਸ਼ਲਾਘਾਯੋਗ ਉਪਰਾਲਾ ਕੀਤਾ ਹੈ। ਹੁਣ ਸੂਬਾ ਵਾਸੀਆਂ ਨੂੰ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਜ਼ਰੀਏ ਦੇਸ਼ ਭਰ ਵਿੱਚ ਵੱਖ-ਵੱਖ ਤੀਰਥ ਅਸਥਾਨਾਂ ਦੇ ਦਰਸ਼ਨਾਂ ਲਈ ਜਾਣ ਵਾਸਤੇ ਮੁਫ਼ਤ ਸਫ਼ਰ ਦੀ ਸਹੂਲਤ ਮਿਲੇਗੀ। ਇਹ ਪ੍ਰਗਟਾਵਾ ਕਰਦਿਆਂ ਜ਼ਿਲਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਹਰੇਕ ਵਿਅਕਤੀ ਦੀ ਪਾਵਨ ਅਸਥਾਨ ਸ੍ਰੀ ਹਜ਼ੂਰ ਸਾਹਿਬ (ਨਾਂਦੇੜ), ਸ੍ਰੀ ਪਟਨਾ ਸਾਹਿਬ (ਬਿਹਾਰ), ਵਾਰਾਨਸੀ ਮੰਦਿਰ, ਅਯੁੱਧਿਆ ਅਤੇ ਵਰਿੰਦਾਵਨ ਧਾਮ (ਉੱਤਰ ਪ੍ਰਦੇਸ਼), ਸ੍ਰੀ ਅਜਮੇਰ ਸ਼ਰੀਫ਼ (ਰਾਜਸਥਾਨ) ਤੋਂ ਇਲਾਵਾ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ, ਸਾਲਾਸਰ ਧਾਮ, ਮਾਤਾ ਚਿੰਤਪੁਰਨੀ, ਮਾਤਾ ਵੈਸ਼ਨੂੰ ਦੇਵੀ, ਮਾਤਾ ਜਵਾਲਾ ਜੀ ਵਰਗੇ ਅਸਥਾਨਾਂ ਦੀ ਯਾਤਰਾ ਕਰਨ ਦੀ ਇੱਛਾ ਹੁੰਦੀ ਹੈ। ਸ. ਸੇਖਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਇਨ੍ਹਾਂ ਤੀਰਥ ਅਸਥਾਨਾਂ ਦੀ ਮੁਫ਼ਤ ਯਾਤਰਾ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਯਾਤਰਾ 'ਤੇ ਜਾਣ ਲਈ ਦੋ ਤਰਾਂ ਦੇ ਸਾਧਨ ਹੋਣਗੇ, ਜਿਸ ਵਿੱਚ ਲੰਬੀ ਦੂਰੀ ਦੇ ਧਾਰਮਿਕ ਅਸਥਾਨਾਂ ਲਈ ਯਾਤਰਾ ਦਾ ਸਾਧਨ ਰੇਲ ਗੱਡੀ ਅਤੇ ਘੱਟ ਦੂਰੀ ਲਈ ਯਾਤਰਾ ਦਾ ਸਾਧਨ ਸੜਕ ਰਸਤੇ ਬੱਸਾਂ ਰਾਹੀਂ ਹੋਵੇਗਾ। ਸ. ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ਼ੁਰੂ ਕੀਤੀ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਬਾਰੇ ਸੂਬਾ ਵਾਸੀਆਂ ਵਿਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਉਨਾਂ ਕਿਹਾ ਕਿ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਪੰਜਾਬ ਸਰਕਾਰ ਦਾ ਇਕ ਹੋਰ ਮੀਲ ਪੱਥਰ ਸਾਬਤ ਹੋਵੇਗੀ।

# ਸੁਲਤਾਨਪੁਰ ਲੋਧੀ ਵਿਖੇ ਰੋਸ ਧਰਨੇ ਦੌਰਾਨ ਚੌਥੇ ਦਿਨ ਵੀ ਹੋਇਆ ਭਰਵਾਂ ਪੰਥਕ ਇਕੱਠ

ਸੁਲਤਾਨਪੁਰ ਲੋਧੀ/ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)-ਸੁਲਤਾਨਪੁਰ ਲੋਧੀ ਸਥਿਤ ਗੁਰਦੁਆਰਾ ਸ੍ਰੀ ਅਕਾਲ ਬੁੰਗਾ ਸਾਹਿਬ ਛਾਉਣੀ ਨਿਹੰਗ ਸਿੰਘਾਂ ਵਿਖੇ ਵਾਪਰੀ ਘਟਨਾ ਦੇ ਰੋਸ ਵਜੋਂ ਲਗਾਏ ਗਏ ਧਰਨੇ ਦੌਰਾਨ ਅੱਜ ਚੌਥੇ ਦਿਨ ਵੀ ਭਰਵਾਂ ਪੰਥਕ ਇਕੱਠ ਹੋਇਆ। ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਲਗਾਏ ਗਏ ਇਸ ਰੋਸ ਧਰਨੇ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ ਭੂਰਾਕੋਹਨਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਵਿਰਸਾ ਸਿੰਘ ਵਲਟੋਹਾ ਦੀ ਅਗਵਾਈ ਵਿਚ ਹਲਕਾ ਖੇਮਕਰਨ ਤੇ ਭਿੱਖੀਵਿੰਡ ਤੋਂ ਵੱਡੀ ਗਿਣਤੀ ਵਿਚ ਵਰਕਰਾਂ ਨੇ ਸ਼ਮੂਲੀਅਤ ਕੀਤੀ। ਸ਼ਾਂਤਮਈ ਤਰੀਕੇ ਨਾਲ ਦਿੱਤੇ ਜਾ ਰਹੇ ਇਸ ਰੋਸ ਧਰਨੇ ਦੀ ਆਰੰਭਤਾ ਜਪੁਜੀ ਸਾਹਿਬ ਦੇ ਪਾਠ ਉਪਰੰਤ ਹੋਈ, ਜਿਸ ਮਗਰੋਂ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਵੱਲੋਂ ਗੁਰਦੁਆਰਾ ਸਾਹਿਬ ਅੰਦਰ ਪੁਲਿਸ ਭੇਜ ਕੇ ਕੀਤੀ ਗਈ ਬੇਅਦਬੀ ਦੀ ਤਿੱਖੀ ਆਲੋਚਨਾ ਕੀਤੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ ਭੂਰਾਕੋਹਨਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਦੋ ਧਿਰਾਂ ਦਾ ਝਗੜਾ ਜਿਸ ਨੂੰ ਪ੍ਰਸ਼ਾਸਨ ਵੱਲੋਂ ਗੱਲਬਾਤ ਰਾਹੀਂ ਹੱਲ ਕਰਨਾ ਚਾਹੀਦਾ ਸੀ, ਪਰੰਤੂ ਪੁਲਸ ਨੇ ਗੁਰਦੁਆਰਾ ਸਾਹਿਬ 'ਤੇ ਗੋਲੀਆਂ ਚਲਾ ਕੇ ਅਤੇ ਜੁੱਤੀਆਂ ਸਮੇਤ ਅੰਦਰ ਜਾਣ ਦੀ ਵੱਡੀ ਅਵੱਗਿਆ ਕੀਤੀ ਹੈ। ਇਸ ਸਰਕਾਰੀ ਹਰਕਤ ਨੂੰ ਸਿੱਖ ਕੌਮ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ ਇਸ ਹਰਕਤ ਨੂੰ ਲੈ ਕੇ ਸਿੱਖ ਜਗਤ ਅੰਦਰ ਭਾਰੀ ਰੋਸ ਹੈ। ਉਨ੍ਹਾਂ ਇਹ ਵੀ ਕਿਹਾ ਕਿ ਗੁਰਦੁਆਰਾ ਸ੍ਰੀ ਅਕਾਲ ਬੁੰਗਾ ਸਾਹਿਬ ਵਿਖੇ ਹੋਈ ਬੇਅਦਬੀ ਦਾ ਇਨਸਾਫ਼ ਲੈਣ ਵਾਸਤੇ ਸੰਗਤਾਂ ਪਿਛਲੇ ਦਿਨਾਂ ਤੋਂ ਧਰਨੇ 'ਤੇ ਬੈਠੀਆਂ ਹਨ ਅਤੇ ਮੁੱਖ ਮੰਤਰੀ ਇਸ ਦਾ ਜਵਾਬ ਦੇਣਾ ਹੀ ਪਵੇਗਾ। ਇਸ ਮੌਕੇ ਇੰਜ: ਸਵਰਨ ਸਿੰਘ, ਮੈਨੇਜਰ ਜਰਨੈਲ ਸਿੰਘ, ਅਮਰਜੀਤ ਸਿੰਘ ਪਹੂਵਿੰਡ, ਸਰਪੰਚ ਗੁਰਸੇਵਕ ਸਿੰਘ ਮਾੜੀਮੇਘਾ, ਪਰਮਜੀਤ ਸਿੰਘ ਡੱਲ, ਪਲਵਿੰਦਰ ਸਿੰਘ ਕੰਬੋਕੇ, ਅਮਰਜੀਤ ਸਿੰਘ ਭਿੱਖੀਵਿੰਡ, ਮਨਜੀਤ ਸਿੰਘ ਐਮਸੀ, ਰਾਮ ਧਵਨ, ਹਰਜੀਤ ਸਿੰਘ, ਸੰਦੀਪ ਸਿੰਘ ਪੀਏ, ਬੇਅੰਤ ਸਿੰਘ ਸਮਰਾ, ਗੁਰਦੇਵ ਸਿੰਘ ਪਹੂਵਿੰਡ, ਬਲਵਿੰਦਰ ਸਿੰਘ ਕਲਸੀਆਂ, ਹਰਜੀਤ ਸਿੰਘ ਬੂੜਚੰਦ, ਰਾਜ ਸਿੰਘ ਭੂਰਾਕੋਹਨਾ, ਬਲਕਾਰ ਸਿੰਘ ਭੰਡਾਲ, ਹਰਮੰਦਰ ਸਿੰਘ ਕਲਸ, ਗੁਰਜੰਟ ਸਿੰਘ ਰੱਤੋਕੇ, ਮਨਜਿੰਦਰ ਸਿੰਘ ਮੁਗਲਚੱਕ, ਹਰਪਾਲ ਸਿੰਘ, ਗੁਰਤੇਜ ਸਿੰਘ, ਮਨਜੀਤ ਸਿੰਘ ਤਲਵੰਡੀ, ਸੁਖਦੇਵ ਸਿੰਘ ਤਲਵੰਡੀ, ਪਰਮਜੀਤ ਸਿੰਘ ਖਾਲੜਾ ਆਦਿ ਹਾਜ਼ਰ ਸਨ।



## ਆਯੁਸ਼ਮਾਨ ਕਾਰਡ ਬੰਪਰ ਡਰਾਅ- ਪੰਜਾਬ ਸਰਕਾਰ ਨੇ ਆਖਰੀ ਤਰੀਕ ਵਧਾ ਕੇ 31 ਦਸੰਬਰ ਕੀਤੀ

ਗੁਰਦਾਸਪੁਰ (ਜਨਕ ਮਹਾਜਨ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਅਨੁਸਾਰ ਪੰਜਾਬ ਦੇ ਵੱਧ ਤੋਂ ਵੱਧ ਲੋਕਾਂ ਨੂੰ ਸਿਹਤ ਬੀਮਾ ਅਧੀਨ ਕਵਰ ਕਰਨ ਲਈ ਪੰਜਾਬ ਰਾਜ ਸਿਹਤ ਏਜੰਸੀ ਨੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਯੂਸ਼ਮਾਨ ਕਾਰਡ ਬੰਪਰ ਡਰਾਅ ਨੂੰ 31 ਦਸੰਬਰ ਤੱਕ ਵਧਾਉਣ ਦਾ ਫੈਸਲਾ ਕੀਤਾ ਹੈ। ਜ਼ਿਕਰਯੋਗ ਹੈ ਕਿ 16 ਅਕਤੂਬਰ ਨੂੰ ਵਿਸ਼ੇਸ਼ ਦੀਵਾਲੀ ਬੰਪਰ ਡਰਾਅ ਲਾਂਚ ਕੀਤਾ ਗਿਆ ਸੀ, ਜਿਸ ਤਹਿਤ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਲਈ ਆਪਣੇ ਆਪ ਨੂੰ ਰਜਿਸਟਰ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ 1 ਲੱਖ ਰੁਪਏ ਤੱਕ ਦਾ ਇਨਾਮ ਜਿੱਤਣ ਦਾ ਮੌਕਾ ਮਿਲੇਗਾ। ਇਸ ਤੋਂ ਪਹਿਲਾਂ ਬੰਪਰ ਦੀ ਆਖਰੀ ਤਾਰੀਖ 30 ਨਵੰਬਰ 2023 ਸੀ। ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਲੋਕਾਂ ਦੇ ਭਰਵੇਂ ਹੁੰਗਾਰੇ ਤੋਂ ਬਾਅਦ, ਵਿਭਾਗ ਨੇ ਡਰਾਅ ਨੂੰ 31 ਦਸੰਬਰ, 2023 ਤੱਕ ਵਧਾਉਣ ਦਾ ਫੈਸਲਾ ਕੀਤਾ ਹੈ ਤਾਂ ਜੋ ਵੱਧ ਤੋਂ ਵੱਧ ਲਾਭਪਾਤਰੀ ਇਸ ਸਕੀਮ ਦਾ ਲਾਭ ਲੈ ਸਕਣ। ਦਸਣਯੋਗ ਹੈ ਕਿ ਲੱਕੀ ਡਰਾਅ ਦੀ ਮਿਆਦ ਦੌਰਾਨ 1.80 ਲੱਖ ਤੋਂ ਵੱਧ ਲੋਕ ਪਹਿਲਾਂ ਹੀ ਆਯੁਸ਼ਮਾਨ ਕਾਰਡ ਲਈ ਨਾਮ ਦਰਜ ਕਰਵਾ ਚੁੱਕੇ ਹਨ।

ਡਰਾਅ ਬਾਰੇ ਹੋਰ ਜਾਣਕਾਰੀ ਦਿੰਦਿਆਂ ਚੇਅਰਮੈਨ ਰਮਨ ਬਹਿਲ ਨੇ ਦੱਸਿਆ ਕਿ ਡਰਾਅ ਰਾਹੀਂ 10 ਜੇਤੂਆਂ ਦੀ ਚੋਣ ਕੀਤੀ ਜਾਵੇਗੀ ਅਤੇ ਪਹਿਲਾ ਇਨਾਮ 1 ਲੱਖ ਰੁਪਏ, ਦੂਜਾ ਇਨਾਮ 50000 ਰੁਪਏ ਅਤੇ ਤੀਜਾ ਇਨਾਮ 25000 ਰੁਪਏ ਦਿੱਤਾ ਜਾਵੇਗਾ। ਸ੍ਰੀ ਬਹਿਲ ਨੇ ਦੱਸਿਆ ਕਿ ਇਹਨਾਂ ਲਾਭਪਾਤਰੀ ਪਰਿਵਾਰਾਂ ਵਿੱਚ ਐਨ.ਐਫ.ਐਸ.ਏ. ਰਾਸ਼ਨ ਕਾਰਡ ਧਾਰਕ, ਜੇ-ਫਾਰਮ ਧਾਰਕ ਕਿਸਾਨ, ਰਜ਼ਿਸਟਰਡ ਮਜ਼ਦੂਰ, ਰਜ਼ਿਸਟਰਡ ਛੋਟੇ ਵਪਾਰੀ, ਮਾਨਤਾ ਪ੍ਰਾਪਤ ਅਤੇ ਪੀਲੇ ਕਾਰਡ ਧਾਰਕ ਪੱਤਰਕਾਰ ਅਤੇ 2011 ਦੇ ਸਮਾਜਿਕ-ਆਰਥਿਕ ਜਾਤੀ ਜਨਗਣਨਾ ਡਾਟਾ ਤਹਿਤ ਕਵਰ ਕੀਤੇ ਗਏ ਪਰਵਾਰ ਸ਼ਾਮਲ ਹਨ।

# ਤਬਾਹੀ ਕੰਢੇ ਪੁੱਜ ਚੁੱਕੀ ਸਨਅਤ ਨੂੰ ਸੁਰਜੀਤ ਕਰਨ ਦਾ ਬੀੜਾ ਭਗਵੰਤ ਮਾਨ ਨੇ ਚੁੱਕ ਲਿਆ: ਔਲਖ

ਅੰਮ੍ਰਿਤਸਰ (ਜਸਬੀਰ ਪੱਟੀ)-ਸੂਬੇ ਦੀਆਂ ਪਿਛਲੀਆ ਸਰਕਾਰਾਂ ਦੀ ਅਣਗਹਿਲੀ ਕਾਰਨ ਪੰਜਾਬ ਦੀ ਸਨਅਤ ਜਿਹੜੀ ਤਬਾਹੀ ਦੇ ਕੰਢੇ ਪੁੱਜ ਗਈ ਸੀ ਅਤੇ ਸਨਅਤਕਾਰ ਦੂਜੇ ਰਾਜਾਂ ਵਿੱਚ ਜਾ ਕੇ ਆਪਣਾ ਕਾਰੋਬਾਰ ਕਰਨ ਲੱਗ ਪਏ ਸਨ ਉਨ੍ਹਾਂ ਵੀਰਾ ਨੂੰ ਫਿਰ ਤੋਂ ਆਪਣੇ ਘਰ (ਪੰਜਾਬ) ਵਾਪਸ ਕਰਨ ਦਾ ਬੀੜਾ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਸਿਰ ਤੇ ਚੁੱਕ ਲਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਪੰਜਾਬ ਸਟੇਟ ਇੰਡਸਟਰੀ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਡਾਇਰੈਕਟਰ ਗੁਰਸੇਵਕ ਸਿੰਘ ਔਲਖ ਨੇ ਕਿਹਾ ਕਿ ਅੱਜ ਤੱਕ ਕਿਸੇ ਵੀ ਮੁੱਖ ਮੰਤਰੀ ਨੇ ਸਨਅਤਕਾਰਾਂ ਦਾ ਹਾਲ ਚਾਲ ਵੀ ਪੁੱਛਣ ਦੀ ਕੋਸ਼ਿਸ਼ ਨਹੀਂ ਕੀਤੀ ਪਰ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ ਸਨਅਤਕਾਰਾਂ ਨਾਲ ਵੱਖ-ਵੱਖ ਪੜਾਵਾਂ ਵਿੱਚ ਮਿਲਣੀਆਂ ਕਰਕੇ ਉਨ੍ਹਾਂ ਨੂੰ ਸੂਬੇ ਦੀ ਤਰੱਕੀ ਲਈ ਮਨਾ ਲਿਆ ਹੈ। ਇਸੇ ਕਾਰਨ ਪੰਜਾਬ ਤੋਂ ਬਾਹਰ ਗਏ ਸਨਅਤਕਾਰਾਂ ਦਾ ਰੁਝਾਨ ਮੁੜ ਪੰਜਾਬ ਵੱਲ ਹੋ ਗਿਆ ਹੈ। ਔਲਖ ਨੇ ਕਿਹਾ ਕਿ ਪੰਜਾਬ ਦੀਆ ਜਿਹੜੀਆਂ ਸਨਅਤਾ ਕਿਸੇ ਵੀ ਕਾਰਨ ਬੰਦ ਹੋ ਗਈਆ ਸਨ ਉਨ੍ਹਾਂ ਨੂੰ ਮੁੜ ਚਾਲੂ ਕਰਨ ਅਤੇ ਨਵੀਆ ਵੱਡੀਆਂ ਸਨਅਤਾ ਲਗਾਉਣ ਲਈ ਸਾਡੀ ਸੰਸਥਾ (ਪੀਐਸਆਈਡੀਸੀ) ਜੋ ਵੀ ਕੁਝ ਕਰ ਸਕਦੀ ਹੈ ਕਰੇਗੀ ਇਸ ਦਾ ਭਰੋਸਾ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਨੂੰ ਦਿੱਤਾ ਹੈ। ਉਨ੍ਹਾਂ ਅਖੀਰ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿਹੜੀ ਜ਼ਿੰਮੇਵਾਰੀ ਉਨ੍ਹਾਂ ਨੇ ਮੇਰੇ ਮੋਢਿਆਂ ਤੇ ਪਾਈ ਹੈ ਮੈਂ ਉਸਨੂੰ ਪੂਰੀ ਦ੍ਰਿੜਤਾ ਨਾਲ ਨਿਭਾਵਾਂਗਾ ਅਤੇ ਪੰਜਾਬ ਦੇ ਨੌਜਵਾਨਾਂ ਦਾ ਭਵਿੱਖ ਉਜਲ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡਾਗਾ। ਇਸ ਮੌਕੇ ਰਜਿੰਦਰ ਸਿੰਘ ਉਸਮਾ ਜ਼ਿਲਾ ਜਨਰਲ ਸਕੱਤਰ ਆਮ ਆਦਮੀ ਪਾਰਟੀ, ਸਾਹਿਬ ਸਿੰਘ ਔਲਖ, ਕਸ਼ਮੀਰ ਸਿੰਘ ਬਲਾਕ ਪ੍ਰਧਾਨ ਆਪ, ਜੱਬਰ ਸਿੰਘ ਮੁਰਾਦਪੁਰ, ਅਰਸ਼ ਮੁਰਾਦਪੁਰਾ ਮੱਦੀ ਮੁਰਾਦਪੁਰਾ, ਵਿੱਕੀ ਰੰਧਾਵਾ, ਹਰਪ੍ਰੀਤ ਸਿੰਘ ਹੈਪੀ, ਰਾਜ ਬਾਠ ਰੋਡ, ਬੱਬੂ ਮੁਰਾਦਪੁਰਾ, ਸੋਨੀ ਬਾਬਾ ਝਬਾਲ, ਸਰਬਜੀਤ ਸਿੰਘ ਸਾਹਬੂ ਝਬਾਲ, ਮਲਕੀਤ ਸਿੰਘ ਝਬਾਲ, ਰਣਜੀਤ ਸਿੰਘ ਝਬਾਲ, ਗੁਰਪ੍ਰੀਤ ਸਿੰਘ ਝਬਾਲ ਅਤੇ ਮਾਣਕ ਸਿੰਘ ਢਿੱਲੋਂ ਉਨ੍ਹਾਂ ਨਾਲ ਹਾਜ਼ਰ ਸਨ।

# ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਤਿੰਨ ਦਿਨਾ ਵਿਸ਼ਾਲ ਧਰਨਾ ਦੇਣ ਦਾ ਐਲਾਨ

ਪੱਟੀ (ਬਲਦੇਵ ਸਿੰਘ ਸੰਧੂ)-ਦਿਹਾਤੀ ਮਜ਼ਦੂਰ ਸਭਾ ਦੀ ਜ਼ਿਲ੍ਹਾ ਕਮੇਟੀ ਤਾਰਨ ਤਾਰਨ ਦੀ ਮੀਟਿੰਗ ਗਾਂਧੀ ਪਾਰਕ ਵਿਖੇ ਕਰਮ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੇ ਫੈਸਲੇ ਸਬੰਧੀ ਪ੍ਰੈੱਸ ਨੂੰ ਜਾਰੀ ਕਰਦਿਆਂ ਦਿਹਾਤੀ ਮਜਦੂਰ ਸਭਾ ਦੇ ਜਿਲ੍ਹਾ ਸਕੱਤਰ ਚਮਨ ਲਾਲ ਦਰਜਾਕੇ ਨੇ ਦੱਸਿਆ ਕਿ ਮਜਦੂਰਾਂ ਦੀਆਂ ਭੱਖਦੀਆਂ ਮੰਗਾਂ ਨੂੰ ਲੈ ਕੇ ਪੇਂਡੂ ਤੇ ਖੇਤ ਮਜਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ 9, 10-11 ਦਸੰਬਰ ਤੱਕ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਦੇ ਘਰ ਜੰਡਿਆਲਾ ਗੁਰੂ ਵਿਖੇ 3 ਰੋਜ਼ਾ ਰਾਤ ਦਿਨ ਦਾ ਵਿਸਾਲ ਧਰਨਾ ਦਿੱਤਾ ਜਾਵੇਗਾ ਜਿਸ ਦੀਆਂ ਤਿਆਰੀਆਂ ਸਬੰਧੀ ਜਿਲ੍ਹਾ ਤਰਨ ਤਾਰਨ ਨੂੰ ਚਾਰ ਜੋਨਾ ਵਿੱਚ ਵੰਡ ਕੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ।

ਲੱਗ ਰਹੇ ਇਸ ਵਿਸ਼ਾਲ ਧਰਨੇ ਸੰਬੰਧੀ ਕਿਰਤੀ ਲੋਕਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਦਰਾਜਕੇ ਨੇ ਮਜ਼ਦੂਰ ਵਰਗ ਨੂੰ ਅਪੀਲ ਕਰਦਿਆਂ ਕਿਹਾ ਕਿ ਮਜ਼ਦੂਰ ਮੰਗਾਂ ਦੇ ਹੱਲ ਲਈ ਹੁੰਮ-ਹੁੰਮਾ ਕੇ ਧਰਨੇ ਵਿੱਚ ਪਹੁੰਚੋ ਤਾ ਜੋ ਪੰਜਾਬ ਦੀ ਆਪ ਆਦਮੀ ਪਾਰਟੀ ਦੀ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਦਾ ਮੁਕਾਬਲਾ ਕੀਤਾ ਜਾ ਸਕੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮੋਰਚੇ ਦੇ ਸੀਨੀਅਰ ਆਗੂ ਹਰਜਿੰਦਰ ਸਿੰਘ ਚੂੰਘ ਸੁਵਿੰਦਰ ਸਿੰਘ ਚੱਕ ਸੰਤੋਖ ਸਿੰਘ ਮੱਖੀ ਕਲਾਂ ਜਰਨੈਲ ਸਿੰਘ ਰਸੂਲਪੁਰ ਪਰਮਜੀਤ ਸਿੰਘ ਗੰਡੀਵਿੰਡ ਗੁਰਵੇਲ ਸਿੰਘ ਚੀਮਾ ਚੰਦ ਸਿੰਘ ਤੂਤ ਦਿਆਲ ਸਿੰਘ ਲੋਹਕਾ ਆਗੂ ਹਾਜ਼ਰ ਸਨ।



# ਪੰਜਾਬ 'ਚ ਪੜ੍ਹੇ-ਲਿਖੇ ਨੌਜਵਾਨਾਂ ਦੀ ਕਮੀ ਨਹੀਂ, ਕਮੀ ਤਾਂ ਬੱਸ ਨੌਕਰੀ ਦੀ ਹੈ: ਕੁਲਦੀਪ ਕੌਰ ਸੰਧੂ

ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)-ਇਲਾਕੇ ਦੀ ਉੱਘੀ ਸਮਾਜ ਸੇਵਿਕਾ ਮੈਡਮ ਕੁਲਦੀਪ ਕੌਰ ਸੰਧੂ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ 'ਚ ਪੜ੍ਹੇ-ਲਿਖੇ ਨੌਜਵਾਨਾਂ ਦੀ ਕਮੀ ਨਹੀਂ। ਉਨ੍ਹਾਂ ਵੱਲੋਂ ਕੀਤੀਆਂ ਡਿਗਰੀਆਂ ਵੀ ਘੱਟ ਨਹੀਂ, ਬਸ ਕਮੀ ਤਾਂ ਨੌਕਰੀ ਦੀ ਹੈ। ਹਜ਼ਾਰਾਂ ਨੌਜਵਾਨ ਕਾਲਜਾਂ, ਯੂਨੀਵਰਸਿਟੀਆਂ, ਤਕਨੀਕੀ ਅਦਾਰਿਆਂ 'ਚੋਂ ਡਿਗਰੀਆਂ ਲੈ ਕੇ ਹਰ ਸਾਲ ਰੋਜ਼ਗਾਰ ਦੀ ਭਾਲ 'ਚ ਨਿਕਲਦੇ ਹਨ ਪਰ ਰੋਜ਼ਗਾਰ ਇਨਾਂ 'ਚੋਂ ਗਿਣੇ ਚੁਣੇ ਨੌਜਵਾਨਾਂ ਦੇ ਹੱਥ ਹੀ ਆਉਂਦਾ ਹੈ ਤੇ ਬਾਕੀ ਡਿਗਰੀਆਂ ਹੋਣ ਦੇ ਬਾਵਜੂਦ ਭੀੜ ਦਾ ਹਿੱਸਾ ਬਣ ਜਾਂਦੇ ਹਨ ਜੋ ਇਸ ਗੱਲ ਦਾ ਸੰਕੇਤ ਹੈ ਕਿ ਰੋਜ਼ਗਾਰ ਦੇ ਮੌਕੇ ਘੱਟ ਹਨ। ਇਸੇ ਕਰਕੇ ਪੰਜਾਬ ਦੀ ਜਵਾਨੀ ਵਿਦੇਸ਼ਾਂ ਵੱਲ ਜਾ ਰਹੀ ਹੈ। ਇਹ ਵੀ ਸੱਚ ਹੈ ਕਿ ਵਿਦੇਸ਼ਾਂ ਨੂੰ ਜਾਣਾ ਪੰਜਾਬੀਆਂ ਦਾ ਸ਼ੌਕ ਨਹੀਂ ਪਰ ਉਹ ਰੁਜ਼ਗਾਰ ਨਾ ਹੋਣ ਕਰਕੇ ਵਿਦੇਸ਼ਾਂ ਨੂੰ ਜਾ ਰਹੇ ਹਨ। ਜੇ ਸਾਡੇ ਦੇਸ਼ ਵਿੱਚ ਹੀ ਨੌਜਵਾਨਾਂ ਨੂੰ ਰੁਜ਼ਗਾਰ ਤੇ ਮਿਹਨਤ ਦਾ ਸਹੀ ਮੁੱਲ ਮਿਲੇ ਤਾਂ ਉਹ ਕਿਉਂ ਦੇ ਛੱਡ ਕੇ ਘਰ ਪਰਿਵਾਰ ਤੋਂ ਦੂਰ ਰਹਿਣ ਪਰ ਉਨ੍ਹਾਂ ਦੀਆਂ ਮਜਬੂਰੀਆਂ ਕਰਕੇ ਬੇਵਸ ਮਾਤਾ-ਪਿਤਾ ਆਪਣਾ ਸੱਭ ਕੁੱਝ ਵੇਚਣ ਲਈ ਮਜਬੂਰ ਹੋ ਜਾਂਦੇ ਹਨ ਅਤੇ ਕਈ ਵਿਚਾਰੇ ਗਰੀਬ ਜੋ ਵਿਦੇਸ਼ਾਂ ਦੇ ਕਾਲਜਾਂ ਦੀ ਫੀਸ ਨਹੀਂ ਦੇ ਸਕਦੇ, ਉਹ ਹੱਥਾਂ 'ਚ ਡਿਗਰੀਆਂ ਫੜ ਕੇ ਨੌਕਰੀ ਦੀ ਤਲਾਸ਼ ਵਿਚ ਸਵੇਰ ਤੋਂ ਸਾਮ ਤੱਕ ਹਰ ਰੋਜ਼ ਭਟਕਦੇ ਫਿਰਦੇ ਹਨ। ਅੱਜ ਪੰਜਾਬ ਤਬਾਹੀ ਦੇ ਕੰਢੇ 'ਤੇ ਖੜ੍ਹਾ ਹੈ। ਇਸ ਨੂੰ ਮੁੜ ਲੀਹ 'ਤੇ ਲਿਆਉਣ ਲਈ ਸਰਕਾਰਾਂ ਨੂੰ ਬੜਾ ਕੁਝ ਕਰਨਾ ਪਵੇਗਾ। ਜੇ ਪੰਜਾਬ ਵੱਲ ਸਾਡੇ ਹਾਕਮਾਂ ਨੇ ਧਿਆਨ ਨਾ ਦਿੱਤਾ ਤਾਂ ਪੰਜਾਬ ਵਿਚੋਂ ਇਕ ਦਿਨ ਸਾਰੇ ਹੀ ਪੰਜਾਬੀ ਵਿਦੇਸ਼ ਚਲੇ ਜਾਣਗੇ ਤੇ ਇਥੇ ਹੋਰ ਸੂਬਿਆਂ ਤੋਂ ਆਉਣ ਵਾਲਿਆਂ ਦਾ ਹੀ ਬੋਲਬਾਲਾ ਹੋ ਜਾਵੇਗਾ।



# ਜ਼ਿਲ੍ਹਾ ਚੋਣ ਦਫ਼ਤਰ ਨੇ ਲੇਖ ਤੇ ਕੁਇਜ਼ ਮੁਕਾਬਲੇ ਕਰਵਾਏ

ਅੰਮ੍ਰਿਤਸਰ ( ਨਰਿੰਦਰਜੀਤ ਸਿੰਘ)-ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਚੋਣ ਅਫ਼ਸਰ ਘਣਸ਼ਾਮ ਥੋਰੀ ਦੀ ਯੋਗ ਅਗਵਾਈ ਹੇਠ ਜਿਲ੍ਹਾ ਸਵੀਪ ਨੋਡਲ ਅਫ਼ਸਰ-ਕਮ-ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਸੁਸ਼ੀਲ ਕੁਮਾਰ ਤੁਲੀ ਵਲੋਂ ਉਲੀਕੇ ਪ੍ਰੋਗਰਾਮ ਅਨੁਸਾਰ ਭਾਰਤ ਚੋਣ ਕਮਿਸ਼ਨ ਵਲੋਂ ਯੋਗਤਾ ਮਿਤੀ 1 ਜਨਵਰੀ 2024 ਵਿੱਚ ਵੋਟਰਾਂ ਦੀ ਹਿੱਸੇਦਾਰੀ ਵਧਾਉਣ ਲਈ ਸੁਚਾਰੂ ਵੋਟਰ ਸਿੱਖਿਆ ਅਤੇ ਚੋਣ ਭਾਗੀਦਾਰੀ (ਸਵੀਪ) ਸੰਬੰਧੀ ਗਤੀਵਿਧੀਆਂ ਦੀ ਲੜੀ ਵਜੋਂ ਜਿਲ੍ਹਾ ਪੱਧਰੀ ਲੇਖ ਅਤੇ ਕੁਵਿਜ਼ ਮੁਕਾਬਲੇ ਸਕੂਲ ਆਫ਼ ਐਮੀਨੈਂਸ, ਮਾਲ ਰੋਡ ਵਿਖੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਬਲਾਕ ਪੱਧਰ ਤੇ ਬੇਹਤਰੀਨ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਆਪਣੇ ਸੰਬੋਧਨ ਵਿੱਚ ਪ੍ਰਿੰਸੀਪਲ ਮਾਲ ਰੋਡ ਅੰਮ੍ਰਿਤਸਰ ਮਨਦੀਪ ਕੌਰ ਨੇ ਦੱਸਿਆ ਕਿ ਚੋਣ ਪ੍ਰਕਿਰਿਆ ਨੂੰ ਸਫ਼ਲ ਬਣਾਉਣ ਲਈ ਹਰ ਸਮਾਜ ਦੇ ਹਰ ਵਰਗ ਦੀ ਅਹਿਮ ਭੂਮਿਕਾ ਹੈ। ਉਹਨਾਂ ਦੱਸਿਆ ਕਿ ਵੋਟ ਹਰ ਵਿਅਕਤੀ ਦਾ ਸੰਵਿਧਾਨਿਕ ਅਧਿਕਾਰ ਹੈ। ਇਸ ਲਈ 18 ਸਾਲ ਦੇ ਹਰ ਨੌਜਵਾਨ ਨੂੰ ਆਪਣੀ ਵੋਟ ਬਣਾਉਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਨਵੇਂ ਵੋਟਰਾਂ ਨੂੰ ਰਜਿਸਟਰ ਕਰਨ ਲਈ ਪ੍ਰਸ਼ਾਸਨ ਵਲੋਂ ਚਲਾਈ ਜਾ ਰਹੀ ਵੋਟਰ ਜਾਗਰੂਕਤਾ ਮੁਹਿੰਮ ਦੇ ਚੰਗੇ ਸਿੱਟੇ ਵੇਖਣ ਨੂੰ ਮਿਲ ਰਹੇ ਹਨ ਅਤੇ ਯੋਗ ਨੌਜਨਾਵਾਂ ਵਿੱਚ ਵੋਟ ਬਣਾਉਣ ਪ੍ਰਤੀ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਵੋਟਰ ਜਾਗਰੂਕਤਾ ਲਈ ਸਵੀਪ ਗਤੀਵਿਧੀਆਂ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਜਾਰੀ ਰਹਿਣਗੀਆਂ। ਜਿਲ੍ਹਾ ਪੱਧਰ ਦੇ ਲੇਖ ਮੁਕਾਬਲੇ ਵਿੱਚ ਪਲਕ ਕੁਮਾਰੀ ਨੇ ਪਹਿਲਾ,ਵਿਜੇ ਕੁਮਾਰ ਨੇ ਦੂਜਾ ਅਤੇ ਅਸ਼ਮੀਤ ਕੌਰ ਨੇ ਤੀਜਾ ਸਥਾਨ ਹਾਸਿਲ ਕੀਤਾ। ਕੁਵਿਜ਼ ਮੁਕਾਬਲੇ ਵਿੱਚ ਕ੍ਰਤਿਕਾ ਅਤੇ ਕਨਨ ਦੀ ਟੀਮ ਨੇ ਪਹਿਲੀ ਅਤੇ ਅਰਜੁਨ ਸਿੰਘ ਅਤੇ ਵੰਸ਼ਪ੍ਰੀਤ ਸਿੰਘ ਦੀ ਟੀਮ ਨੇ ਦੂਜੀ ਪੁਜੀਸ਼ਨ ਹਾਸਿਲ ਕੀਤੀ। ਇਸ ਮੌਕੇ ਜਿਲ੍ਹਾ ਸਵੀਪ ਟੀਮ ਮੈਂਬਰ ਮੈਡਮ ਆਦਰਸ਼ ਸ਼ਰਮਾ,ਮੈਡਮ ਮਨਦੀਪ ਬੱਲ, ਡਾ.ਪਲਵਿੰਦਰ ਕੌਰ, ਪਰਮ ਆਫ਼ਤਾਬ ਸਿੰਘ, ਅਲਕਾ ਦੇਵੀ ਸ਼ਰਮਾ ਅਤੇ ਮੈਡਮ ਬਿੰਦੂ ਵੀ ਹਾਜ਼ਰ ਸਨ। ਇਸ ਮੌਕੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੀ ਤਕਸੀਮ ਕੀਤੇ ਗਏ।

# ਫੁੱਲ ਕੁਦਰਤ ਦਾ ਮਨੁੱਖ ਜਾਤੀ ਨੂੰ ਅਨਮੋਲ ਤੋਹਫਾ : ਡਾ. ਕਾਹਲੋਂ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਭਾਈ ਵੀਰ ਸਿੰਘ ਦੇ 151ਵੇਂ ਜਨਮ ਦਿਨ ਨੂੰ ਸਮਰਪਿਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਭਵਨ ਵਿੱਚ ਚੱਲ ਰਹੇ ਭਾਈ ਵੀਰ ਸਿੰਘ ਫਲਾਵਰ ਪਲਾਂਟਸ ਅਤੇ ਰੰਗੋਲੀ ਸ਼ੋਅ ਦੇ ਦੂਜੇ ਦਿੱਨ ਨਿੱਘੀ ਧੁੱਪ ਵਿੱਚ ਖਿੜੀਆਂ ਗੁਲਦਾਉਦੀਆਂ ਦੀਆਂ ਮਹਿਕਾਂ ਲੈਣ ਲਈ ਯੂਨੀਵਰਸਿਟੀ ਦੇ ਵਿਦਿਆਰਥੀ ਅਤੇ ਫੁੱਲਾਂ ਦੇ ਪ੍ਰੇਮੀ ਭਰਵੀਂ ਗਿਣਤੀ ਵਿੱਚ ਪੁੱਜੇ ਹੋਏ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੇ ਅੰਦਰ ਫੁੱਲਾਂ ਅਤੇ ਰੰਗਾਂ ਦੀਆਂ ਬਣਾਈਆਂ ਹੋਈਆਂ ਰੰਗੋਲੀਆਂ ਮਨ ਮੋਹ ਰਹੀਆਂ ਸਨ। ਇਸ ਮੌਕੇ ਵੱਡੀ ਗਿਣਤੀ ਵਿੱਚ ਪੁੱਜੇ ਕੁਦਰਤ ਪ੍ਰੇਮੀ ਬਾਗਬਾਨੀ ਸੰਦਾਂ ਜੈਵਿਕ ਖੇਤੀ, ਘਰੇਲੂ ਖੇਤੀ, ਜੈਵਿਕ, ਖਾਣ ਵਤਲ, ਹਲਦੀ, ਗੁੜ, ਸ਼ੱਕਰ, ਕਾਸਮੈਟਿਕਸ, ਜੜੀਆਂ-ਬੂਟਿਆਂ, ਫਲ, ਪਨੀਰੀਆਂ ਤੋਂ ਇਲਾਵਾ ਅਨੇਕਾਂ ਕਿਸਮ ਦੇ ਫੁੱਲਾਂ ਦੇ ਬੂਟਿਆਂ ਅਤੇ ਘਰ ਵਿੱਚ ਲੱਗਣ ਵਾਲੇ ਪੌਦਿਆਂ ਆਦਿ ਦੀ ਖਰੀਦ ਕਰ ਸਕਦੇ ਹਨ। ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋਫੈਸਰ ਡਾ. ਕਰਨਜੀਤ ਸਿੰਘ ਕਾਹਲੋਂ ਦੁਆਰਾ ਫੈਸਟੀਵਲ ਦਾ ਉਦਘਾਟਨ ਕੀਤਾ ਗਿਆ। ਭਾਈ ਵੀਰ ਸਿੰਘ ਫਲਾਵਰ ਪਲਾਂਟਸ ਅਤੇ ਰੰਗੋਲੀ ਸ਼ੋਅ ਦੇ ਇੰਚਾਰਜ ਗੁਰਵਿੰਦਰ ਸਿੰਘ ਲੈਂਡਸਕੇਪ ਅਫਸਰ ਡਾ. ਸੁਨੈਨਾ, ਸਹਾਇਕ ਪ੍ਰੋਫੈਸਰ ਖੇਤੀਬਾੜੀ ਵਿਭਾਗ ਤੋਂ ਇਲਾਵਾ ਡਾ. ਜਸਵਿੰਦਰ ਸਿੰਘ ਬਿਲਗਾ, ਸਲਾਹਕਾਰ ਬਾਗਬਾਨੀ ਵਿਸ਼ੇਸ਼ ਤੌਰ 'ਤੇ ਪੁੱਜੇ ਹੋਏ ਸਨ। ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਅਧਿਆਪਕ ਸਾਹਿਬਾਨ, ਵਿਦਿਆਰਥੀ, ਗੈਰ-ਅਧਿਆਨ ਅਮਲਾ ਅਤੇ ਸ਼ਹਿਰ ਦੀਆਂ ਹੋਰ ਪ੍ਰਮੁੱਖ ਹਸਤੀਆਂ ਇਸ ਮੌਕੇ ਮੌਜੂਦ ਸਨ। ਵਿਦਿਆਰਥੀਆਂ ਅਤੇ ਪੱਤਰਕਾਰਾਂ ਨਾਲ ਗਲਬਾਤ ਸਾਂਝੀ ਕਰਦਿਆਂ ਉਨ੍ਹਾਂ ਕਿਹਾ ਕਿ ਪ੍ਰਬੰਧਕ ਇਸ ਗੱਲ ਲਈ ਵਧਾਈ ਦੇ ਪਾਤਰ ਵੀ ਹਨ। ਉਨ੍ਹਾਂ ਇਸ ਮੇਲੇ ਦਾ ਨਾ ਉਸ ਮਹਾਨ ਸ਼ਖਸੀਅਤ ਭਾਈ ਵੀਰ ਸਿੰਘ ਦੇ ਨਾਂ ਉੱਪਰ ਰੱਖਿਆ ਹੈ ਜੋ ਕੁਦਰਤ ਨਾਲ ਵਿਚਰਨ ਦੇ ਅਹਿਸਾਸ ਨਾਲ ਲਬਰੇਜ਼ ਹਸਤੀ ਹੈ। ਉਨ੍ਹਾਂ ਕਿਹਾ ਕਿ ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਵਿੱਚ ਵੀ ਕੁਦਰਤੀ ਨਜ਼ਾਰੇ ਅਤੇ ਕੁਦਰਤ ਦਾ ਫੈਲਾਅ ਅਧਿਕ ਮਾਤਰਾ ਵਿੱਚ ਵਿਦਮਾਨ ਹੈ। ਗੁਲਦਾਉਦੀਆ ਆਈਆ ਅਤੇ ਬਨਫਸ਼ੇ ਦੇ ਫੁੱਲ ਦੀ ਉਦਾਹਰਣ ਦਿੰਦਿਆਂ ਉਨ੍ਹਾਂ ਕਿਹਾ ਕਿ ਕੁਦਰਤ ਨੂੰ ਅੰਦਰ ਵਸਾਉਣ ਅਤੇ ਨੇੜਿਓਂ ਤਕ ਲਈ ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਜ਼ਰੂਰ ਪੜ੍ਹਨੀਆਂ ਚਾਹੀਦੀਆਂ ਹਨ। ਗੁਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਫੈਸਟੀਵਲ ਵਿਚ ਵੱਖ-ਵੱਖ ਅਦਾਰਿਆਂ ਤੇ ਵਿਅਕਤੀਗਤ ਤੌਰ 'ਤੇ ਹਿੱਸਾ ਲਿਆ ਗਿਆ। ਬਾਗਬਾਨੀ ਦੇ ਮਾਹਰਾਂ ਵੱਲੋਂ ਫੁੱਲਾਂ, ਬੂਟਿਆਂ ਅਤੇ ਰੰਗੋਲੀ ਦਾ ਬਾਰੀਕੀ ਨਾਲ ਅਧਿਐਨ ਕਰ ਕੇ ਆਪਣੀ ਜਜਮੈਂਟ ਦਿੱਤੀ ਜਾਵੇਗੀ ਤੇ ਇਸ ਸਬੰਧੀ ਨਤੀਜਿਆਂ ਦਾ ਐਲਾਨ ਕਰਨ ਉਪਰੰਤ ਇਨਾਮ ਵੰਡ ਸਮਾਰਹ ਹੋਵੇਗਾ ਜਿਸ ਵਿਚ ਜੇਤੂਆਂ ਅਤੇ ਭਾਗ ਲੈਣ ਵਾਲਿਆਂ ਨੂੰ ਇਨਾਮ ਦਿੱਤੇ ਜਾਣਗੇ ।

# ਮਰੇਂਗੋ ਸੀਆਈਐਮਐਸ ਹੋਸਪਿਟਲ ਨੇ ਜਿਗਰ ਦੇ ਟ੍ਰਾਂਸਪਲਾਂਟ ਲਈ ਬਣਾਈ ਆਪਣੀ ਪਛਾਣ

ਜਲੰਧਰ:ਮਰੇਂਗੋ ਸੀ.ਆਈ.ਐਮ.ਐਸ. ਹਸਪਤਾਲ ਅਹਿਮਦਾਬਾਦ ਨੇ ਅੰਗਾਂ ਦੇ ਸਭਤੋਂ ਗੁੰਝਲਦਾਰ ਟ੍ਰਾਂਸਪਲਾਂਟ ਸਫਲਤਾਪੂਰਵਕ ਕੀਤੇ ਹਨ ਅਤੇ ਆਪਣੇ ਸਭ ਤੋਂ ਵਧੀਆ ਡਾਕਟਰੀ ਇਲਾਜ ਅਤੇ ਜ਼ਿੰਦਗੀਆਂ ਬਚਾਉਣ ਦੇ ਨਤੀਜਿਆਂ ਲਈ ਮਾਨਤਾ ਪ੍ਰਾਪਤ ਹੈ। ਸਿਹਤ ਸੰਭਾਲ ਪ੍ਰਦਾਨ ਕਰਨ ਵਾਲਾ ਇਹ ਕੇਂਦਰ ਇੱਕੋ ਹੀ ਸਥਾਨ ਤੇ ਦਿਲ, ਫੇਫੜੇ, ਜਿਗਰ, ਗੁਰਦੇ ਅਤੇ ਬੋਨ ਮੈਰੋ ਟ੍ਰਾਂਸਪਲਾਂਟ ਦੀ ਸੁਵਿਧਾ ਪ੍ਰਦਾਨ ਕਰਨ ਵਾਲੇ ਕੁਝ ਹਸਪਤਾਲਾਂ ਵਿੱਚੋਂ ਇੱਕ ਹੈ। ਵੱਡੀ ਗਿਣਤੀ ਵਿੱਚ ਜਿਗਰ ਦੇ ਟ੍ਰਾਂਸਪਲਾਂਟ ਦੀ ਉਪਲਬਧੀ ਪ੍ਰਾਪਤ ਕਰਨ ਦੇ ਨਾਲ ਮਰੇਂਗੋ ਸੀਆਈਐਮਐਸ ਹੋਸਪਿਟਲ ਇਸ ਉੱਚ ਪੱਧਰ ਵਾਲੀ ਸਰਜਰੀ ਦੇ ਲਈ ਪੱਛਮੀ ਭਾਰਤ ਵਿੱਚ ਇੱਕ ਤਰਜੀਹੀ ਸਥਾਨ ਵਜੋਂ ਉੱਭਰ ਕੇ ਸਾਹਮਣੇ ਆਇਆ ਹੈ।

ਇਸ ਹਸਪਤਾਲ ਵਿੱਚ ਜਿਗਰ ਦਾ ਟਰਾਂਸਪਲਾਂਟ ਕਰਨ ਵਾਲੀ ਟੀਮ ਦੀ ਅਗਵਾਈ ਡਾ. ਪੁਨੀਤ ਸਿੰਗਲਾ, ਕਲੀਨਿਕਲ ਡਾਇਰੈਕਟਰ, ਲਿਵਰ ਟ੍ਰਾਂਸਪਲਾਂਟ ਐਂਡ ਸਰਜੀਕਲ ਗੈਸਟ੍ਰੋਐਂਟਰੌਲੋਜੀ, ਮਰੇਂਗੋ ਏਸ਼ੀਆ ਹੋਸਪਿਟਲ ਕਰ ਰਹੇ ਹਨ।

# 200 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਦੋ ਅੜਿੱਕੇ

**ਮਜੀਠਾ (ਸੋਇਮ ਆਨੰਦ)**-ਮਜੀਠਾ ਪੁਲਿਸ ਵਲੋਂ ਦੋ ਵਿਅਕਤੀਆਂ ਨੂੰ 200 ਬੋਤਲਾਂ ਨਜਾਇਜ਼ ਦੇਸੀ ਸ਼ਰਾਬ ਸਮੇਤ ਗ੍ਰਿਫਤਾਰ ਕਰਨ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਐੱਸਐੱਸਪੀ ਅੰਮ੍ਰਿਤਸਰ ਜ਼ਿਲਾ ਦਿਹਾਤੀ ਸਤਿੰਦਰ ਸਿੰਘ ਆਈਪੀਐੱਸ ਦੇ ਦਿਸ਼ਾ ਨਿਰਦੇਸ਼ਾਂ ਤੇ ਡੀਐੱਸਪੀ ਮਜੀਠਾ ਕੰਵਲਪ੍ਰੀਤ ਸਿੰਘ ਪੀਪੀਐੱਸ ਦੀ ਸੁਚੱਜੀ ਅਗਵਾਈ ਵਿਚ ਏਐੱਸਆਈ ਰਣਜੀਤ ਸਿੰਘ ਆਪਣੀ ਪੁਲਿਸ ਪਾਰਟੀ ਸਿਪਾਹੀ ਗੁਰਸੇਵਕ ਸਿੰਘ, ਸਿਪਾਹੀ ਅੰਮ੍ਰਿਤਪਾਲ ਸਿੰਘ, ਹੋਮ ਗਾਰਡ ਦੇ ਸਿਪਾਹੀ ਚਰਨਜੀਤ ਸਿੰਘ ਸਮੇਤ ਪਿੰਡ ਗਾਲੋਵਾਲੀ ਦੇ ਬਾਹਰ ਮੌਜੂਦ ਸਨ ਤਾ ਖਾਸ ਮੁਖਬਰ ਨੇ ਦੱਸਿਆ ਕਿ ਹਰਭਜਨ ਸਿੰਘ ਉਰਫ ਗੋਰੀ ਪੁੱਤਰ ਕੁਲਵੰਤ ਸਿੰਘ ਤੇ ਸਹਿਲਦੀਪ ਸਿੰਘ ਉਰਫ ਘੁੱਗੀ ਪੁੱਤਰ ਨਿਰਬਕਾਰ ਸਿੰਘ ਵਾਸੀ ਪਿੰਡ ਭੰਗਵਾਂ ਨਜਾਇਜ ਸ਼ਰਾਬ ਬਣਾ ਕੇ ਵੇਚਣ ਦਾ ਧੰਦਾ ਕਰਦੇ ਹਨ, ਜੋ ਅੱਜ ਆਪਣੀ ਮਰੂਤੀ ਕਾਰ ਤੇ ਸ਼ਰਾਬ ਸਪਲਾਈ ਕਰਨ ਜਾ ਰਹੇ ਹਨ ਜੋ ਕਾਬੂ ਆ ਸਕਦੇ ਹਨ, ਜਿਸ 'ਤੇ ਪੁਲਸ ਪਾਰਟੀ ਵਲੋਂ ਨਾਕੇ ਦੌਰਾਨ ਆ ਰਹੀ ਮਰੂਤੀ ਕਾਰ ਨੰਬਰ ਪੀ ਬੀ 02 ਏ ਈ 1010 ਨੂੰ ਰੋਕ ਕੇ ਤਲਾਸ਼ੀ ਲੈਣ ਤੇ ਉਸ ਵਿੱਚ 200 ਬੋਤਲ ਨਜਾਇਜ਼ ਸ਼ਰਾਬ ਬਰਾਮਦ ਹੋਈ। ਪੁਲਸ ਵੱਲੋਂ ਉਕਤ ਦੋਵਾਂ ਵਿਅਕਤੀਆਂ ਨੂੰ ਕਾਰ ਤੇ ਨਜਾਇਜ਼ ਸ਼ਰਾਬ ਸਮੇਤ ਕਾਬੂ ਕਰਕੇ ਮਜੀਠਾ ਥਾਣਾ ਵਿਖੇ ਮੁਕੱਦਮਾ ਦਰਜ ਕਰ ਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਹੈ।



# ਫੌਜ ਤੇ ਪੈਰਾ ਮਿਲਟਰੀ ਫੋਰਸ ਦੀ ਭਰਤੀ ਲਈ ਸਰੀਰਕ/ ਲਿਖਤੀ ਪੇਪਰ ਦੀ ਸਿਖਲਾਈ ਲਈ ਮੁਫਤ ਕੈਂਪ ਸ਼ੁਰੂ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪੰਜਾਬ ਸਰਕਾਰ ਦੇ ਵਿਭਾਗ ਸੀ-ਪਾਈਟ ਆਰਮੀ ਕੈਂਪ (ਆਈ.ਟੀ.ਆਈ) ਰਣੀਕੇ, ਅੰਮ੍ਰਿਤਸਰ ਨਜ਼ਦੀਕ ਅਟਾਰੀ ਵਿਖੇ ਨੌਜਵਾਨ ਫੌਜ ਅਤੇ ਪੈਰਾਮਿਲਟਰੀ ਫੋਰਸ ਵਿੱਚ ਭਰਤੀ ਹੋਣ ਦੇ ਇੱਛਕ ਹਨ, ਲਈ ਟਰੇਨਿੰਗ ਕੈਂਪ ਸ਼ੁਰੂ ਕਰ ਦਿੱਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆ ਕੈਂਪ ਦੇ ਅਧਿਕਾਰੀ ਆਨਰੇਰੀ ਕੈਪਟਨ ਅਜੀਤ ਸਿੰਘ,ਐਜਡੂਟੈਂਟ/ਟਰੇਨਿੰਗ ਅਫ਼ਸਰ ਨੇ ਦੱਸਿਆ ਕਿ ਪੈਰਾਮਿਲਟਰੀ ਫੋਰਸ ਜਿਵੇ ਐੱਸਐੱਸਬੀ, ਸੀਬੀਐੱਸਐੱਫ, ਸੀਆਰਪੀਐੱਫਸੀ, ਆਈਐੱਸਐੱਫ ਆਈਟੀਬੀਪੀ, ਅਸਾਮ ਰਾਈਫਲ ਆਦਿ ਵਿੱਚ 75000 ਦੇ ਕਰੀਬ ਵਕੈਂਸੀਆਂ ਨਿਕਲੀਆਂ ਹਨ ,ਜਿਸ ਵਿੱਚ ਨੌਜਵਾਨ ਮਿਤੀ 24 ਨਵੰਬਰ 2023 ਤੋਂ 28 ਦਸੰਬਰ 2023 ਤੱਕ ਆਨਲਾਈਨ ਅਪਲਾਈ ਕਰ ਸਕਦੇ ਹਨ। ਬੱਚਿਆਂ ਦੀ ਉਮਰ 18 ਸਾਲ ਤੋਂ 23 ਸਾਲ ਤੱਕ ਹੋਣੀ ਚਾਹੀਦੀ ਹੈ । ਐਸ.ਸੀ.ਐਸ.ਟੀ. ਜਾ ਬੀ.ਸੀ ਕੈਟਾਗਰੀ ਦੇ ਬੱਚਿਆਂ ਲਈ 5 ਸਾਲ ਦੀ ਛੋਟ ਦਿੱਤੀ ਜਾਵੇਗੀ । ਉਨ੍ਹਾਂ ਦੱਸਿਆ ਕਿ ਅਲਗੇ ਮਹੀਨੇ ਵਿੱਚ ਫੌਜ ਦੀ ਭਰਤੀ ਲਈ ਪ੍ਰੀਕਿਆਂ ਵੀ ਸ਼ੁਰੂ ਹੋ ਜਾਵੇਗੀ। ਇਨ੍ਹਾਂ ਸਾਰੀ ਭਰਤੀਆਂ ਦੀ ਤਿਆਰੀ ਲਈ ਸੀ-ਪਾਈਟ ਕੈਂਪ ਆਈ.ਟੀ.ਆਈ ਰਣੀਕੇ ਵਿੱਚ ਸਰੀਰਕ ਅਤੇ ਲਿਖਤੀ ਪੇਪਰ ਦੀ ਤਿਆਰੀ ਸ਼ੁਰੂ ਹੋ ਚੁੱਕੀ ਹੈ ਜੋ ਕਿ ਬਿਲਕੁਲ ਮੁਫਤ ਕਰਵਾਈ ਜਾ ਰਹੀ ਹੈ। ਬੱਚਿਆਂ ਦੇ ਰਹਿਣ ਲਈ ਮੁਫਤ ਹੋਸਟਲ ਦਾ ਪ੍ਰਬੰਧ ਹੈ ਅਤੇ ਵਧੀਆ ਖਾਣਾ ਵੀ ਨੌਜਵਨਾਂ ਨੂੰ ਬਿਲਕੁਲ ਮੁਫਤ ਦਿੱਤਾ ਜਾ ਰਿਹਾਂ ਹੈ।

ਅਧਿਕਾਰੀ ਨੇ ਦੱਸਿਆ ਕਿ ਨੌਜਵਾਨ ਦਸਵੀਂ, ਬਾਰ੍ਹਵੀਂ ਦੇ ਸਰਟੀਫਿਕੇਟ, ਆਧਾਰ ਕਾਰਡ, ਜਾਤੀ ਸਰਟੀਫਿਕੇਟ ਦੇ ਨਾਲ ਦੋ ਪਾਸਪੋਰਟ ਸਾਈਜ਼ ਫੋਟੋਆਂ ਲੈ ਕੇ ਸੀ-ਪਾਈਟ ਆਰਮੀ ਕੈਂਪ (ਆਈਟੀਆਈ) ਰਣੀਕੇ ਅੰਮ੍ਰਿਤਸਰ ਵਿਖੇ ਜਲਦੀ ਤੋਂ ਜਲਦੀ ਪੁੱਜ ਕੇ ਭਰਤੀ ਦਾ ਫਾਇਦਾ ਉਠਾ ਸਕਦੇ ਹਨ। ਵਧੇਰੇ ਜਾਣਕਾਰੀ ਵਾਸਤੇ ਲਈ ਮੋਬਾਇਲ ਨੰਬਰ 7009317626,9872840492 ਤੇ ਸਪੰਰਕ ਕੀਤਾ ਜਾ ਸਕਦਾ ਹੈ ।

# ਬਾਬਾ ਸੈਣ ਭਗਤ ਦਾ ਜਨਮ ਦਿਹਾੜਾ ਮਨਾਇਆ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਗੁਰਦੁਆਰਾ ਜਨਮ ਅਸਥਾਨ ਬਾਬਾ ਸੈਣ ਭਗਤ ਜੀ ਪਿੰਡ ਸੋਹਲ (ਤਰਨ ਤਾਰਨ) ਵਿਖੇ ਬਾਬਾ ਸੈਣ ਭਗਤ ਜੀ ਦੇ ਜਨਮ ਦਿਹਾੜੇ ਸਬੰਧੀ ਸਲਾਨਾ ਜੋੜ ਮੇਲਾ ਇਲਾਕੇ ਅਤੇ ਨਗਰ ਦੀਆਂ ਸਮੂੰਹ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਬੜੀ ਧੂਮਧਾਮ ਤੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਕਮੇਟੀ ਦੇ ਪ੍ਰਧਾਨ ਅਤੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਜਥੇਦਾਰ ਭਾਈ ਤਰਲੋਚਨ ਸਿੰਘ ਸੋਹਲ ਨੇ ਦੱਸਿਆ ਕਿ 4 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਕੀਤੀ ਗਈ ਤੇ 5 ਨਵੰਬਰ ਦਿਨ ਮੰਗਲਵਾਰ ਦੀ ਸ਼ਾਮ ਨੂੰ ਕਥਾ ਕੀਰਤਨ, ਦੀਪਮਾਲਾ ਤੇ ਭਾਰੀ ਆਤਿਸ਼ਬਾਜ਼ੀ ਕੀਤੀ ਗਈ ਅਤੇ ਬੁੱਧਵਾਰ ਨੂੰ ਚੱਲ ਰਹੇ ਲੜੀਵਾਰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਵਾਏ ਗਏ। ਉਪਰੰਤ ਸਜਾਏ ਗਏ ਧਾਰਮਿਕ ਦੀਵਾਨ ਵਿੱਚ ਪੰਥ ਦੇ ਪ੍ਰਸਿੱਧ ਤੇ ਉੱਚ ਕੋਟੀ ਦੇ ਰਾਗੀ, ਢਾਡੀ ਤੇ ਕਵੀਸ਼ਰੀ ਜਥੇ ਗੁਰੂ ਜੱਸ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਪੰਥ ਦੀਆਂ ਸਿਰਮੌਰ ਧਾਰਮਿਕ ਸ਼ਖਸੀਅਤਾਂ ਵੀ ਹਾਜ਼ਰੀਆਂ ਭਰਨ ਲਈ ਪੁੱਜੀਆਂ। ਸ਼ਾਮ ਨੂੰ ਨਾਮਵਰ ਕਬੱਡੀ ਟੀਮਾਂ ਵਿਚਕਾਰ ਕਬੱਡੀ ਦਾ ਪ੍ਰਦਰਸ਼ਨੀ ਮੈਚ ਵੀ ਕਰਾਏ ਗਏ। ਇਸ ਮੌਕੇ ਗੁਰੂ ਦੇ ਵੱਖ-ਵੱਖ ਤਰਾਂ ਦੇ ਲੰਗਰ ਵਰਤਾਏ ਗਏ। ਉਨ੍ਹਾਂ ਦੇਸ਼-ਵਿਦੇਸ਼ ਤੇ ਇਲਾਕੇ ਦੀਆਂ ਪੁੱਜੀਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਜਥੇਦਾਰ ਭਾਈ ਤਰਲੋਚਨ ਸਿੰਘ ਸੋਹਲ, ਜਥੇਦਾਰ ਭਾਈ ਮਖਤੂਲ ਸਿੰਘ ਸੋਹਲ, ਜਥੇ: ਚੈਂਚਲ ਸਿੰਘ ਸੋਹਲ, ਅਮਰਜੀਤ ਸਿੰਘ ਸੋਹਲ, ਭਾਈ ਹੁਸਨਦੀਪ ਸਿੰਘ ਸੋਹਲ, ਭਾਈ ਤੇਜਿੰਦਰ ਸਿੰਘ ਗੋਲਡੀ, ਬਾਬਾ ਚੰਨਪ੍ਰੀਤ ਸਿੰਘ, ਥਾਣੇਦਾਰ ਹਰਦੀਪ ਸਿੰਘ ਸੋਹਲ, ਬਲਕਾਰ ਸਿੰਘ, ਗੁਰਸੇਵਕ ਸਿੰਘ ਧੁੰਨ, ਸਰਮੁੱਖ ਸਿੰਘ ਸੇਵਾਦਾਰ, ਮਾਸਟਰ ਗੁਰਪ੍ਰੀਤ ਸਿੰਘ, ਬੱਬੂ ਸੰਧੂ, ਪ੍ਰਤਾਪ ਸਿੰਘ, ਪ੍ਰਗਟ ਸਿੰਘ, ਅਨਮੋਲ ਸਿੰਘ, ਗੁਰਪ੍ਰੀਤ ਸਿੰਘ, ਕਰਮਜੀਤ ਸਿੰਘ, ਗੁਰਵਾਕ ਸਿੰਘ ਆਦਿ ਹਾਜ਼ਰ ਸਨ।





# ਯਾਦਗਾਰੀ ਹੋ ਨਿੱਬੜਿਆ ਪੰਜਾਬੀ ਗੀਤਕਾਰ ਤੇ ਗਾਇਕੀ ਸੰਬੰਧੀ ਸੈਮੀਨਾਰ

## * ਔਜਲਾ ਬ੍ਰਦਰਜ਼ ਦੀ ਮਿਆਰੀ ਗਾਇਕੀ 'ਤੇ ਝੂਮ-ਝੂਮ ਕੇ ਨੱਚੇ ਦਰਸ਼ਕ ਤੇ ਸਰੋਤੇ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪੰਜਾਬ ਸਰਕਾਰ ਦੁਆਰਾ ਮਨਾਏ ਜਾ ਰਹੇ ਪੰਜਾਬੀ ਮਾਹ-2023 ਦੇ ਸਮਾਗਮਾਂ ਦੀ ਲੜੀ ਤਹਿਤ ਪੰਜਾਬ ਦੇ ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ ਵੱਲੋਂ ਸੰਯੁਕਤ ਡਾਇਰੈਕਟਰ ਡਾ. ਵੀਰਪਾਲ ਕੌਰ ਦੀ ਅਗਵਾਈ ਹਲਕਾ ਬਟਾਲਾ ਦੇ ਵਿਧਾਇਕ ਅਮਨ ਸ਼ੇਰ ਸਿੰਘ ਸੈਰੀ ਕਲਸੀ ਦੇ ਵਿਸ਼ੇਸ਼ ਸਹਿਯੋਗ ਨਾਲ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਪਰਮਜੀਤ ਸਿੰਘ ਕਲਸੀ ਦੀ ਨਿਗਰਾਨੀ ਹੇਠ ਸਥਾਨਕ ਸਕੂਲ ਆਫ਼ ਐਮੀਨੈਂਸ-ਬਟਾਲਾ ਵਿਖੇ ਪ੍ਰਿੰਸੀਪਲ ਬਲਵਿੰਦਰ ਕੌਰ ਸਟੇਟ ਅਵਾਰਡੀ ਦੇ ਕੋਆਰਡੀਏਸ਼ਨ ਨਾਲ ਪੰਜਾਬੀ ਗੀਤਕਾਰ ਤੇ ਗਾਇਕੀ ਸਬੰਧੀ ਸੈਮੀਨਾਰ ਕਰਵਾਇਆ ਗਿਆ, ਜੋ ਕਿ ਨਾਮੀ ਗੀਤਕਾਰਾਂ ਤੇ ਸਾਹਿਤਕ ਹਸਤੀਆਂ ਦੀ ਸੰਗਤ ਨਾਲ ਯਾਦਗਾਰੀ ਰਿਹਾ।

ਇਸ ਸਮਾਰੋਹ ਵਿੱਚ ਪੰਜਾਬੀ ਸਾਹਿਤ ਦੇ ਉਸਤਾਦ ਗਜ਼ਲਗੋ ਸੁਲੱਖਣ ਸਰਹੱਦੀ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ, ਜਦੋਂਕਿ ਸ਼੍ਰੋਮਣੀ ਪੰਜਾਬੀ ਆਲੋਚਕ ਡਾਕਟਰ ਅਨੂਪ ਸਿੰਘ, ਕਹਾਣੀਕਾਰ ਦੇਵਿੰਦਰ ਦੀਦਾਰ, ਯੂ. ਕੇ. ਤੋਂ ਲਖਵਿੰਦਰ ਸਿੰਘ ਲੱਖਾ ਸਲੇਮਪੁਰੀ, ਬਲਾਕ ਨੋਡਲ ਅਫਸਰ ਮਨਜਿੰਦਰ ਸਿੰਘ ਔਲਖ ਵਿਸੇਸ ਮਹਿਮਾਨਾਂ ਵਜੋਂ ਸ਼ਾਮਲ ਹੋਏ। ਨਾਮੀ ਪੰਜਾਬੀ ਆਲੋਚਕ ਡਾ. ਰੁਪਿੰਦਰਜੀਤ ਕੌਰ ਗਿੱਲ ਨੇ 'ਪੰਜਾਬੀ ਗੀਤਕਾਰ ਤੇ ਪੰਜਾਬੀ ਗਾਇਕੀ: ਮੌਜੂਦਾ ਸਥਿਤੀ ਤੇ ਸੰਭਾਵਨਾ ਵਿਸ਼ੇ ਤੇ ਖੋਜ ਭਰਪੂਰ ਪਰਚਾ ਪੜ੍ਹਿਆ। ਸਮਾਰੋਹ ਵਿੱਚ ਪੰਜਾਬੀ ਜਗਤ ਦੇ ਨਾਮੀ ਗੀਤਕਾਰ ਡਾਕਟਰ ਜਸਵੰਤ ਸਿੰਘ ਬਾਜ, ਜੇ.ਪੀ. ਖਰਲਾਂ ਵਾਲਾ, ਅਜੀਤ ਕਮਲ, ਸਟੇਟ ਅਵਾਰਡੀ ਗੁਰਮੀਤ ਸਿੰਘ ਬਾਜਵਾ, ਸਵਿੰਦਰ ਸਿੰਘ ਭਾਗੋਵਾਲੀਆ, ਰਾਮ ਸਿੰਘ ਹਿਮਾਚਲ ਪ੍ਰਦੇਸ, ਮੱਖਣ ਸਿੰਘ ਭੈਣੀ ਵਾਲਾ, ਮਿਊਜ਼ਿਕ ਡਾਇਰੈਕਟਰ ਹੈਰੀ ਬੀ ਬਟਾਲਾ ਨੇ ਇਸ ਸਮਾਗਮ ਵਿੱਚ ਵਿਸ਼ੇਸ਼ ਸ਼ਿਰਕਤ ਕੀਤੀ। ਪੰਜਾਬੀ ਦੇ ਪ੍ਰਸਿੱਧ ਗਾਇਕ ਅਨੋਖ ਸਿੰਘ ਔਜਲਾ 'ਔਜਲਾ ਬ੍ਰਦਰਜ਼', ਸਵਿੰਦਰ ਸਿੰਘ ਭਾਗੋਵਾਲੀਆ, ਗਾਇਕ ਮੰਗਲਦੀਪ, ਸੰਜੀਵ ਕੁਮਾਰ ਕਲਾਨੌਰ ਨੇ ਪੰਜਾਬੀ ਗਾਇਕੀ ਦੀ ਅਜਿਹੀ ਪੇਸ਼ਕਾਰੀ ਕੀਤੀ ਕਿ ਹਾਜ਼ਰ ਸੈਂਕੜਿਆਂ ਦੀ ਤਾਦਾਦ ਵਿੱਚ ਸਰੋਤੇ ਝੂਮ-ਝੂਮ ਕੇ ਨੱਚਦੇ ਰਹੇ। ਸਮਾਗਮ ਵਿੱਚ ਉਸਤਾਦ ਗਜਲਗੋ ਸੁਲੱਖਣ ਸਰਹੱਦੀ ਦੀ ਗੀਤਾਂ ਦੀ ਪੁਸਤਕ 'ਛੱਤਾਂ ਹੇਠ ਕਾਹਦੀਆਂ ਉਡਾਰੀਆਂ' ਲੋਕ-ਅਰਪਣ ਕੀਤੀ ਗਈ।

ਪੁਸਤਕ ਮੇਹ ਲਈ ਭਾਸਾ ਵਿਭਾਗ ਵੱਲੋਂ ਸੇਲ ਇੰਚਾਰਜ ਸਾਮ ਸਿੰਘ ਦੀ ਅਗਵਾਈ ਹੇਠ ਮੌਕੇ 'ਤੇ ਪੁਸਤਕ ਪ੍ਰਦਰਸਨੀ ਵੀ ਲਗਾਈ ਗਈ। ਔਜਲਾ ਬ੍ਰਦਰਜ਼ ਦੀ ਗਾਇਕੀ ਨੇ ਅਜਿਹੇ ਰੰਗ ਬੰਨ੍ਹੇ ਕਿ ਸਕੂਲ ਵਿੱਚ ਸਾਰੇ ਹੀ ਹਾਜਰ ਸਰੋਤੇ ਤੇ ਦਰਸਕ ਝੂਮ-ਝੂਮ ਕੇ ਨੱਚਣੋ ਨਾ ਰਹਿ ਸਕੇ। ਹਾਜਰ ਗੀਤਕਾਰਾਂ ਤੇ ਲੇਖਕਾਂ ਨੇ ਆਪਣੀਆਂ ਪੰਜਾਬੀ ਗੀਤਾਂ ਨਾਲ ਸੰਬੰਧਿਤ ਰਚਨਾਵਾਂ ਵੀ ਪੇਸ਼ ਕੀਤੀਆਂ। ਸਮਾਗਮ ਦੇ ਅੰਤ ਵਿੱਚ ਡਾਕਟਰ ਪਰਮਜੀਤ ਸਿੰਘ ਕਲਸੀ, ਜ਼ਿਲਾ ਲ੍ਹਾ ਭਾਸ਼ਾ ਅਫ਼ਸਰ ਵੱਲੋਂ ਮੁਖ ਮਹਿਮਾਨ, ਵਿਸੇਸ ਮਹਿਮਾਨਾਂ, ਪ੍ਰਧਾਨਗੀ ਮੰਡਲ, ਗੀਤਕਾਰਾਂ ਤੇ ਗਾਇਕਾਂ ਸਮੇਤ ਭੰਗੜੇ ਦੇ ਬਾਬਾ ਬੋਹੜ ਬਲਬੀਰ ਸਿੰਘ ਕੋਲ੍ਹਾ ਦੀ 'ਬਾਬਿਆਂ ਦਾ ਭੰਗੜਾ ਟੀਮ' ਨੂੰ ਵੀ ਲੋਈ, ਸਨਮਾਨ-ਚਿੰਨ੍ਹ ਅਤੇ ਸਨਮਾਨ-ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਸਟੇਟ ਐਵਾਰਡੀ ਪ੍ਰਿੰਸੀਪਲ ਬਲਵਿੰਦਰ ਕੌਰ ਨੇ ਇਸ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਵੀ ਕੀਤਾ।

ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਮਨਜੀਤ ਸਿੰਘ, ਵੋਕੇਸਨਲ ਲੈਕਚਰਾਰ ਹਰਪ੍ਰੀਤ ਸਿੰਘ, ਸਟੇਟ ਐਵਾਰਡੀ ਗੁਰਮੀਤ ਸਿੰਘ ਭੋਮਾ, ਸੁੱਚਾ ਸਿੰਘ ਪਸਨਾਵਾਲ, ਡਾਕਟਰ ਜਤਿੰਦਰ ਕੌਰ, ਡਾਕਟਰ ਗੁਰਵੰਤ ਸਿੰਘ, ਬਲਵਿੰਦਰ ਗੰਭੀਰ, ਮਾਸਟਰ ਜੋਗਿੰਦਰ ਸਿੰਘ ਅਚਲੀ ਗੇਟ, ਡਾਕਟਰ ਰਮਨਦੀਪ ਸਿੰਘ, ਅਨਿਲ ਕੁਮਾਰ ਵਰਮਾ, ਹੈਡਮਾਸਟਰ ਰਵੀ ਕੁਮਾਰ, ਪ੍ਰਿੰਸੀਪਲ ਡਾਕਟਰ ਜਤਿੰਦਰ ਮਹਾਜਨ, ਬੂਟਾ ਰਾਮ ਆਜਾਦ, ਸਵਰਨ ਸਿੰਘ, ਬਾਬਾ ਬੀਰਾ, ਡਾ. ਸਤਿੰਦਰਜੀਤ ਕੌਰ, ਐਸਡੀਓ ਵਾਸਦੇਵ, ਰਜਿੰਦਰਪਾਲ ਕੌਰ, ਰਣਜੀਤ ਕੌਰ ਬਾਜਵਾ, ਮਾਸਟਰ ਭਲਿੰਦਰ ਸਿੰਘ, ਲੈਕਚਰਾਰ ਜੀਵਨ, ਭੰਗੜਾ ਕੋਚ ਮਾਸਟਰ ਹਰਪਾਲ ਸਿੰਘ, ਰਣਜੋਧ ਸਿੰਘ ਮੰਮਣ, ਸਕੂਲ ਦਾ ਸਟਾਫ ਤੇ ਵਿਦਿਆਰਥੀ ਆਦਿ ਹਾਜ਼ਰ ਸਨ।



# ਹੈਰੋਇਨ ਸਮੇਤ 2 ਵਿਅਕਤੀ ਕਾਬੂ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਪੰਜਾਬ ਸਰਕਾਰ ਤੇ ਪੁਲਸ ਜਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਐੱਸਐੱਸਪੀ, ਆਈਪੀਐੱਸ ਸਤਿੰਦਰ ਸਿੰਘ ਵਲੋ ਨਸ਼ਿਆਂ ਖਿਲ਼ਾਫ ਸਖਤ ਕਾਰਵਾਈ ਕਰਨ ਦੇ ਦਿੱਤੇ ਦਿਸ਼ਾ ਨਿਰਦੇਸ਼ਾਂ ਤਹਿਤ ਪੁਲਸ ਥਾਣਾ ਅਜਨਾਲਾ ਵਲੋਂ ਦੋ ਵਿਅਕਤੀਆਂ ਨੂੰ 10 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ!

ਜਾਣਕਾਰੀ ਮੁਤਾਬਿਕ ਪੁਲਸ ਥਾਣਾ ਅਜਨਾਲਾ ਦੇ ਮੁੱਖ ਅਫ਼ਸਰ ਸੁਖਜਿੰਦਰ ਸਿੰਘ ਖਹਿਰਾ ਨੇ ਦੱਸਿਆ ਕਿ ਪੁਲਸ ਪਾਰਟੀ ਵੱਲੋਂ ਗਸ਼ਤ ਦੌਰਾਨ ਅਜਨਾਲਾ ਸੱਕੀ ਵਾਲਾ ਪੁੱਲ ਤੋਂ ਬਲਦੇਵ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਮਿਆਦੀਆਂ ਕਲ੍ਹਾਂ ਪਾਸੋ 8 ਗ੍ਰਾਮ ਅਤੇ ਚੋਗਾਵਾਂ ਰੋਡ ਬਾਈਪਾਸ ਤੋਂ ਸ਼ਿਵ ਪ੍ਰਸ਼ਾਦ ਪੁੱਤਰ ਪਾਰਸ ਨਾਥ ਪਾਸੋਂ 2 ਗ੍ਰਾਮ ਹੈਰੋਇਨ ਬਰਾਮਦ ਕਰਕੇ ਦੋਵਾਂ ਵਿਅਕਤੀਆਂ ਨੂੰ ਮੌਕੇ ਤੇ ਕਾਬੂ ਕੀਤਾ ਗਿਆ ਹੈ ਅਤੇ ਉਕਤ ਦੋਵਾਂ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਰਵਾਈ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਦੌਰਾਨੇ ਤਫਤੀਸ਼ ਸਾਹਮਣੇ ਆਇਆ ਹੈ ਕਿ 8 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤੇ ਗਏ ਬਲਦੇਵ ਸਿੰਘ ਵਾਸੀ ਮਿਆਦੀਆਂ ਕਲ੍ਹਾਂ ਉੱਪਰ ਅਜਨਾਲਾ ਥਾਣਾ ਚ ਪਹਿਲਾ ਵੀ ਐੱਨਡੀਪੀਐੱਸ ਐਕਟ ਤਹਿਤ ਮੁਕੱਦਮਾ ਦਰਜ ਹੈ ਜਿਸ ਵਿਚ ਉਹ ਮਾਨਯੋਗ ਅਦਾਲਤ ਵਲੋਂ ਪੀ. ਓ. ਕਰਾਰ ਦਿੱਤਾ ਹੋਇਆ ਹੈ ।



## ਜਨਮ ਦਿਨ ਮੁਬਾਰਕ


ਨਿਕਿਤਾ, ਕੰਦੋਲਾ ਕਲਾਂ (ਜਲੰਧਰ)


ਗੁਰਸਾਜ ਸਿੰਘ ਔਲਖ

## ਵਰ੍ਹੇਗੰਢ ਮੁਬਾਰਕ


ਪ੍ਰੀਤ ਸੰਗੋਜਲਾ ਤੇ ਮਨਜੀਤ ਕੌਰ ਸੰਗੋਜਲਾ ਵਾਸੀ ਕਪੂਰਥਲਾ ਨੇ ਆਪਣੇ ਵਿਆਹ ਦੀ 25ਵੀਂ ਵਰ੍ਹੇਗੰਢ ਮਨਾਈ।


ਮਨਜਿੰਦਰ ਸਿੰਘ ਲਹਿਰੀ ਤੇ ਸਰਬਜੀਤ ਕੌਰ ਲਹਿਰੀ ਵਾਸੀ ਅੱਡਾ ਝਬਾਲ ਨੇ ਆਪਣੇ ਵਿਆਹ ਦੀ 22ਵੀਂ ਵਰ੍ਹੇਗੰਢ ਮਨਾਈ।


ਗੁਰਪ੍ਰੀਤ ਕੌਰ ਤੇ ਹਰਪ੍ਰੀਤ ਸਿੰਘ ਵਾਸੀ ਗੋਨਿਆਣਾ ਮੰਡੀ ਨੇ ਆਪਣੇ ਵਿਆਹ ਦੀ ਦੂਜੀ ਵਰ੍ਹੇਗੰਢ ਮਨਾਈ।

# ਮਨਿਸਟਰੀਅਲ ਸਟਾਫ ਦੇ ਹੱਕ 'ਚ ਸਰਕਾਰ ਦਾ ਫੂਕਿਆ ਪੁਤਲਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਕੋਟ ਫਤੂਹੀ ਬਲਾਕ ਦੀਆਂ ਵੱਖ ਵੱਖ ਜਥੇਬੰਦੀਆਂ, ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸਨ, ਪੈਨਸਨਰ ਵੈਲਫੇਅਰ ਐਸੋਸੀਏਸ਼ਨ, ਗੌਰਮਿੰਟ ਟੀਚਰ ਯੂਨੀਅਨ, ਪੁਰਾਣੀ ਪੈਂਨਸ਼ਨ ਬਹਾਲੀ ਸੰਘਰਸ਼ ਕਮੇਟੀ ਅਤੇ ਮਿਡ-ਡੇ-ਮੀਲ ਯੂਨੀਅਨ ਦੇ ਬੈਨਰ ਹੇਠ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ, ਜਨਰਲ ਸਕੱਤਰ ਉਂਕਾਰ ਸਿੰਘ , ਵਿੱਤ ਸਕੱਤਰ ਹਰਮੋਜ ਕੁਮਾਰ ਅਤੇ ਪੈਨਸ਼ਨਰ ਆਗੂ ਹਰਭਜਨ ਸਿੰਘ ਦੀ ਸਰਪ੍ਰਸਤੀ ਹੇਠ ਮਨਿਸਟਰੀਅਲ ਸਟਾਫ ਵੱਲੋਂ ਕੀਤੀ ਗਈ ਹੜਤਾਲ ਦੇ ਹੱਕ ਵਿੱਚ ਅਤੇ ਪੰਜਾਬ ਸਰਕਾਰ ਦੇ ਵਿਰੋਧ ਵਿੱਚ ਸਰਕਾਰ ਦਾ ਪੁਤਲਾ ਫੂਕਿਆ ਗਿਆ ਅਤੇ ਖਾਲੀ ਥਾਲੀਆਂ ਖੜਕਾ ਕੇ ਪੰਜਾਬ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ ।ਆਪਣੇ ਸੰਬੋਧਨ ਦੌਰਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਇੱਕ ਪਾਸੇ ਤਾਂ ਖਜਾਨਾ ਭਰੇ ਹੋਣ ਦੀ ਗੱਲ ਕਰਦੀ ਹੈ ਦੂਜੇ ਪਾਸੇ ਪੰਜਾਬ ਦੇ ਸਮੂਹ ਮੁਲਾਜਮ ਆਪਣੀਆਂ ਜਾਇਜ ਮੰਗਾਂ ਲਈ ਹੜਤਾਲਾਂ ਉੱਪਰ ਗਏ ਹੋਏ ਹਨ ਜੇਕਰ ਪੰਜਾਬ ਦਾ ਖਜਾਨਾ ਭਰਿਆ ਹੋਇਆ ਹੈ ਤਾਂ ਮੁਲਾਜਮਾਂ ਦੀਆਂ ਸਾਲਾਂ ਤੋਂ ਲਟਕਦੀਆਂ ਹੋਈਆਂ ਮੰਗਾਂ ਨੂੰ ਸਰਕਾਰ ਵੱਲੋਂ ਕਿਉਂ ਨਹੀਂ ਪੂਰਾ ਕੀਤਾ ਜਾ ਰਿਹਾ। ਨਾ ਪੁਰਾਣੀ ਪੈਨਸਨ ਬਹਾਲ ਹੋਈ, ਡੀਏ ਦੇ ਬਕਾਏ, ਪੇ ਕਮਿਸਨ ਦੇ ਬਕਾਏ, 2.59 ਗੁਣਾਕ, ਕੇਂਦਰੀ ਪੇ ਕਮਿਸਨ ਰੱਦ ਕਰਨਾ, ਏਸੀਪੀ, ਕੱਟੇ ਭੱਤੇ ਬਹਾਲ ਕਰਨਾ, ਕੱਚੇ ਮੁਲਾਜਮਾਂ ਨੂੰ ਪੱਕੇ ਕਰਨਾ,ਕੰਪਿਊਟਰ ਅਧਿਆਪਕਾਂ ਨੂੰ ਸਿਖਿਆ ਵਿਭਾਗ ਵਿੱਚ ਮਰਜ ਕਰਨਾਂ ਮਾਣਭੱਤੇ ਤੇ ਕੰਮ ਕਰਨ ਵਾਲੇ ਮੁਲਾਜਮਾਂ ਲਈ ਘੱਟੋ-ਘੱਟ ਉਜਰਤਾਂ ਵਿੱਚ ਵਾਧਾ ਕਰਨਾ ਅਤੇ ਕਈ ਹੋਰ ਹੱਕੀ ਅਤੇ ਜਾਇਜ ਮੰਗਾਂ ਹਨ ਜਿਹਨਾਂ ਉੱਪਰ ਸਰਕਾਰ ਵਲੋਂ ਕਿਸੇ ਵੀ ਪ੍ਰਕਾਰ ਦਾ ਧਿਆਨ ਨਹੀਂ ਦਿੱਤਾ ਜਾ ਰਿਹਾ ਜਿਸ ਤੋਂ ਤੰਗ ਹੋ ਕੇ ਪੰਜਾਬ ਦਾ ਮੁਲਾਜਮ ਵਰਗ ਸੜਕਾਂ ਉਪਰ ਉਤਰਿਆ ਹੈ ਅਤੇ ਸਰਕਾਰ ਦੀਆਂ ਝੂਠੀਆਂ ਗਰੰਟੀਆਂ ਦੀ ਪੋਲ ਖੋਲ ਰਿਹਾ ਹੈ। ਇਕੱਠ ਵੱਲੋਂ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜੀ ਕੀਤੀ ਗਈ। ਇਸ ਮੌਕੇ ਸੰਦੀਪ ਕੌਰ, ਰਾਜਵਿੰਦਰ ਕੌਰ, ਅਮਰਜੀਤ ਕੌਰ, ਲਵਦੀਪ ਕੌਰ, ਰਮਨਦੀਪ ਕੌਰ, ਊਸ਼ਾ ਰਾਣੀ, ਅਬਿਨਾਸ਼ ਕੌਰ, ਸਰਬਜੀਤ,ਪ੍ਰਦੀਪ ਕੌਰ, ਅਮਰਵੀਰ ਕੌਰ, ਜੀਵਨ ਰਾਣੀ, ਅਵਤਾਰ ਕੌਰ, ਨੀਲਮ ਰਾਣੀ, ਅਮਰਜੀਤ, ਜਤਿੰਦਰ ਸਿੰਘ, ਜਸਵੀਰ ਸਿੰਘ, ਪ੍ਰਿੰਸੀਪਲ ਦਵਿੰਦਰ ਪਰਮਾਰ, ਸੁਰਿੰਦਰ ਸਿੰਘ,ਹਾਫਿਜ ਪਦਮ ਸੋਹਣ ਸਿੰਘ, ਮਹਿੰਦਰ ਪਾਲ, ਜਸਵਿੰਦਰ ਸਿੰਘ, ਸਗਲੀ ਰਾਮ ,ਟੇਕ ਚੰਦ, ਜਸਵਿੰਦਰ ਸਿੰਘ, ਬਲਬੀਰ ਚੰਦ, ਹਰਬੰਸ ਲਾਲ, ਰਾਮ ਸਰੂਪ, ਜਸਵੀਰ, ਗੁਰਮੁੱਖ ਸਿੰਘ, ਸੁਰਿੰਦਰ ਸਿੰਘ, ਕੁਲਵੰਤ ਸਿੰਘ, ਬਲਵੀਰ ਸਿੰਘ, ਹਰੀ ਰਾਮ, ਮੇਜਰ ਸਿੰਘ ਗਿੱਲ, ਗੁਰਪ੍ਰੀਤ ਸਿੰਘ, ਚੰਦਨ ਕੁਮਾਰ, ਕਰਮਵੀਰ ਸਿੰਘ ਅਵਤਾਰ ਸਿੰਘ, ਸੋਹਣ ਸਿੰਘ, ਸੱਤਪਾਲ ਸਿੰਘ, ਬਲਵਿੰਦਰ ਰਾਮ ਅਤੇ ਵੱਡੀ ਗਿਣਤੀ ਵਿੱਚ ਮੁਲਾਜ਼ਮ ਅਤੇ ਪੈਨਸ਼ਨਰ ਮੌਜੂਦ ਸਨ।



## ਦੁਕਾਨ 'ਤੇ ਬੈਠੀ ਔਰਤ ਦੀਆਂ ਵਾਲੀਆਂ ਝਪਟ ਕੇ ਲੁਟੇਰੇ ਫਰਾਰ

**ਗੁਰਦਾਸਪੁਰ (ਦਿਨੇਸ਼ ਕੁਮਾਰ)**-ਪੁਲਸ ਸਟੇਸ਼ਨ ਬਹਿਰਾਮਪੁਰ ਅਧੀਨ ਆਉਂਦੇ ਇਲਾਕੇ ਵਿੱਚ ਲੁੱਟ-ਖੋਹ ਦੀਆਂ ਘਟਨਾ ਵਿੱਚ ਵਾਧਾ ਹੋਣ ਕਾਰਨ ਲੋਕਾਂ ਵਿੱਚ ਚੋਰਾਂ ਦੀ ਦਹਿਸ਼ਤ ਵਾਲਾ ਮਾਹੌਲ ਵੇਖਿਆ ਜਾ ਰਿਹਾ ਹੈ ਜਿਸ ਦੀ ਤਾਜ਼ਾ ਮਿਸਾਲ ਅੱਜ ਪਿੰਡ ਮਿਆਣੀ ਝਮੇਲਾ ਵਿਖੇ ਇੱਕ ਦੁਕਾਨ 'ਤੇ ਬੈਠੀ ਔਰਤ ਦੇ ਕੰਨਾਂ ਵਿੱਚ ਵਾਲੀਆਂ ਨੂੰ ਝਪਟ ਮਾਰ ਕੇ ਫਰਾਰ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਮੌਕੇ ਇੱਛਿਆ ਦੇਵੀ ਪਤਨੀ ਰਸ਼ਪਾਲ ਸਿੰਘ ਵਾਸੀ ਮਿਆਣੀ 'ਚ ਮਹਿਲਾ ਨੇ ਦੱਸਿਆ ਕਿ ਮੈਂ ਆਪਣੀ ਕਰਿਆਨੇ ਦੀ ਦੁਕਾਨ ਤੇ ਬੈਠੀ ਹੋਈ ਸੀ ਕਿ ਦੋ ਮੋਨੇ ਨੌਜਵਾਨ ਮੋਟਰਸਾਈਕਲ 'ਤੇ ਆਏ ਜਿਨ੍ਹਾਂ ਵਿੱਚੋਂ ਇੱਕ ਨੌਜਵਾਨ ਵੱਲੋਂ ਮੇਰੇ ਕੋਲ ਮੂੰਗਫਲੀ ਦੇ ਦੋ ਪੈਕੇਟ ਮੰਗੇ ਗਏ। ਜਦ ਮੈਂ ਮੂੰਗਫਲੀ ਦੇ ਪੈਕੇਟ ਦਿੱਤੇ ਤਾਂ ਉਹ ਪੈਸੇ ਦੇਣ ਲੱਗੇ ਤਾਂ ਮੇਰੇ ਕੰਨਾਂ 'ਚ ਝਪਟ ਮਾਰ ਕੇ ਇੱਕ ਨੌਜਵਾਨ ਨੇ ਵਾਲੀਆਂ ਖੋਹ ਲਈਆਂ ਤੇ ਦੂਸਰਾ ਨੌਜਵਾਨ ਜੋ ਮੋਟਰਸਾਈਕਲ 'ਤੇ ਸਵਾਰ ਸੀ ਦੋਵੇਂ ਮੌਕੇ ਤੋਂ ਫਰਾਰ ਹੋ ਗਏ। ਸਾਰੀ ਘਟਨਾ ਸੀਸੀਟੀ ਕੈਮਰੇ 'ਚ ਕੈਦ ਹੋ ਗਈ ਹੈ। ਇਸ ਸਬੰਧੀ ਥਾਣਾ ਬਹਿਰਾਮਪੁਰ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ।

GSTIN : 03AACCA5715J1Z0
CIN : U65923TN2007PLC064550
ASIRVAD MICRO FINANCE LIMITED
Subsidairy of MANAPPURAM FINANCE LTD.
BEAS
Small Loans...Big Dreams
Registered office : 9th Floor, No. 9, Club House Road, Anna Salai, Chennai-600002
ਇਸ ਦੀ ਪੁਰਾਣੀ ਬਰਾਂਚ ਵਜ਼ੀਰ ਭੁੱਲਰ ਰੋਡ ਅਜੀਤ ਨਗਰ ਤੋਂ ਬਦਲ ਕੇ ਫੈਮਲੀ ਮਾਰਟ, ਮਿਲਟਰੀ ਸਟੇਸ਼ਨ ਗੇਟ ਯੂਨੀਅਨ ਬੈਂਕ ਦੇ ਨਾਲ ਜੀ.ਟੀ. ਰੋਡ ਬਿਆਸ, ਜ਼ਿਲ੍ਹਾ ਅੰਮ੍ਰਿਤਸਰ-143204 ਵਿਖੇ ਚਲੀ ਗਈ ਹੈ।

## ਖੇਤੀਬਾੜੀ ਵਿਭਾਗ ਨੇ ਵਿਸ਼ਵ ਮਿੱਟੀ ਦਿਵਸ ਮਨਾਇਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖੇਤੀਬਾੜੀ ਵਿਸਥਾਰ ਅਫਸਰ ਪ੍ਰਭਦੀਪ ਸਿੰਘ ਗਿੱਲ ਚੇਤਨਪੁਰਾ ਨੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਤੇ ਡਾਇਰੈਕਟਰ ਖੇਤੀਬਾੜੀ ਪੰਜਾਬ ਜਸਵੰਤ ਸਿੰਘ ਦੇ ਹੁਕਮਾਂ ਤਹਿਤ ਅਤੇ ਜ਼ਿਲ੍ਹਾ ਮੁੱਖ ਖੇਤੀਬਾੜੀ ਅਫ਼ਸਰ ਡਾ. ਜਤਿੰਦਰ ਸਿੰਘ ਗਿੱਲ ਅਤੇ ਏਓ ਡਾ. ਹਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਜ਼ਿਲ੍ਹੇ ਦੇ ਬਲਾਕ ਦੇ ਆਪਣੇ ਸਰਕਲ ਵਿਚ ਕਿਸਾਨਾਂ ਦੇ ਫਾਰਮਾਂ ਅਤੇ ਖੇਤਾਂ ਵਿਚ ਜਾ ਕੇ ਵਿਸ਼ਵ ਮਿੱਟੀ ਦਿਵਸ ਮਨਾਉਂਦਿਆਂ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਆਪਣੇ ਖੇਤਾਂ ਵਿਚੋਂ ਜਦੋਂ ਵੀ ਮਹਿਕਮਾ ਮਿੱਟੀ ਸੈਂਪਲ ਲੈਣ ਆਵੇ ਸਹਿਯੋਗ ਜ਼ਰੂਰ ਦਿਆ ਕਰਨ। ਉਹ ਝੋਨੇ ਦੀ ਪਰਾਲੀ ਅਤੇ ਕਣਕ ਦੀ ਨਾੜ ਜਾਂ ਹੋਰ ਰਹਿੰਦ-ਖੂੰਹਦ ਨੂੰ ਸਾੜਨ ਨਾ ਸਗੋਂ ਇਸ ਨੂੰ ਖੇਤ ਵਿਚ ਹੀ ਮਿਲਾ ਦੇਣ ਜਿਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਧੇਗੀ। ਉਨ੍ਹਾਂ ਨੇ ਕਿਹਾ ਕਿ ਕਿਸਾਨ ਕੁਦਰਤ ਦਾ ਸੱਚਾ ਦੋਸਤ ਹੈ ਅਤੇ ਪੂਰੀਆਂ ਦੁਨੀਆਂ ਦਾ ਪੇਟ ਭਰਨ ਵਾਲਾ ਕਿਸਾਨ ਪ੍ਰਦੂਸ਼ਣ ਪੈਦਾ ਕਰਨ ਵਾਲਾ ਨਹੀਂ ਅਖਵਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਕਿਸਾਨ ਪੂਰੇ ਸਮਾਜ ਲਈ ਸਤਿਕਾਰਤ ਹੈ ਅਤੇ ਪੂਰੇ ਸਮਾਜ ਵੱਲੋਂ ਉਸਨੂੰ ਪਰਾਲੀ ਨਾ ਸਾੜਨ ਦੀ ਅਪੀਲ ਹੈ।

# ਰੇਟ ਨਾ ਘਟਾਏ ਤਾਂ 17 ਨੂੰ ਜਬਰੀ ਟੋਲ ਤੋਂ ਵਾਹਨ ਲੰਘਾਵਾਂਗੇ : ਚੇਚੀ



**ਫਿਲੌਰ (ਨਿਰਮਲ)**

ਲਾਡੋਵਾਲ ਟੋਲ ਪਲਾਜਾ ਵੱਲੋਂ ਇੱਕ ਮਹੀਨੇ ਬਾਅਦ ਹੀ ਫਿਰ ਤੋਂ ਟੋਲ ਰੇਟਾਂ ਵਿੱਚ ਵਾਧਾ ਕਰਕੇ ਆਮ ਲੋਕਾਂ ਦੀ ਜੇਬ ਉੱਤੇ ਬੋਝ ਪਾ ਦਿੱਤਾ ਹੈ। ਵਧਾਏ ਰੇਟਾਂ ਨੂੰ ਘਟਾਉਣ ਲਈ ਆਮ ਆਦਮੀ ਪਾਰਟੀ ਹਲਕਾ ਹੁਸ਼ਿਆਰਪੁਰ ਤੋਂ ਕੌਂਸਲਰ ਜਸਪਾਲ ਸਿੰਘ ਚੇਚੀ ਨੇ ਆਪਣੇ ਸਾਥੀਆਂ ਸਮੇਤ ਸਥਾਨਕ ਲਾਡੋਵਾਲ ਟੋਲ ਪਲਾਜਾ 'ਤੇ ਸ਼ਾਂਤਮਈ ਢੰਗ ਨਾਲ ਧਰਨਾ ਪ੍ਰਦਰਸ਼ਨ ਕੀਤਾ। ਉਨ੍ਹਾਂ ਕੇਂਦਰ ਸਰਕਾਰ ਅਤੇ ਟੋਲ ਪਲਾਜਾ ਮੈਨੇਜਮੈਂਟ ਵਿਰੁੱਧ ਨਾਅਰੇਬਾਜੀ ਕੀਤੀ ਤੇ ਪਲਾਜਾ ਤੋਂ ਲੱਗਣ ਵਾਲੇ ਆਮ ਲੋਕਾਂ ਨੂੰ ਰੇਟ ਘਟਾਉਣ ਦੀਆਂ ਤਖਤੀਆਂ ਦਿਖਾਕੇ ਜਾਗਰੂਕ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਆਪਣੀਆਂ ਮੰਗਾਂ ਨੂੰ ਲੈ ਕੇ ਇੱਕ ਮੰਗ ਪੱਤਰ ਟੋਲ ਪ੍ਰਬੰਧਕਾਂ ਨੂੰ ਦਿੱਤਾ ਅਤੇ ਕਿਹਾ ਕਿ ਜੇਕਰ 17 ਦਸੰਬਰ ਤੱਕ ਰੇਟ ਨਾ ਘਟਾਏ ਗਏ ਤਾਂ ਉਹ ਅਣਮਿੱਥੇ ਸਮੇਂ ਲਈ ਧਰਨਾ ਲਗਾਉਣਗੇ ਅਤੇ ਜਬਰੀ ਟੋਲ ਪਲਾਜਾ ਤੋਂ ਰਾਹਗੀਰਾਂ ਦੇ ਵਾਹਨਾਂ ਨੂੰ ਲੰਘਾਉਣਗੇ। ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੋਣ ਕਾਰਨ ਜੇਲਸ ਕਰਦਿਆਂ ਜਿੱਥੇ ਟੋਲ ਪਲਾਜਾ ਦੇ ਰੇਟਾਂ ਵਿੱਚ ਇਜਾਫਾ ਕੀਤਾ ਹੈ ਉਥੇ ਆਰਥਿਕ ਪੱਖੋਂ ਵੀ ਸੂਬੇ ਨੂੰ ਕਮਜੋਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਵਾਸੀ ਅਤੇ ਮਾਨ ਸਰਕਾਰ ਕੇਂਦਰ ਸਰਕਾਰ ਦੀਆਂ ਸਿਆਸੀ ਚਾਲਾਂ ਨੂੰ ਭਲੀ ਭਾਂਤੀ ਪਛਾਣ ਚੁੱਕੇ ਹਨ। ਉਨ੍ਹਾਂ ਕਿਹਾ ਕਿ ਦਿੱਲੀ ਅਤੇ ਪੰਜਾਬ ਵਿੱਚ ਕੇਂਦਰ ਦੀ ਮੋਦੀ ਸਰਕਾਰ ਸਿਆਸੀ ਰੰਜਿਸ਼ ਤਹਿਤ ਆਪ ਪਾਰਟੀ ਦੀ ਸਰਕਾਰ ਨੂੰ ਬਦਨਾਮ ਕਰਨ ਵਿੱਚ ਲੱਗੀ ਹੋਈ ਹੈ। ਟੋਲ ਪਲਾਜਾ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਬਾਹਰੀ ਰਾਜਾਂ ਤੋਂ ਆਉਣ ਵਾਲੇ ਰਾਹਗੀਰਾਂ ਨੂੰ ਜਾਪਦਾ ਹੈ ਕਿ ਟੋਲਾ ਦੇ ਰੇਟਾਂ ਵਿੱਚ ਸੂਬਾ ਸਰਕਾਰ ਨੇ ਇਜਾਫਾ ਕੀਤਾ ਹੋਣਾ ਹੈ ਜਦ ਕਿ ਹੁਣ ਇਹ ਸਾਰੀ ਕੇਂਦਰ ਦੀ ਚਾਲ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਹਿਲਾਂ ਕਈ ਟੋਲ ਪਲਾਜੇ ਬੰਦ ਕਰਵਾਕੇ ਆਮ ਲੋਕਾਂ ਨੂੰ ਰਾਹਤ ਦਿੱਤੀ ਹੈ ਹੁਣ ਬਾਰੀ ਲਾਡੋਵਾਲ ਟੋਲ ਪਲਾਜਾ ਨੂੰ ਬੰਦ ਕਰਵਾਉਣ ਦੀ ਹੈ। ਜਿਸ ਨੂੰ ਅਮਲੀ ਜਾਮਾ ਪਹਿਨਾਉਣ ਲਈ ਪੰਜਾਬ ਵਾਸੀਆਂ ਨੂੰ ਸੂਬਾ ਸਰਕਾਰ ਦਾ ਸਾਥ ਦੇਣ ਦੀ ਲੋੜ ਹੈ।

# ਉੱਘੇ ਕਵੀ ਧੀਰ ਦੇ ਦੋਹਤਰੇ ਤੇ ਸ਼ਹੀਦ ਰਾਏਪੁਰੀ ਦੇ ਸਪੁੱਤਰ ਸਿੱਧੂ ਨਾਲ ਰੂਬਰੂ ਤੇ ਸਨਮਾਨ

**ਜਲੰਧਰ (ਕੇਸਰ)**

ਸੰਤੋਖ ਸਿੰਘ ਧੀਰ ਦੇ ਦੋਹਤਰੇ ਅਤੇ ਸ਼ਹੀਦ ਬੰਤ ਰਾਏਪੁਰੀ ਦੇ ਸਪੁੱਤਰ ਰਮਨਜੀਤ ਸਿੰਘ ਸਿੱਧੂ ਦਾ ਦੇਸ਼ ਭਗਤ ਯਾਦਗਾਰ ਹਾਲ ਆਉਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਉਹਨਾਂ ਨਾਲ ਹੋਈ ਨਿੱਘੀ ਮਿਲਣੀ ਅਤੇ ਰੂਬਰੂ ਨੇ ਦੇਸ ਬਦੇਸ ਵਸਦੇ ਸਮੂਹ ਸੁਹਿਰਦ, ਸੰਵੇਦਨਸ਼ੀਲ, ਲੇਖਕਾਂ, ਪੱਤਰਕਾਰਾਂ, ਕਵੀਆਂ, ਸਾਹਿਤਕਾਰਾਂ, ਰੰਗ ਕਰਮੀਆਂ, ਤਰਕਸ਼ੀਲ ਅਤੇ ਜਮਹੂਰੀ ਹੱਕਾਂ ਦੇ ਚਿੰਤਨਸ਼ੀਲ ਕਾਮਿਆਂ ਦਾ ਆਪਸੀ ਤਾਲਮੇਲ ਪ੍ਰਸਪਰ ਸਹਿਯੋਗ ਅਤੇ ਸਰਗਰਮੀਆਂ ਦਾ ਆਦਾਨ ਪ੍ਰਦਾਨ ਕਰਨਾ ਬਹੁਤ ਜਰੂਰੀ ਹੈ। ਰਮਨਜੀਤ ਸਿੰਘ ਸਿੱਧੂ ਨੇ ਕਨੇਡਾ ਦੀ ਚਕਾਚੌਂਧ ਦੇ ਫਿੱਕੇ ਪਏ ਰੰਗਾਂ ਦਾ ਵਿਸ਼ਲੇਸ਼ਣ ਕਰਦਿਆਂ ਮੁੱਲਵਾਨ ਵਿਚਾਰ ਸਾਂਝੇ ਕੀਤੇ। ਉਹਨਾਂ ਨੇ ਬਹੁਤ ਸੂਖਮਤਾ ਅਤੇ ਠੋਸ ਜਾਣਕਾਰੀ ਦੇ ਆਧਾਰ ਤੇ ਦਰਸਾਇਆ ਕਿ ਉਥੇ ਦੀ ਬੁਰੀ ਤਰ੍ਹਾਂ ਨਿੱਘਰਦੀ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਹਾਲਤ ਵਿੱਚ ਉਦਾਸੀ, ਤਣਾਅ, ਨਿਰਾਸਤਾ ਦਾ ਪਨਪਦਾ ਆਲਮ ਭਵਿੱਖ ਵਿੱਚ ਕੋਠੇ ਚੜ੍ਹਕੇ ਬੋਲੇਗਾ। ਉਹਨਾਂ ਜੋਰ ਦੇ ਕੇ ਕਿਹਾ ਕਿ ਇਹ ਤਿਲਸਮੀ ਸਭਿਆਚਾਰ ਦੀ ਰੰਗੀਨੀ ਤੇਜੀ ਨਾਲ ਜੱਗ ਜਾਹਰ ਹੋ ਰਹੀ ਹੈ ਇਸ ਲਈ ਪੰਜਾਬ ਦੀ ਜੁਆਨੀ ਨੂੰ ਸਵੈ-ਮੰਥਨ ਕਰਦਿਆਂ ਆਪਣੇ ਘਰ ਦਾ ਵਿਹੜਾ ਸੰਵਾਰਨ ਅਤੇ ਗਦਰੀ ਬਾਬਿਆਂ ਦੀਆਂ ਪੈੜਾਂ ਨੂੰ ਪੜ੍ਹਨ, ਸਮਝਣ ਦੀ ਤੀਬਰ ਲੋੜ ਹੈ। ਰਮਨਜੀਤ ਸਿੱਧੂ ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਕਿਤਾਬਾਂ ਦੇ ਗੁਲਦਸਤੇ ਨਾਲ ਸਨਮਾਨ ਕੀਤਾ ਗਿਆ। ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਦੇਖ ਰੇਖ ਕਮੇਟੀ ਦੇ ਕਨਵੀਨਰ ਰਣਜੀਤ ਸਿੰਘ ਔਲਖ, ਕਮੇਟੀ ਮੈਂਬਰ ਡਾ. ਸੈਲੇਸ, ਸਭਿਆਚਾਰਕ ਵਿੰਗ ਦੇ ਪਰਿਵਾਰ ਨਾਲ ਜੁੜੇ ਡਾ.ਮੰਗਤ ਰਾਏ, ਪਰਮਜੀਤ ਸਿੰਘ ਕਡਿਆਣਾ ਅਤੇ ਜਸਵਿੰਦਰ ਭੋਗਲ ਹਾਜਰ ਸਨ।



# ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਦੀ ਸੂਬਾਈ ਰੈਲੀ 10 ਨੂੰ

**ਜਲੰਧਰ (ਰਾਜੇਸ਼ ਥਾਪਾ)**

ਮਿੱਡ-ਡੇ-ਮੀਲ ਵਰਕਰਜ ਯੂਨੀਅਨ ਪੰਜਾਬ ਜ਼ਿਲ੍ਹਾ ਜਲੰਧਰ ਦੀ ਮੀਟਿੰਗ ਜਸਵਿੰਦਰ ਕੌਰ ਟਾਹਲੀ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਯੂਨੀਅਨ ਦੀ ਜ਼ਿਲ੍ਹਾ ਜਲੰਧਰ ਦੀ ਜਨਰਲ ਸਕੱਤਰ ਸਿਮਰਨਜੀਤ ਕੌਰ ਪਾਸਲਾ ਨੇ ਦੱਸਿਆ ਕਿ ਮਿੱਡ-ਡੇ-ਮੀਲ ਵਰਕਰਜ ਯੂਨੀਅਨ ਵਲੋਂ ਲਗਾਤਾਰ ਸੰਘਰਸ ਕਰਨ ਦੇ ਬਾਵਜੂਦ ਵੀ ਪੰਜਾਬ ਸਰਕਾਰ ਵੱਲੋਂ ਮਿੱਡ-ਡੇ-ਮੀਲ ਵਰਕਰਾਂ ਦੀ ਮੰਗਾਂ ਦਾ ਨਿਪਟਾਰਾ ਕਰਨ ਲਈ ਗੰਭੀਰਤਾ ਨਾ ਦਿਖਾਉਣ ਸੰਬੰਧੀ ਮਿੱਡ -ਡੇ-ਮੀਲ ਵਰਕਰਾਂ ਵਿੱਚ ਗੁੱਸੇ ਦੀ ਲਹਿਰ ਭੜਕੀ ਹੋਈ ਹੈ। ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਨੇ ਡੇਢ ਸਾਲ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਕੀਤੇ ਗਏ ਚੋਣ ਵਾਅਦੇ ਅਨੁਸਾਰ ਮਿੱਡ-ਡੇ-ਮੀਲ ਵਰਕਰਾਂ ਦਾ ਮਾਣ ਭੱਤਾ ਦੁੱਗਣਾ ਨਹੀਂ ਕੀਤਾ। ਮਿੱਡ-ਡੇ-ਮੀਲ ਵਰਕਰਾਂ ਦਾ ਮਾਣ ਭੱਤਾ ਕੀਤੇ ਚੋਣ ਵਾਅਦੇ ਅਨੁਸਾਰ ਦੁਗਣਾ ਕਰਵਾਉਣ ਲਈ ਪੰਜਾਬ ਸਰਕਾਰ 'ਤੇ ਦਬਾਅ ਬਣਾਉਣ ਲਈ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਦੇ ਹਲਕੇ ਦਿੜ੍ਹਬਾ (ਸੰਗਰੂਰ) ਵਿਖੇ 10 ਦਸੰਬਰ ਨੂੰ ਵਿਸਾਲ ਸੂਬਾਈ ਰੈਲੀ ਕੀਤੀ ਜਾਵੇਗੀ। ਇਸ ਸੂਬਾਈ ਰੈਲੀ ਨੂੰ ਕਾਮਯਾਬ ਕਰਨ ਲਈ ਜ਼ਿਲ੍ਹਾ ਜਲੰਧਰ ਤੋਂ ਵੱਡੀ ਗਿਣਤੀ ਵਿੱਚ ਮਿੱਡ ਡੇ ਮੀਲ ਵਰਕਰ ਭਾਗ ਲੈਣਗੇ। ਉਹਨਾਂ ਕਿਹਾ ਕਿ ਲਗਾਤਾਰ ਮੰਗ ਪੱਤਰ ਭੇਜਣ ਅਤੇ ਸੰਘਰਸ਼ ਕਰਨ ਦੇ ਬਾਵਜੂਦ ਮਿੱਡ -ਡੇ-ਮੀਲ ਵਰਕਰਾਂ ਦਾ ਮਾਣ ਭੱਤਾ ਕੀਤੇ ਚੋਣ ਵਾਅਦੇ ਅਨੁਸਾਰ ਦੁਗਣਾ ਨਹੀਂ ਕੀਤਾ ਗਿਆ, ਰੈਗੂਲਰ ਕਰਨ ਲਈ ਕੋਈ ਯਤਨ ਨਹੀਂ ਕੀਤੇ ਗਏ, ਗੁਆਂਢੀ ਸੂਬੇ ਹਰਿਆਣਾ ਦੇ ਬਰਾਬਰ 6500/-ਰੁਪਏ ਮਹੀਨਾ ਮਾਣ ਭੱਤਾ ਦੇਣ ਲਈ ਗੰਭੀਰਤਾ ਨਹੀਂ ਦਿਖਾਈ ਜਾ ਰਹੀ, ਵਰਕਰਾਂ ਦਾ ਮੁਫਤ ਪੰਜ ਲੱਖ ਰੁਪਏ ਦਾ ਬੀਮਾ ਨਹੀਂ ਕੀਤਾ ਜਾ ਰਿਹਾ, ਸਾਲ ਦੌਰਾਨ ਦੋ ਵਰਦੀਆਂ ਨਹੀਂ ਦਿੱਤੀਆਂ ਜਾ ਰਹੀਆਂ,ਹਰ 25 ਬੱਚਿਆਂ ਪਿੱਛੇ ਇੱਕ ਹੋਰ ਵਾਧੂ ਵਰਕਰ ਨਹੀਂ ਰੱਖੀ ਜਾ ਰਹੀ, ਘੱਟੋ ਘੱਟ ਉਜਰਤ ਦੇ ਘੇਰੇ ਵਿੱਚ ਲਿਆ ਕੇ ਮਿੱਡ -ਡੇ-ਮੀਲ ਵਰਕਰਾਂ ਨੂੰ 18000/—ਰੁਪਏ ਮਹੀਨਾ ਮਿਹਨਤਾਨਾ ਦੇਣ ਲਈ ਵੀ ਕੋਈ ਵੀ ਕਾਰਵਾਈ ਨਹੀਂ ਕੀਤੀ ਜਾ ਰਹੀ,ਮਿੱਡ -ਡੇ-ਮੀਲ ਵਰਕਰਾਂ ਤੋਂ ਜਬਰੀ ਹੋਰ ਵਾਧੂ ਕੰਮ ਲੈਣੇ ਬੰਦ ਨਹੀਂ ਕੀਤੇ ਜਾ ਰਹੇ, ਸਰਵਿਸ ਬੁੱਕਾਂ ਨਹੀਂ ਲਗਾਈਆਂ ਜਾ ਰਹੀਆਂ, ਪਛਾਣ ਪੱਤਰ ਜਾਰੀ ਨਹੀਂ ਕੀਤੇ ਜਾ ਰਹੇ, ਨਜਾਇਜ ਕੱਢੀਆਂ ਵਰਕਰਾਂ ਨੂੰ ਦੋਬਾਰਾ ਡਿਊਟੀ ਤੇ ਨਹੀਂ ਰੱਖਿਆ ਜਾ ਰਿਹਾ ਆਦਿ ਮੰਗਾਂ ਨੂੰ ਲੈ ਕੇ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਦੇ ਹਲਕੇ ਦਿੜ੍ਹਵਾ (ਸੰਗਰੂਰ) ਵਿਖੇ ਸੂਬਾਈ ਰੈਲੀ ਕੀਤੀ ਜਾ ਰਹੀ ਹੈ ਤਾਂ ਜੋ ਪੰਜਾਬ ਸਰਕਾਰ 'ਤੇ ਦਬਾਅ ਬਣਾਇਆ ਜਾ ਸਕੇ ਅਤੇ ਮੰਗਾਂ ਦੇ ਨਿਪਟਾਰੇ ਲਈ ਆਗੂਆਂ ਦੀ ਪੰਜਾਬ ਸਰਕਾਰ ਨਾਲ ਦੋਧਿਰੀ ਗੱਲਬਾਤ ਹੋ ਸਕੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਅਮਰਜੀਤ ਕੌਰ ਨਗਰ, ਸਵੀਟੀ ਤੱਖਰ ਜਸਵੀਰ ਕੌਰ ਅਮਨਦੀਪ ਕੌਰ, ਜਸਵੀਰ ਕੌਰ, ਸੁਖਵਿੰਦਰ ਕੌਰ ਸਰਹਾਲ ਮੁੰਡੀ, ਕਸ਼ਮੀਰ ਕੌਰ ਢੇਸੀ,ਅਮਰਜੀਤ ਕੌਰ, ਰਾਣੀ, ਸਤਵਿੰਦਰ ਕੌਰ, ਮਨਜੀਤ ਕੌਰ, ਗੁਰਜੀਤ ਕੌਰ ਤੋਂ ਇਲਾਵਾ ਪ.ਸ.ਸ.ਫ.ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ , ਕੁਲਦੀਪ ਸਿੰਘ ਕੌੜਾ ਅਤੇ ਨਿਰਮੋਲਕ ਸਿੰਘ ਹੀਰਾ ਸਿੰਘ ਵੀ ਸ਼ਾਮਲ ਹੋਏ।



# ਸਕੂਲ ਨੂੰ ਦਿੱਤੀ ਪੰਜ ਹਜ਼ਾਰ ਦੀ ਸਹਾਇਤਾ



**ਭਲਾਣ, (ਹਰਭਜਨ ਢਿੱਲੋਂ)**- ਇਲਾਕੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਖੇੜਾ ਕਲਮੋਟ ਲਈ ਦਾਨ ਵਜੋਂ ਰਾਜੇਸ਼ ਧੀਮਾਨ ਪਿੰਡ ਖੇੜਾ ਕਲਮੋਟ ਨੇ 5000/-ਰੁਪਏ ਦੀ ਰਾਸ਼ੀ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਧੀਮਾਨ ਦੀ ਪ੍ਰੇਰਨਾ ਸਰੋਤ ਭੇਂਟ ਕੀਤੀ। ਉਨ੍ਹਾਂ ਨਾਲ ਸਕੂਲ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਚਰਚਾ ਕੀਤੀ ਗਈ। ਪ੍ਰੇਮ ਕੁਮਾਰ ਰਾਜ ਪੁਰਸਕਾਰ ਵਿਜੇਤਾ ਨੇ ਰਾਜੇਸ਼ ਧੀਮਾਨ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਤੇ ਦੱਸਿਆ ਕਿ ਇਨ੍ਹਾਂ ਨੇ ਆਉਣ ਵਾਲੇ ਸਮੇਂ ਵਿੱਚ ਵੀ ਸਕੂਲ ਦੇ ਬੱਚਿਆਂ ਦੇ ਹਿੱਤਾਂ ਲਈ ਸਮੇਂ-ਸਮੇਂ ਤੇ ਮਦਦ ਕਰਨ ਦਾ ਭਰੋਸਾ ਦਿੱਤਾ ਹੈ। ਇਸ ਮੌਕੇ ਤੇ ਸਮਾਜ ਸੇਵੀ ਰਾਮਪਾਲ ਸ਼ਰਮਾ,ਅਮਰੀਕ ਸਿੰਘ ਦਿਆਲ, ਗੁਰਵਿੰਦਰ ਸਿੰਘ ਡੀ ਪੀ ਈ,ਲੈਕਚਰਾਰ ਸੁਦੇਸ਼ ਕੁਮਾਰੀ, ਮੀਤਕ ਸ਼ਰਮਾ,ਪ੍ਰਿਅੰਕਾ ਐਰੀ, ਮੈਡਮ ਅੰਜਨਾ,ਸਪਨਾ ਰਾਣਾ,ਕੁਲਦੀਪ ਸਿੰਘ, ਰਾਜੇਸ਼ ਕੁਮਾਰ, ਰਾਣਾ ਪਲਵਿੰਦਰ ਸਿੰਘ ਕੰਪਿਊਟਰ ਫੈਕਲਟੀ ਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ ।

# ਬਾਬਾ ਸਾਹਿਬ ਦੇ ਦੱਸੇ ਰਸਤੇ 'ਤੇ ਚੱਲਣਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ

**ਬਹਿਰਾਮ (ਅਵਤਾਰ ਕਲੇਰ)** ਬੰਗਾ ਹਲਕੇ ਦੇ ਪਿੰਡ ਖੋਥੜਾਂ ਵਿਖੇ ਭਾਰਤੀ ਸਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ.ਅੰਬੇਡਕਰ ਜੀ ਦਾ ਪ੍ਰੀ-ਨਿਰਵਾਣ ਦਿਵਸ ਮਨਾਇਆ ਗਿਆ। ਇਸ ਮੌਕੇ ਉਨਾਂ ਦੇ ਸਟੈਚੂ ਤੇ ਫੁੱਲ ਮਾਲਾਵਾਂ ਭੇਂਟ ਕੀਤੀਆਂ ਗਈਆਂ। ਬਾਬਾ ਸਾਹਿਬ ਜੀ ਨੇ ਦੇਸ਼ ਦੇ ਦੱਬੇ ਕੁੱਚਲੇ ਕਰੋੜਾਂ ਗਰੀਬ ਲੋਕਾਂ ਨੂੰ ਉਨਾਂ ਦੇ ਹੱਕ ਅਧਿਕਾਰ ਲੈ ਕੇ ਦਿੱਤੇ, ਜਿਸ ਤੋਂ ਉਨਾਂ ਨੂੰ ਸਦੀਆਂ ਤੋਂ ਵਾਂਝੇ ਰੱਖਿਆ ਗਿਆ ਸੀ। ਅਸੀਂ ਬਾਬਾ ਸਾਹਿਬ ਜੀ ਦਾ ਦੇਣਾ ਕਦੇ ਵੀ ਨਹੀਂ ਦੇ ਸਕਦੇ। ਉਨਾਂ ਦੇ ਦੱਸੇ ਰਸਤੇ 'ਤੇ ਚੱਲਣਾ ਹੀ ਉਨਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ । ਇਸ ਮੌਕੇ ਤੇ ਬਸਪਾ ਆਗੂ ਪਰਵੀਨ ਬੰਗਾ , ਡਾ. ਮੋਹਣ ਲਾਲ ਬੱਧਣ ,ਜੀਤਾ ਪੰਚ,ਸੋਮ ਨਾਥ,ਚਾਂਦੀ ਰਾਮ,ਅਨਵਰ,ਮਹਿੰਦਰ ਪਾਲ, ਚਿਰੰਜੀ ਲਾਲ, ਰਾਮ ਲਾਲ ਤੇ ਸਮੂਹ ਪਿੰਡ ਵਾਸੀ ਹਾਜਰ ਸਨ।



# ਸੀ ਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਹੋਸਪਿਟਿਲਟੀ ਮੈਨੇਜਮੈਂਟ ਵਿਭਾਗ ਵੱਲੋਂ ਕੇਕ ਮਿਕਸਿੰਗ ਸਮਾਰੋਹ



**ਜਲੰਧਰ (ਸ਼ੈਲੀ ਐਲਬਰਟ)**-ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਿਖੇ ਹੋਸਪਿਟੈਲਿਟੀ ਮੈਨੇਜਮੈਂਟ ਵਿਭਾਗ ਨੇ ਤਿਉਹਾਰੀ ਸੀਜ਼ਨ ਦੀ ਸ਼ੁਰੂਆਤ ਬਹੁਤ ਹੀ ਉਤਸ਼ਾਹ ਅਤੇ ਖੁਸ਼ੀ ਨਾਲ ਕਰਦੇ ਹੋਏ ਇੱਕ ਸ਼ਾਨਦਾਰ ਕੇਕ ਮਿਕਸਿੰਗ ਸਮਾਰੋਹ ਦਾ ਆਯੋਜਨ ਕੀਤਾ ।। ਇਸ ਮੌਕੇ ਗੋ ਹੋਟਲਜ਼ ਦੇ ਸੀ.ਈ.ਓ. ਜੋਏਦੀਪ , ਰਮਾਦਾ ਐਨਕੋਰ ਦੇ ਐਚਆਰ ਅਤੇ ਸਿਖਲਾਈ ਮੈਨੇਜਰ, ਰੋਹਿਤ ਸ਼ੰਮੀ; ਰਮਾਦਾ ਐਨਕੋਰ ਵਿਖੇ ਐਗਜ਼ਿਕੁਟਿਵ ਸ਼ੈੱਫ, ਪਰਮਜੀਤ ਸਿੰਘ ਅਤੇ ਪ੍ਰਸਿੱਧ ਵਲੌਗਰ, ਅਮਿਤਾ ਕੌਰਾ ਮਹਿਮਾਨ ਵਜੋਂ ਮੌਜੂਦ ਰਹੇ।। ਕੇਕ ਮਿਕਸਿੰਗ ਦੀ ਪਰੰਪਰਾ ਤਿਉਹਾਰਾਂ ਦੀ ਸ਼ੁਰੂਆਤ ਨੂੰ ਦਰਸਾਉਂਦੀ ਹੈ। ਇਸ ਵਿੱਚ ਡ੍ਰਾਈ ਫਰੂਟ, ਵਨੀਲਾ ਅਸੇਂਸ ਅਤੇ ਵੱਖ-ਵੱਖ ਸਮੱਗਰੀਆਂ ਦਾ ਸੁਚੱਜਾ ਮਿਸ਼ਰਣ ਸ਼ਾਮਲ ਹੈ, ਜੋ ਕਿ ਏਕਤਾ ਅਤੇ ਜਸ਼ਨ ਦੀ ਭਾਵਨਾ ਦਾ ਪ੍ਰਤੀਕ ਹੈ । ਇਸ ਸਮਾਗਮ ਵਿੱਚ ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ,ਕੋਰ ਟੀਮ ਮੈਂਬਰ ਤਨਿਕਾ ਸਿੰਘ, ; ਡਿਜੀਟਲ ਮਾਰਕੀਟਿੰਗ ਅਤੇ ਬ੍ਰਾਂਡਿੰਗ ਦੇ ਡਾਇਰੈਕਟਰ ਡਾ. ਸੁਮੇਸ਼ ਸੈਣੀ ਅਤੇ ਹਾਸਪੀਟੈਲਿਟੀ ਵਿਭਾਗ ਦੇ ਪ੍ਰਿੰਸੀਪਲ ਡਿਵੋਏ ਛਾਬਾਰਾ, ਫੈਕਲਟੀ ਮੈਂਬਰ ਅਤੇ ਸਟਾਫ਼ ਨੇ ਵੀ ਇਸ ਸਰਗਰਮੀ ਨਾਲ ਹਿੱਸਾ ਲਿਆ।। ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਨੇ ਇੱਕ ਸ਼ਾਨਦਾਰ ਸਮਾਗਮ ਦੇ ਆਯੋਜਨ ਵਿੱਚ ਹੋਸਪਿਟੈਲਿਟੀ ਮੈਨੇਜਮੈਂਟ ਵਿਭਾਗ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ । ਗੋ ਹੋਟਲਜ਼ ਦੇ ਸੀਈਓ, ਜੋਏਦੀਪ ਨੇ ਜਸ਼ਨ ਦਾ ਹਿੱਸਾ ਬਣਨ ਤੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਏਕਤਾ ਅਤੇ ਮੇਲ-ਮਿਲਾਪ ਦੀ ਭਾਵਨਾ ਨੂੰ ਵਧਾਉਣ ਲਈ ਅਜਿਹੇ ਸੱਭਿਆਚਾਰਕ ਸਮਾਗਮਾਂ ਦੀ ਮਹੱਤਤਾ ਤੇ ਜ਼ੋਰ ਦਿੱਤਾ।

## ਵਿਦਿਆਰਥਣਾਂ ਨੇ ਪ੍ਰਾਪਤ ਕੀਤੇ 6.5 ਬੈਂਡ



**ਮਹਿਤਪੁਰ (ਰਾਜਾ)** ਸ਼ਹਿਰ ਦੇ ਮੇਨ ਰੋਡ ਨੇੜੇ ਬੱਸ ਸਟੈਂਡ ਇਲਾਕੇ ਦੀ ਨਾਮਵਰ ਆਇਲੈਟਸ ਸੈਂਟਰ ਗੁਰੂ ਨਾਨਕ ਸਟੱਡੀ ਪੁਆਇੰਟ ਦੇ ਬੱਚੇ ਆਇਲੈਟਸ ਵਿੱਚੋਂ ਚੰਗੇ ਬੈਂਡ ਲੈ ਕੇ ਆਪਣਾ ਬਾਹਰ ਜਾਣ ਦਾ ਸੁਪਨਾ ਪੂਰਾ ਕਰ ਰਹੇ ਹਨ। ਪਹਿਲਾਂ ਦੀ ਤਰ੍ਹਾਂ ਇਸ ਹਫਤੇ ਵੀ ਬੱਚਿਆਂ ਨੇ ਆਪਣੇ ਮਨਚਾਹੇ ਬੈਂਡ ਪ੍ਰਾਪਤ ਕੀਤੇ ਹਨ। ਬੀਤੇ ਦਿਨੀਂ ਆਇਲੈਟਸ ਯੂ ਕੇ ਵੀ ਆਈ ਵਿਚੋਂ ਪ੍ਰਵੀਨ ਕੁਮਾਰੀ ਤੇ ਰਜਨੀ ਨੇ 6.5 ਬੈਂਡ ਪ੍ਰਾਪਤ ਕੀਤੇ । ਇਸ ਮੌਕੇ ਸੰਸਥਾ ਦੇ ਪ੍ਰਬੰਧਕ ਸਿਮਰਨ ਕੌਰ ਨੇ ਵਿਦਿਆਰਥਣ ਨੂੰ ਚੰਗੇ ਭਵਿੱਖ ਲਈ ਵਧਾਈ ਦਿੱਤੀ।

# ਮਾਨ ਸਰਕਾਰ ਦੀਆਂ ਪ੍ਰਾਪਤੀਆਂ ਸਦਕਾ ਲੋਕ ਸਭਾ ਚੋਣਾਂ 'ਚ ਮਿਲੇਗਾ ਵੋਟਰਾਂ ਦਾ ਸਾਥ : ਭਾਟੀਆ



**ਫਗਵਾੜਾ, (ਡਾ. ਰਮਨ)**

ਆਮ ਆਦਮੀ ਪਾਰਟੀ ਦੇ ਬਲਾਕ ਇੰਚਾਰਜ ਰਾਓ ਕੈਂਡੋਵਾਲ ਵੱਲੋਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਨੂੰ ਲੈ ਕੇ ਪਾਰਟੀ ਦੇ ਅਹੁਦੇਦਾਰਾਂ ਅਤੇ ਵਰਕਰਾਂ ਨਾਲ ਮੀਟਿੰਗਾਂ ਦਾ ਦੌਰ ਜਾਰੀ ਹੈ। ਅਜਿਹੀ ਹੀ ਇੱਕ ਮੀਟਿੰਗ ਪਾਰਟੀ ਦੇ ਜ਼ਿਲ੍ਹਾ ਵਿੱਤ ਸਕੱਤਰ ਅਸ਼ੋਕ ਭਾਟੀਆ ਦੀ ਪ੍ਰਧਾਨਗੀ ਹੇਠ ਹੋਈ। ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰੇ ਦੌਰਾਨ ਅਸ਼ੋਕ ਭਾਟੀਆ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਪਹਿਲੇ ਪੌਣੇ ਦੋ ਸਾਲ ਦੇ ਕਾਰਜਕਾਲ ਵਿੱਚ ਕੀਤੇ ਕੰਮਾਂ ਨੂੰ ਮਿਸਾਲ ਵਜੋਂ ਯਾਦ ਕੀਤਾ ਜਾਵੇਗਾ। ਪੰਜਾਬ ਦੇ ਲੋਕਾਂ ਨੂੰ ਸੂਬਾ ਸਰਕਾਰ ਨੇ ਸਭ ਤੋਂ ਪਹਿਲਾ ਤੋਹਫ਼ਾ ਮੁਫ਼ਤ ਘਰੇਲੂ ਬਿਜਲੀ ਦੇ ਰੂਪ ਵਿਚ ਦਿੱਤਾ। ਗਰੀਬ ਅਤੇ ਮੱਧ ਵਰਗ ਦੇ ਲੋਕਾਂ ਲਈ ਇਹ ਰਾਹਤ ਬਹੁਤ ਵੱਡੀ ਹੈ। ਕਿਉਂਕਿ ਆਮ ਲੋਕਾਂ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਉਨ੍ਹਾਂ ਦੇ ਬਿਜਲੀ ਦੇ ਵੱਡੇ ਬਿੱਲ ਜ਼ੀਰੋ ਬਿੱਲਾਂ ਵਿੱਚ ਬਦਲ ਸਕਦੇ ਹਨ। ਭਾਟੀਆ ਨੇ ਕਿਹਾ ਕਿ ਸਰਕਾਰੀ ਦਫਤਰਾਂ ਵਿੱਚ ਭ੍ਰਿਸ਼ਟਾਚਾਰ ਨੂੰ ਕਾਫੀ ਹੱਦ ਤੱਕ ਨੱਥ ਪਾਈ ਗਈ ਹੈ। ਪੁਲਿਸ ਡਰੱਗ ਮਾਫੀਆ ਅਤੇ ਸ਼ਰਾਬ ਮਾਫੀਆ ਖਿਲਾਫ ਸਖਤੀ ਵਰਤ ਰਹੀ ਹੈ। ਭਾਵੇਂ ਦਹਾਕਿਆਂ ਤੋਂ ਚੱਲੇ ਆ ਰਹੇ ਭ੍ਰਿਸ਼ਟਾਚਾਰ ਅਤੇ ਮਾਫੀਆ ਰਾਜ ਨੂੰ ਜੜ੍ਹੋਂ ਪੁੱਟਣ ਲਈ ਕੁਝ ਸਮਾਂ ਲੱਗੇਗਾ, ਪਰ 'ਆਪ' ਸਰਕਾਰ ਆਪਣੇ ਪੰਜ ਸਾਲਾਂ ਦੇ ਸ਼ਾਸਨ 'ਚ ਜ਼ਰੂਰ ਕਾਮਯਾਬ ਹੋਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਭਗਵੰਤ ਮਾਨ ਸਰਕਾਰ ਦੇ ਹੁਣ ਤੱਕ ਦੇ ਕੰਮਾਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ। ਫਗਵਾੜਾ ਦੇ ਵਿਕਾਸ 'ਤੇ ਵੀ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ। ਸਰਕਾਰ ਦੀਆਂ ਹੁਣ ਤੱਕ ਦੀਆਂ ਪ੍ਰਾਪਤੀਆਂ ਦੇ ਆਧਾਰ 'ਤੇ ਪਾਰਟੀ ਨੂੰ ਫਗਵਾੜਾ ਨਿਗਮ ਚੋਣਾਂ ਅਤੇ ਲੋਕਸਭਾ ਚੋਣਾਂ 'ਚ ਭਾਰੀ ਜਨ ਸਮਰਥਨ ਮਿਲੇਗਾ। ਇਸ ਦੌਰਾਨ ਰਾਓ ਕੈਂਡੋਵਾਲ ਨੇ ਵਰਕਰਾਂ ਨੂੰ ਸੱਦਾ ਦਿੱਤਾ ਕਿ ਉਹ ਲੋਕਾਂ ਵਿੱਚ ਜਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਹੱਲ ਕਰਾਉਣ ਲਈ ਯਤਨ ਕਰਨ। ਉਨ੍ਹਾਂ ਲੋਕ ਸਭਾ ਚੋਣਾਂ ਲਈ ਕਮਰ ਕੱਸੇ ਕਰਦਿਆਂ ਅਤੇ ਪਾਰਟੀ ਦੀਆਂ ਨੀਤੀਆਂ ਤੇ ਭਗਵੰਤ ਮਾਨ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਹਰ ਵੋਟਰ ਤੱਕ ਪਹੁੰਚਾਉਣ ਦੀ ਗੱਲ ਵੀ ਕਹੀ ਤਾਂ ਜੋ ਫਗਵਾੜਾ ਵਿਧਾਨ ਸਭਾ ਹਲਕੇ ਤੋਂ ਪਾਰਟੀ ਉਮੀਦਵਾਰ ਨੂੰ ਵੱਡੀ ਲੀਡ ਮਿਲ ਸਕੇ। ਇਸ ਮੌਕੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਪਰਸਨ ਲਲਿਤ ਸਕਲਾਨੀ, ਨਗਰ ਸੁਧਾਰ ਟਰੱਸਟ ਫਗਵਾੜਾ ਦੇ ਚੇਅਰਮੈਨ ਐਡਵੋਕੇਟ ਕਸ਼ਮੀਰ ਸਿੰਘ ਮੱਲੀ, ਮਾਰਕੀਟ ਕਮੇਟੀ ਫਗਵਾੜਾ ਦੇ ਚੇਅਰਮੈਨ ਤਵਿੰਦਰ ਰਾਮ ਅਤੇ ਹੋਰ ਪਾਰਟੀ ਆਗੂ ਵੀ ਹਾਜ਼ਰ ਸਨ।

## ਖੇਮਕਰਨ ਡੇਰੇ 'ਚ ਦੋਵੇਂ ਸੰਤਾਂ ਦੀਆਂ ਸੰਗ-ਏ-ਮਰਮਰ ਦੀਆਂ ਮੂਰਤੀਆਂ ਸਥਾਪਤ ਹੋਣਗੀਆਂ

**ਜਲੰਧਰ (ਸੁਰਿੰਦਰ ਕੁਮਾਰ)**- ਤਪ ਅਸਥਾਨ ਸੰਤ ਬਾਬਾ ਲਾਲ ਦਾਸ ਜੀ-ਡੇਰਾ ਮਾਈ ਗੌਰਾਂ, ਖੇਮਕਰਨ, ਦੇ ਪ੍ਰਬੰਧਕੀ-ਸੇਵਾਦਾਰ ਓਮ ਪ੍ਰਕਾਸ਼ ਖੇਮਕਰਨੀ ਸੂਚਨਾ ਦੇਂਦੇ ਹਨ ਕਿ ਸ਼ਰਧਾਲੂਆਂ ਦੀਆਂ ਇੱਛਾਵਾਂ ਨੂੰ ਧਿਆਨ 'ਚ ਰਖਦੇ ਹੋਏ ਦੋਵੇਂ ਸੰਤਾਂ ਦੀਆਂ ਸੰਗ-ਏ-ਮਰਮਰ ਦੀਆਂ ਮੂਰਤੀਆਂ ਡੇਰੇ 'ਚ ਸਥਾਪਿਤ ਕਰਨ ਦਾ ਨਿਰਣਾ ਲਿਆ ਗਿਆ ਹੈ। ਇਸ ਦੇ ਅਨੁਸਾਰ ਦੋਵੇਂ ਸੰਤਾਂ ਦੀਆਂ ਤਸਵੀਰਾਂ ਜੈਪੁਰ 'ਚ ਮੂਰਤੀਆਂ ਬਨਾਉਣ ਲਈ ਭੇਜ ਦਿੱਤੀਆਂ ਗਈਆਂ ਹਨ। ਮੂਰਤੀਆਂ ਤਰਾਸ਼ਨ 'ਚ ਹਾਲੇ ਕਾਫੀ ਸਮਾਂ ਲਗੇਗਾ। ਮਾਈ ਗੌਰਾਂ ਜੀ ਦੀ ਪਰਮ ਸੇਵਿਕਾ ਮਾਤਾ ਪ੍ਰੀਤਮ ਕੌਰ ਨੇ ਮੂਰਤੀਆਂ ਲਈ 20 ਹਜ਼ਾਰ ਰੁਪਏ ਦੀ ਰਕਮ ਦਿੱਤੀ ਹੈ।

## ਮਮਤਾ ਦਿਵਸ ਮਨਾਇਆ

**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੇ ਅਤੇ ਸੀਨੀਅਰ ਮੈਡੀਕਲ ਅਫਸਰ ਗੀਤਾਂਜਲੀ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ ਪਿੰਡ ਅਮਰਗੜ੍ਹ ਵਿੱਖੇ ਮਮਤਾ ਦਿਵਸ ਮਨਾਇਆ ਗਿਆ। ਸਿਹਤ ਅਧਿਕਾਰੀ ਏ ਐਨ ਐਮ ਗੁਰਦੇਵ ਕੌਰ, ਏ ਐਨ ਐਮ ਪਰਵੀਨ ਕੁਮਾਰੀ , ਵਲੋਂ ਗਰਭਵਤੀ ਮਾਵਾਂ ਦਾ ਚੈੱਕਅੱਪ ਤੇ ਬੱਚਿਆਂ ਦਾ ਟੀਕਾਕਰਣ ਕੀਤਾ ਗਿਆ ਤੇ ਲੋਕਾਂ ਨੂੰ ਸਿਹਤ ਸਹੂਲਤਾਂ, ਮੁਫ਼ਤ ਜਣੇਪਾ, ਮੁਫ਼ਤ ਟੈਸਟ ਤੇ ਮੁਫਤ ਇਲਾਜ਼, ਡੇਂਗੂ ਮਲੇਰੀਆ ਤੇ ਨਸ਼ਿਆਂ ਤੇ ਭਰੂਣ ਹਤਿਆ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ 'ਤੇ ਪਿੰਡ ਅਮਰਗੜ੍ਹ ਵਾਸੀ ਮੌਜੂਦ ਸਨ। ਗੁਰਦੇਵ ਕੌਰ ਕਿਹਾ ਕਿ ਲੋਕਾਂ ਨੂੰ ਜਾਗਰੂਕ ਹੋਣਾ ਚਾਹੀਦਾ ਹੈ ਅਤੇ ਅਜਿਹੇ ਕੱਪੜੇ ਪਾਉਣੇ ਚਾਹੀਦੇ ਹਨ, ਜਿਨ੍ਹਾਂ ਨਾਲ ਪੂਰਾ ਸਰੀਰ ਢੱਕਿਆ ਹੋਵੇ ਤਾਂ ਜੋ ਮੱਛਰ ਨਾ ਕੱਟ ਸਕੇ। ਮੱਛਰ ਪੈਦਾ ਹੋਣ ਦੇ ਸੋਮਿਆਂ ਦਾ ਖਾਤਮਾ ਕੀਤਾ ਜਾਵੇ।



# ਬਲਜੀਤ ਕੌਰ ਨੇ ਕੀਤਾ ਸੇਵਾ ਕੇਂਦਰ ਦਾ ਉਦਘਾਟਨ, ਜਿੰਪਾ ਨੇ ਮਹਿਮਾਨਾਂ ਨੂੰ ਵੰਡੇ ਬੂਟੇ

**ਮੋਹਾਲੀ, (ਗੁਰਜੀਤ ਬਿੱਲਾ)**

ਇਥੇ ਸੈਕਟਰ 76 ਵਿੱਚ ਡਾ. ਸ਼ੇਰ ਸਿੰਘ ਮੈਮੋਰੀਅਲ ਟਰੱਸਟ ਅਤੇ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਦੇ ਚੇਅਰਮੈਨ ਅਤੇ ਕੋਇੰਚਾਰਜ ਆਪ ਚੰਡੀਗੜ੍ਹ, ਡਾ. ਐਸ.ਐਸ. ਆਹਲੂਵਾਲੀਆ ਵਲੋਂ ਸ਼ੁਰੂ ਕੀਤੇ ਗਏ ਸੇਵਾ ਕੇਂਦਰ ਦਾ ਪੰਜਾਬ ਕੈਬਨਿਟ ਮੰਤਰੀ ਬਲਜੀਤ ਕੌਰ ਨੇ ਰਿਬਨ ਕੱਟ ਕੇ ਰਸ਼ਮੀ ਤੌਰ 'ਤੇ ਉਦਘਾਟਨ ਕੀਤਾ। ਇਸ ਮੌਕੇ ਉਤੇ ਪੰਜਾਬ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ, ਡੇਰਾਬਸੀ ਤੋਂ ਐਮਐਲਏ ਕੁਲਜੀਤ ਸਿੰਘ ਰੰਧਾਵਾਂ, ਪੀਐਸਆਈਈਸੀ ਦੇ ਚੇਅਰਮੈਨ ਦਲਬੀਰ ਸਿੰਘ ਢਿਲੋਂ, ਆਪ ਦੇ ਸੂਬਾ ਸਕੱਤਰ ਅਤੇ ਪੰਜਾਬ ਐਗਰੋ ਦੇ ਚੇਅਰਮੈਨ ਸ਼ਮਿੰਦਰ ਸਿੰਘ ਖਿੰਡਾ, ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਸਿੰਗਲਾ ਅਤੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਵੀ ਸ਼ਿਰਕਤ ਕੀਤੀ। ਇੱਥੇ ਡਾ. ਸ਼ੇਰ ਸਿੰਘ ਦੀ ਦੂਜੀ ਬਰਸੀ ਮੌਕੇ ਸਰਧਾਂਜਲੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਉਨ੍ਹਾਂ ਨੂੰ ਵੱਖ ਵੱਖ ਕੈਬਨਿਟ ਮੰਤਰੀਆਂ, ਐਮਐਲਏ, ਚੇਅਰਮੈਨਾਂ ਅਤੇ ਆਏ ਹੋਏ ਮਹਿਮਾਨਾਂ ਨੇ ਸ਼ਰਧਾਂਜਲੀ ਭੇਂਟ ਕੀਤੀ। ਡਾ. ਐਸ.ਐਸ. ਆਹਲੂਵਾਲੀਆ ਨੇ ਕਿਹਾ ਕਿ ਡਾ. ਸ਼ੇਰ ਸਿੰਘ ਦੀ ਦੂਜੀ ਬਰਸੀ ਮੌਕੇ ਉਨ੍ਹਾਂ ਵਲੋਂ ਡਾ. ਸ਼ੇਰ ਸਿੰਘ ਮੈਮੋਰੀਅਲ ਟਰੱਸਟ ਦੇ ਨਾਲ ਮਿਲ ਕੇ ਇਸ ਸੇਵਾ ਕੇਂਦਰ ਦੀ ਸ਼ੁਰੂਆਤ ਕੀਤੀ ਗਈ। ਇਸ ਸੇਵਾ ਕੇਂਦਰ ਰਾਹੀਂ ਆਮ ਲੋਕਾਂ ਨੂੰ ਵੱਖ ਵੱਖ ਸੇਵਾਵਾਂ ਪ੍ਰਾਪਤ ਕਰਨ ਵਿੱਚ ਬਹੁਤ ਮਦਦ ਮਿਲੇਗੀ। ਉਨ੍ਹਾਂ ਦੱਸਿਆ ਕਿ ਇੱਥੇ ਅਧਾਰ ਕਾਰਡ, ਰਾਸ਼ਨ ਕਾਰਡ, ਵੋਟਰ ਆਈਡੀ ਕਾਰਡ, ਵਿਆਹ ਦੇ ਸਰਟੀਫਿਕੇਟ, ਇੰਨਕਮ ਟੈਕਸ ਸਰਟੀਫਿਕੇਟ, ਓਬੀਸੀ ਸਰਟੀਫਿਕੇਟ, ਬੀਸੀ, ਐਸਸੀ ਅਤੇ ਐਸਟੀ ਸਰਟੀਫਿਕੇਟ, ਵਿਧਵਾ ਪੈਨਸ਼ਨ, ਅੰਗਹੀਣਤਾ ਪੈਨਸ਼ਨ ਅਤੇ ਬੁਢਾਪਾ ਪੈਨਸ਼ਨ, ਨਿਰਭਰ ਬੱਚਿਆਂ ਦੀ ਪੈਨਸ਼ਨ, ਰਿਹਾਇਸ਼ ਦਾ ਸਰਟੀਫਿਕੇਟ, ਜਨਮ ਅਤੇ ਮੌਤ ਦਾ ਸਰਟੀਫਿਕੇਟ, ਓਬੀਸੀ, ਐਸਸੀ ਅਤੇ ਐਸਟੀ ਸਕਾਲਰਸ਼ਿਪ ਅਤੇ ਉਸਾਰੀ ਕਿਰਤੀਆਂ ਦੇ ਭਲਾਈ ਕਾਰਡ ਦੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਮੌਕੇ ਉਤੇ ਕੈਬਨਿਟ ਮੰਤਰੀ ਬਲਜੀਤ ਕੌਰ ਨੇ ਡਾ. ਸ਼ੇਰ ਸਿੰਘ ਮੈਮੋਰੀਅਲ ਟਰੱਸਟ ਅਤੇ ਡਾ. ਐਸ.ਐਸ. ਆਹਲੂਵਾਲੀਆ ਵਲੋਂ ਖੋਲੇ ਗਏ ਸੇਵਾ ਕੇਂਦਰ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ ਇਸ ਉਪਰਾਲੇ ਦੇ ਨਾਲ ਆਮ ਲੋਕਾਂ ਨੂੰ ਬਹੁਤ ਜ਼ਿਆਦਾ ਫਾਇਦਾ ਹੋਵੇਗਾ। ਇਸ ਮੌਕੇ ਉਤੇ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਵਲੋਂ ਆਏ ਹੋਏ ਮਹਿਮਾਨਾਂ ਨੂੰ ਬੂਟੇ ਵੀ ਵੰਡੇ ਗਏ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ। ਬੂਟੇ ਲਗਾ ਕੇ ਅਸੀਂ ਆਪਣੇ ਵਾਤਾਵਰਣ ਨੂੰ ਹੋਰ ਜ਼ਿਆਦਾ ਸਾਫ਼ ਸੁਥਰਾ ਬਣਾ ਕੇ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਸਵਾਰ ਸਕਦੇ ਹਾਂ। ਇਸ ਮੌਕੇ ਉਤੇ ਡਾ. ਸ਼ੇਰ ਸਿੰਘ ਦੇ ਸਪੁੱਤਰ ਨਵਜੋਤ ਸਿੰਘ ਅਤੇ ਉਦੇ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।



## ਪੁਲਸ ਨੇ ਲਾਪਤਾ ਵਿਅਕਤੀ ਨੂੰ ਤਿੰਨ ਘੰਟਿਆਂ 'ਚ ਲੱਭ ਲਿਆ



**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)** ਥਾਣਾ ਚੱਬੇਵਾਲ ਪੁਲਸ ਵੱਲੋਂ ਲਾਪਤਾ ਹੋਏ ਵਿਅਕਤੀ ਨੂੰ ਤਿੰਨ ਘੰਟਿਆਂ ਵਿੱਚ ਲੱਭ ਕੇ ਵਾਰਸਾਂ ਹਵਾਲੇ ਕੀਤਾ ਗਿਆ। ਮਿਲੀ ਜਾਣਕਾਰੀ ਮਤਾਬਿਕ ਬੀਤੀ ਰਾਤ ਇੰਦਰਵੀਰ ਸਿੰਘ ਪੁੱਤਰ ਮਹਾਂਵੀਰ ਸਿੰਘ ਵਾਸੀ ਤਾਜੇਵਾਲ ਜ਼ਿਲ੍ਹਾ ਹੁਸ਼ਿਆਰਪੁਰ ਜੋ ਕਿਸੇ ਗੱਲੋਂ ਘਰੋ ਨਰਾਜ ਹੋ ਕੇ ਰਾਤ 9-00 ਵਜੇ ਦੇ ਕਰੀਬ ਕਿਤੇ ਚਲੇ ਗਿਆ ਸੀ। ਜਿਸਦੀ ਇਤਲਾਹ ਥਾਣਾ ਚੱਬੇਵਾਲ ਦਿੱਤੀ ਗਈ ਸੀ। ਜਿਸ 'ਤੇ ਪੁਲਸ ਵੱਲੋਂ ਲਾਪਤਾ ਹੋਏ ਵਿਆਕਤੀ ਦੀ ਮੋਬਾਇਲ ਫੋਨ ਲੁਕੇਸ਼ਨ ਲੈ ਕੇ ਇੰਦਰਜੀਤ ਸਿੰਘ ਨੂੰ ਤਿੰਨ ਘੰਟਿਆਂ ਵਿੱਚ ਬ੍ਰਾਮਦ ਕਰ ਲਿਆ ਅਤੇ ਵਾਰਸਾਂ ਦੇ ਹਵਾਲੇ ਕਰ ਦਿੱਤਾ । ਪੁਲਸ ਦੇ ਇਸ ਕਾਰਜ ਦੀ ਇਲਾਕੇ ਵਿੱਚ ਬਹੁਤ ਸ਼ਲਾਘਾ ਕੀਤੀ ਜਾ ਰਹੀ ਹੈ।

# ਰੋਪੜ 'ਚ ਪ੍ਰਕਾਸ਼ ਸਿੰਘ ਬਾਦਲ ਦਾ ਜਨਮ ਦਿਹਾੜਾ ਸਦਭਾਵਨਾ ਦਿਵਸ ਵਜੋਂ ਮਨਾਇਆ ਜਾਵੇਗਾ: ਡਾ. ਚੀਮਾ

**ਨੂਰਪੁਰ ਬੇਦੀ, (ਸੁਰਜੀਤ ਸਿੰਘ ਕਾਹਲੋਂ)**

ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਸਾਲ 8 ਦਸੰਬਰ ਨੂੰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਜਨਮ ਦਿਹਾੜਾ ਸਦਭਾਵਨਾ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ। ਹਰ ਵਿਧਾਨ ਸਭਾ ਹਲਕੇ ਵਿਚ ਸਵੇਰੇ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਤੇ ਉਸ ਉਪਰੰਤ ਵਿਸ਼ਾਲ ਖੂਨਦਾਨ ਕੈਂਪ ਲਗਾਏ ਜਾਣਗੇ। ਰੋਪੜ ਵਿਧਾਨ ਸਭਾ ਹਲਕੇ ਦਾ ਪ੍ਰੋਗਰਾਮ ਗੁਰਦੁਆਰਾ ਭੱਠਾ ਸਾਹਿਬ ਵਿਖੇ ਹੋਵੇਗਾ, ਜਿਥੇ ਸਵੇਰੇ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਤੇ ਉਸ ਉਪਰੰਤ ਵਿਸ਼ਾਲ ਖੂਨਦਾਨ ਕੈਂਪ ਲਗਾਏ ਜਾਣਗੇ। ਇਥੇ ਗੁਰਦੁਆਰਾ ਬਾਨਗੜ੍ਹ ਸਾਹਿਬ ਵਿਖੇ ਇਹ ਪ੍ਰਗਟਾਵਾ ਸਾਬਕਾ ਸਿੱਖਿਆ ਮੰਤਰੀ ਡਾ. ਚੀਮਾ ਨੇ ਕੀਤਾ। ਪੰਜ ਰਾਜਾਂ ਦੀਆਂ ਚੋਣਾਂ ਬਾਰੇ ਸਵਾਲ ਦੇ ਜਵਾਬ ਵਿਚ ਚੀਮਾ ਨੇ ਕਿਹਾ ਕਿ ਇਹਨਾਂ ਪੰਜਾਂ ਸੂਬਿਆਂ ਦੀਆਂ ਚੋਣਾਂ ਨੇ ਸਾਬਤ ਕੀਤਾ ਹੈ ਕਿ ਆਪ ਦੀ ਝੂਠ ਤੇ ਗੁੰਮਰਾਹਕੁੰਨ ਪ੍ਰਚਾਰ ਤੇ ਝੂਠੇ ਵਾਅਦਿਆਂ ਦੀ ਰਾਜਨੀਤੀ ਨੂੰ ਲੋਕਾਂ ਨੇ ਰੱਦ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਆਪ ਦੇ ਮੁਖੀ ਅਰਵਿੰਦ ਕੇਜਰੀਵਾਲ ਦਾ ਕੌਮੀ ਆਗੂ ਬਣਨ ਦਾ ਸੁਫਨਾ ਲੋਕਾਂ ਨੇ ਚਕਨਾਚੂਰ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਹੁਣ ਤਾਂ ਕੇਜਰੀਵਾਲ ਨੂੰ ਨੈਤਿਕ ਤੌਰ 'ਤੇ ਅਸਤੀਫਾ ਦੇ ਦੇਣਾ ਚਾਹੀਦਾ ਹੈ। ਕਾਂਗਰਸ ਵੱਲੋਂ ਲੋਕਾਂ ਨੂੰ ਜਾਤ-ਪਾਤ ਦੇ ਆਧਾਰ 'ਤੇ ਵੰਡ ਕੇ ਸਮਾਜ ਨੂੰ ਪਾੜ ਕੇ ਵੋਟਾਂ ਲੈਣ ਦੇ ਯਤਨਾਂ ਨੂੰ ਵੀ ਲੋਕਾਂ ਨੇ ਰੱਦ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਪਹਿਲਾਂ ਕਾਂਗਰਸ ਧਰਮਾਂ ਦੇ ਆਧਾਰ 'ਤੇ ਲੋਕਾਂ ਨੂੰ ਵੰਡਦੀ ਰਹੀ ਹੈ ਤੇ ਹੁਣ ਜਾਤੀ ਸਰਵੇਖਣ ਕਰਵਾ ਕੇ ਲੋਕਾਂ ਨੂੰ ਵੰਡਣ ਦੀ ਕੋਸ਼ਿਸ਼ ਕਰ ਰਹੀ ਸੀ ਜਿਸਨੂੰ ਦੇਸ਼ ਦੇ ਸਮਝਦਾਰ ਲੋਕਾਂ ਨੇ ਰੱਦ ਕਰ ਦਿੱਤਾ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਗੁਰਿੰਦਰ ਸਿੰਘ ਗੋਗੀ, ਅਮਰਜੀਤ ਸਿੰਘ ਚਾਵਲਾ ਐਸ.ਜੀ.ਪੀ.ਸੀ ਮੈਂਬਰ, ਮੋਹਣ ਸਿੰਘ ਡੂਮੇਵਾਲ, ਜਰਨੈਲ ਸਿੰਘ ਔਲਖ, ਸਵਰਨਜੀਤ ਸਿੰਘ ਬੌਬੀ ਬਹਾਦਰਪੁਰ, ਮੁਨੀਸ਼ ਪੁਰੀ ਨੂਰਪੁਰ ਬੇਦੀ, ਰਣਜੀਤ ਸਿੰਘ ਢੀਡਸਾ, ਮਹਿੰਦਰਪਾਲ ਸਿੰਘ, ਗੋਪਾਲ ਚੰਦ ਸੈਣੀ ਮਾਜਰਾ, ਹਰਜਿੰਦਰ ਸਿੰਘ ਭਾਉਵਾਲ, ਲੇਖ ਰਾਜ ਬਾਲੇਵਾਲ, ਬਿੱਕਰ ਸਿੰਘ ਧਮਾਣਾ, ਮਲਕੀਤ ਸਿੰਘ ਢਾਹਾ, ਅਮਰੀਕ ਸਿੰਘ ਢਾਹਾ, ਸ਼ੀਤਲ ਸਿੰਘ ਅਬਿਆਣਾ, ਸਤਨਾਮ ਸਿੰਘ ਝੱਜ, ਬਾਬਾ ਰਵਿੰਦਰਪਾਲ ਸਿੰਘ ਅਸਮਾਨਪੁਰ, ਰਣਜੀਤ ਸਿੰਘ ਮੁਕਾਰੀ, ਹਰਕੇਤ ਸਿੰਘ ਕੋਲਾਪੁਰ, ਹੇਮਰਾਜ ਝਾਡੀਆ, ਚੌਧਰੀ ਭਜਨ ਲਾਲ ਕਾਂਗੜ, ਬਾਬੂ ਹਰੀ ਕ੍ਰਿਸ਼ਨ ਰੈਸੜਾ, ਮਹਿੰਦਰਪਾਲ ਭੂੰਬਲਾ, ਬਲਰਾਜ ਕੰਨਗੋ, ਕੁਲਜਿੰਦਰ ਸਿੰਘ ਲਾਲਪੁਰ, ਪ੍ਰੇਮ ਚੰਦ ਰਾਮਪੁਰ, ਹੁਸਨ ਚੰਦ ਮਠਾਣ, ਦੇਵ ਰਾਜ ਖਟਾਣਾ, ਗੁਰਦੀਪ ਸਿੰਘ ਬਟਾਰਲਾ, ਕੇਸਰ ਸਿੰਘ ਮੁਸਾਪੁਰ, ਕਰਨੈਲ ਸਿੰਘ ਆਜਮਪੁਰ, ਜਸਵੀਰ ਸਿੰਘ, ਡਾ. ਬਲਵੀਰ ਸਿੰਘ ਸਮੀਰੋਵਾਲ, ਨਿਰਮਲ ਸਿੰਘ ਸੰਦੋਆ, ਸੁਰਿੰਦਰ ਸਿੰਘ ਰੂੜੇਵਾਲ, ਧਰਮਪਾਲ ਰੂੜੇਵਾਲ, ਭਾਰਤ ਭੂਸ਼ਣ ਹੈਪੀ ਆਜਮਪੁਰ, ਸੁਖਵੀਰ ਸਿੰਘ ਕਲਵਾਂ, ਜਸਵੀਰ ਸਿੰਘ ਕਰਤਾਰਪੁਰ, ਅਮਰਜੀਤ ਸਿੰਘ ਸਮੀਰੋਵਾਲ, ਚਰਨ ਸਿੰਘ, ਧਰਮ ਚੰਦ ਟਿੱਬਾ ਟੱਪਰੀਆਂ, ਪੋਲੂ ਰਾਮ ਹਿਆਤਪੁਰ, ਮੋਹਣ ਸਿੰਘ ਭੋਗੀਪੁਰ, ਦਿਲਵਰ ਸਿੰਘ ਭੱਟੋਂ, ਨਿਰਮਲ ਸਿੰਘ ਨਿੰਮਾ ਬੜੀਵਾਲ, ਜਸਵਿੰਦਰ ਸਿੰਘ ਸਾਉਪੁਰ, ਬਲਵੰਤ ਸਿੰਘ ਸਾਉਪੁਰ, ਮੁਖਤਿਆਰ ਸਿੰਘ, ਰਾਮ ਸਿੰਘ, ਸੋਹਣ ਸਿੰਘ ਫੁਕਾਪੁਰ, ਭਜਨ ਸਿੰਘ ਸਿੰਘਪੁਰ, ਅਵਤਾਰ ਸਿੰਘ ਸੰਘਾ, ਜਸਵੀਰ ਸਿੰਘ ਕੰਭੇਵਾਲ, ਕਰਨੈਲ ਸਿੰਘ ਬਸੀ, ਤੇਜਿੰਦਰ ਸਿੰਘ ਹੀਰਪੁਰ, ਅਤੇ ਗੁਰਦੇਵ ਸਿੰਘ ਆਦਿ ਵੀ ਸ਼ਾਮਿਲ ਸਨ।

